Monthly

ਮਾਨਵੀ ਪਰਚਮ ਨੂੰ ਸਿਦਕ ਦਿਲੀ ਨਾਲ ਬੁਲੰਦ ਰੱਖਣ ਦਾ ਹਸਤਾਖਰ

Bilingual

# ਦਾ ਪੰਜਾਬ ਹੈਰਲਡ

# The Punjab Herald




Chief Editor & Publisher - Dr.Avtar S.Sangha B.A.Hons., M.A., Ph.D.(English)-India | Graduate Dip. In Edu. - English & History (NSW) Certificate IV Course in Trg. & Assess. (TAFE)-Australia

Free Copy

Edition - (82) Dec. 2020, Sydney, Canberra, Coffs Harbour & Melbourne, Phone - 0437641033 , Email - thepunjabherald1@gmail.com




I hope your holiday season is full of peace, joy and happiness.

The Editor

English Pages: 31- 40

SINGH TRUCK DRIVING SCHOOL



Get your truck licence for MR,HR, HC or MC classes.

One day courses Available

Friendly trainer speaks Punjabi, Hindi and English.

Established 2012



CALL JATINDER SINGH : 0433572723

TULI JEWELLERS

yours forever

The Glittering Symbol of Power & Strength





Design, Manufacture & Remodel

22ct., 18ct., 9ct. (Yellow & white Gold), Diamond & Gold Jewellery, Opals, Pearls & Silver Jewellery, Birth Stones, Gems Engagement Rings & Bridal Jewellery, Astrological Advice, Insurance 'n' Evaluation, Gifts 'n' Baby Showering

Custom Made Jewellery

TULI JEWELLERS PTY. LTD.

79, Marion Street Harris Park - 2150, Ph: 9635 5994 Mob: 0422 401 199


International
Visa Advisers
Migration & Education Advisers
Migration Services
•482 TSS Visa
• Partner Visa
• Business Visa
• 186 ENS Visa
• 500 Student Visa
• Parent Visa
• 491 & 494 Regional Area Visas
Education Services
Free Admission Services in Any College/ University in Australia
HARJINDER CHOUHAN
0403 430 987
MARN : 0956110
QEAC : D034
GURBINDER BRAR
0451011878
QEAC : 0837
E: info@visaadvisers.com.au | www.visaadvisers.com.au
Sydney
1 Boys Avenue Blacktown NSW 2148
(Ground Floor - Altitude Tower) T :02 8814 8888
Melbourne
Level 21, North Tower 459 Collins St.
Email: brar@visaadvisers.com.au


Happy New Year and Merry Christmas !
PUNJAB AUTO CARE
PUNJAB
All Mechanical Repairs
Service All Makes & Models
Log Book Service
Under warranty Service
New Tyres & Wheel Balancing
Pink Slip (e-Safety Check)
Jagdeep Singh (Jagga)
0425 436 229
Safety Check
3/6 Kibble Place Narellan,
NSW-2567
(Near Oran Park)

Dreamz to Reality Loans

# DREAMZ TO REALITY LOANS



RAJESH BHATIA
MORTGAGE BROKER
MOB : 0430 821 823

MERRY christmas and HAPPY NEW YEAR

## HOME LOAN EXPERT

## Specialised in...

* Home Loans
* Investment Property Loans
* Land & Construction Loans
* Refinancing
* Debt Consolidation
* Car, Business & Personal loans
* Risk Insurances

## HOME BUILDER GRANT EXTENSION

- Eligible owner occupiers who sign contracts between 1 January - 31 March 2021 will receive $15,000 Homebuilder Grant!
- NEW property price cap threshold increased to $950,000! (NSW)
- Construction commencement deadline will be extended from 3 months to 6 months for all eligible contracts signed on or after 4 June 2020

## SAVING FOR FIRST HOME BUYERS

UPTO $50,000*

Take Advantage of
1. Home Builder Grant $25,000
2. Frist Home Owner Grant $10,000
3. Stamp duty exemptions

*T & C Apply

bankwest nab ANZ citibank Westpac FASTLEND ING BANK SUNCORP BANK Heritage Bank st.george LIBERTY BANK pepper money Virgin money

## CASHBACK

REFINANCE UPTO $4000

*T & C Apply

## SPECIAL INTEREST RATE*

* CONDITIONS APPLY.

**OWNER OCCUPIED RATES**

1.84% fixed for 4 years, Principal & Interest Re-payments
2.19% Variable rate, Principal & Interest Re-payments*

**INVESTMENT RATE**

2.49% fixed for 2 years Principal & Interest Re-payments

E : raj@dtrloans.com.au
W: dtrloans.com.au
Address : 1/15 Flushcombe Road Blacktown NSW 2148

FAST Accredited Member

Rajesh Bhatia is a credit representative (CRN 486345) of BLSSA Pty Ltd (ACL No: 381237)



# CHOOSE YOUR LAND, BUILD YOUR DREAM HOME

ATTENTION FIRST HOME BUYERS & INVESTORS



Merry Christmas

HOME & LAND PACKAGES

BOX HILL
RIVERSTONE
SCHOFIELDS
MARSDEN PARK
ROUSE HILL
COLEBEE
ORAN PARK
AUSTRAL
LEPPINGTON
GREGORY HILLS

INVEST IN BOOMING SUBURBS



CONTACT FOR MORE ENQUIRES ▶

SANJAY SAKI - 0432 838 919

Waratah Estate Agents

AGENCY OF THE YEAR
2018 & 2019 SCHOFIELDS
2018 & 2020 MARSDEN PARK

ROYALZ
Blinds & Shutters

We supply high quality blinds and shutters for your interior at reasonable prices because we value your privacy.

Services
Roller blinds , Vertical Blinds , Shutters , outdoor awnings , Kids Roller Blinds , Curtains and Many more .

Call For Free Estimate
SIMRAN DHALIWAL
0405800009
0490077457

hello@royalzblindsandshutters.com.au
www.royalzblindsandshutters.com.au

Brahman Road Boxhill NSW 2765






HDT DRIVE NOW
Hitech driver training

WE PROVIDE TRAINING AND ASSESSMENT
No RMS test required
HEAVY RIGID, HEAVY COMBINATION
MULTI COMBINATION ,
ROAD TRAIN and BUS AUTHORITY

Automatic and Road Ranger gear box Refresher course





Pinder Punia
0450 000 036



Sunny Mander
0414 447 451



Preet Dhadli
0452 225 890

Please contact us for more information

Find us on

Website www.hitechdrivertraining.com
Email info@hitechdrivertraining.com
Admin@hitechdrivertraining.com

# ਇਹ ਲੜਾਈ ਬਹੁਤ ਵਿਸ਼ਾਲ ਹੈ !

ਐੱਸ ਪੀ ਸਿੰਘ

ਘੰਟਿਆਂ-ਬੱਧੀ, ਰਾਤ ਦਿਨ ਮੁਹਾਜ਼ 'ਤੇ ਡਟੇ ਕਿਸਾਨਾਂ ਮਜ਼ਦੂਰਾਂ ਨੂੰ ਵੇਖ ਅਤੇ ਟੀਵੀ ਦੀਆਂ ਗਰਮਾ-ਗਰਮ ਬਹਿਸਾਂ ਜਾਂ ਅਖ਼ਬਾਰਾਂ ਵਿੱਚ ਦਾਨਿਸ਼ ਤਬਸਰੇ ਪੜ੍ਹ ਕਿਸੇ ਨੂੰ ਓਪਰੀ ਨਜ਼ਰੇ ਇਹ ਭਾਸ ਸਕਦਾ ਹੈ ਕਿ ਫ਼ਸਲਾਂ ਦੇ ਵਾਜਬ ਭਾਅ, ਘੱਟੋ-ਘੱਟ ਖ਼ਰੀਦ ਮੁੱਲ ਬਾਰੇ ਕਿਸੇ ਕਾਨੂੰਨੀ ਚਾਰਾਗੋਈ ਨੂੰ ਲੈ ਕੇ ਜਾਂ ਖੇਤੀ-ਸਬੰਧਿਤ ਹਾਲੀਆ ਕੇਂਦਰੀ ਬਿਲਾਂ ਤੋਂ ਖ਼ੌਫਜ਼ਦਾ ਹੋ ਕੇ ਇਸ ਕਿੱਤੇ ਨਾਲ ਜੁੜੇ ਲੋਕ ਸੜਕਾਂ 'ਤੇ ਨਿਕਲ ਪਏ ਹਨ, ਦਿੱਲੀ ਦਰਬਾਰ ਸਾਹਵੇਂ ਅਹਿਤਜਾਜ ਕਰਨਾ ਲੋਚ ਰਹੇ ਹਨ, ਪਰ ਇਹ ਸਮਝ ਨਾ ਕੇਵਲ ਮਹਿਦੂਦ ਬਲਕਿ ਕਿਸਾਨ-ਮਜ਼ਦੂਰ ਘੋਲ ਦੀ ਮਸਨੂਈ ਰੂਪਕਾਰੀ ਹੋਵੇਗੀ। ਮਸਲਾ ਕੇਂਦਰ ਦੇ ਖੇਤੀ ਕਾਨੂੰਨਾਂ ਤੋਂ ਕਿਤੇ ਵਡੇਰਾ ਹੈ।

ਠਾਠਾਂ ਮਾਰਦਾ ਜੋਸ਼, ਖਾਈਆਂ ਪੂਰਦਾ ਹਜੂਮ, ਰੋਕਾਂ ਪੁੱਟ ਦਰਿਆ ਵਿੱਚ ਸੁੱਟਦਾ ਕਾਫ਼ਲਾ ਅਤੇ ਪੱਥਰਾਂ ਨੂੰ ਸੰਗਲ਼ ਮਾਰ ਬੁੜ੍ਹਕਾਉਂਦੀ ਅਤੇ ਟਰੈਕਟਰਾਂ-ਟਰਾਲੀਆਂ ਅਤੇ ਧਰਮੀ ਰੋਹ ਦੇ ਬੁੱਲ੍ਹਿਆਂ 'ਤੇ ਸਵਾਰ ਖਲਕਤ ਪਾਣੀ ਦੀਆਂ ਤੋਪਾਂ ਤੇ ਜ਼ਹਿਰੀਲੀਆਂ ਗੈਸਾਂ ਦੀਆਂ ਹਨ੍ਹੇਰੀਆਂ ਦੀ ਹਿੱਕ ਚੀਰ ਇਸ ਲਈ ਅੱਗੇ ਨਹੀਂ ਵਧਦੀ ਕਿ ਕਿਸੇ ਨੇ ਉਹਦਾ ਖੀਸਾ ਕੱਟ ਲਿਆ ਹੈ। ਚੌਂਹ ਛਿੱਲੜਾਂ ਦੇ ਘਾਟੇ ਕਦੀ ਸੰਗਤ ਵਿਚ ਇਨ੍ਹਾਂ ਨੂਰ ਨਹੀਂ ਭਰ ਸਕਦੇ ਕਿ ਉਹ ਹਾਕਮ ਦਾ ਗਰੂਰ ਭੰਨਣ ਤੁਰ ਪਵੇ, ਦਿੱਲੀ ਨੂੰ ਇਉਂ ਵੰਗਾਰੇ। ਇਹ ਸਭ ਤਾਂ ਵਕਤੀ ਕਾਰਨ ਹਨ, ਰੱਬੀਂ ਬਣੇ ਬਹਾਨੇ ਹਨ। ਦਰਅਸਲ ਇਸ ਹਾਲੀਆ ਘਟਨਾਕ੍ਰਮ ਪਿੱਛੇ ਬਹੁਤ ਸਾਰੇ ਵਰਤਾਰੇ ਪਏ ਹਨ ਜਿਨ੍ਹਾਂ ਦੀ ਨਿਸ਼ਾਨਦੇਹੀ ਕਰਨੀ ਜ਼ਰੂਰੀ ਹੈ।

ਇੱਕ ਲੰਬੇ ਸਮੇਂ ਤੋਂ ਹਾਕਮ ਨੇ ਗ਼ਰੂਰ ਨਾਲ ਪੀਡਾ ਰਿਸ਼ਤਾ ਰਚ ਰੱਖਿਆ ਸੀ। ਕਿਹੜਾ ਕੀ ਖਾਵੇ, ਕਿਸ ਨਾਲ ਵਿਆਹ ਕਰਾਵੇ, ਕਿਹੜਾ ਧਰਮ ਅਪਣਾਵੇ, ਸਭ ਹਾਕਮ ਹੀ ਤੈਅ ਕਰ ਰਿਹਾ ਸੀ। ਤੁਹਾਡੀਆਂ ਗਲੀਆਂ, ਬਾਜ਼ਾਰਾਂ, ਚੌਕਾਂ, ਸ਼ਹਿਰਾਂ, ਰੇਲਵੇ 'ਟੇਸ਼ਨਾਂ, ਹਵਾਈ ਅੱਡਿਆਂ ਦੇ ਨਾਮ ਕਿਸ ਨੂੰ ਮਨਸੂਖ ਹੋਣਗੇ, ਇਹ ਇਲਾਹੀ ਫੁਰਮਾਨ ਉਹਦੇ ਢੋਲੀ ਦੱਸਦੇ ਸਨ। ਕੁਸਕਣ ਵਾਲਿਆਂ ਦੀ ਸਰੇਰਾਹ ਦੁਰਗਤ ਦੀਆਂ ਫ਼ਿਲਮਾਂ ਵਾਇਰਲ ਹੁੰਦੀਆਂ ਤਾਂ ਇਨਸਾਫ਼ ਦੀ ਚੱਕੀ ਦੇ ਪੁੜ ਜੰਮ ਜਾਂਦੇ ਪਰ ਹਾਕਮਾਂ ਦੇ ਜ਼ੁਲਮ ਦਾ ਪਰਚਮ ਹੋਰ ਬੁਲੰਦ ਹੁੰਦਾ।

ਲੰਬੇ ਸਮੇਂ ਤੋਂ ਭੈਅ ਅਤੇ ਸਹਿਮ ਦੀ ਜ਼ਮੀਨ ਤਿਆਰ ਕੀਤੀ ਜਾ ਰਹੀ ਸੀ, ਚੁੱਪ ਦੀ ਭਗਵੀ ਚਾਦਰ ਵਿਛਾਈ ਜਾ ਰਹੀ ਸੀ। ਹਾਕਮ ਦੇ ਮੁਖ਼ਾਲਿਫ਼ਾਂ ਉਤੇ ਦੇਸ਼ਧ੍ਰੋਹੀ ਦਾ ਗਿਲਾਫ਼ ਚੜ੍ਹਾਉਣ ਦੀ ਰੀਤ ਤੁਰ ਪਈ ਸੀ। ਸਰਮੁ ਧਰਮੁ ਦੁਇ ਛਪਿ ਖਲੋਏ ਤਾਂ ਹਾਕਮ ਨੇ ਡਰ ਨੂੰ ਆਪਣਾ ਹਥਿਆਰ ਬਣਾ ਲਿਆ। ਮੁਲਕ ਨੂੰ ਕੰਨੋ ਕੰਨ ਖ਼ਬਰ ਹੋ ਗਈ ਕਿ ਇਨ੍ਹਾਂ ਨੂੰ ਕਿਸੇ ਦੀ ਪਰਵਾਹ ਨਹੀਂ।

ਫਿਰ ਅਜਬ ਇੱਕ ਭਾਣਾ ਵਾਪਰਿਆ। ਜ਼ਹਿਰ ਦੀ ਖੇਤੀ ਕਰਨ ਵਾਲਿਆਂ ਅੰਨ ਦੀ ਖੇਤੀ ਕਰਨ ਵਾਲਿਆਂ ਦੇ ਹੱਕ ਨੂੰ ਹੱਥ ਪਾ ਲਿਆ। ਭਾਣੇ ਵਿੱਚ ਰਹਿਣ ਵਾਲਿਆਂ ਦੀ ਫ਼ਿਤਰਤ ਨੂੰ ਕਮਜ਼ੋਰੀ ਸਮਝ ਹਾਕਮ ਨੇ ਨਾਕੱਸ ਕਾਨੂੰਨਾਂ ਦੇ ਰੱਸੇ ਨਾਲ ਨੂੜਨ ਦਾ ਟੋਟਕਾ ਵਰਤਿਆ। ਅਖੇ ਦਿੱਲੀ ਆ ਜਾ, ਤੈਨੂੰ ਸਮਝਾਵਾਂਗੇ ਤੇਰਾ ਕਿੰਨਾ ਭਲਾ ਕੀਤਾ ਹੈ। ਦਿੱਲੀ 'ਚ ਸਮਝਾਉਣ ਦੀ ਸ਼ਕਤੀ ਜੋ ਬੜੀ ਏ; ਪਰ ਸਾਲ ਕਸ਼ਮੀਰ ਨੂੰ ਵੀ ਸਮਝਾ ਵੰਞਿਆ ਸੀ। ਸੋਚਿਆ ਹੋਣੈ ਕਿ ਦਰਬਾਰ ਤੱਕ ਆਉਂਦਿਆਂ ਸਭਨਾਂ ਦੀਆਂ ਜੁੱਤੀਆਂ ਤੇ ਗਰੂਰ ਘੱਸ ਜਾਂਦਾ ਏ, ਇਹਨਾਂ ਨੂੰ ਵੀ ਪਲੋਸ ਲਵਾਂਗੇ।



ਪਰ ਖ਼ਲਕਤ ਖੀਸਾ ਕੱਟਣ ਦੀ ਸ਼ਿਕਾਇਤ ਲੈ ਕੇ ਦਿੱਲੀ ਨੂੰ ਕੂਚ ਨਹੀਂ ਸੀ ਕਰ ਰਹੀ, ਉਹ ਤਾਂ ਇਨਸਾਨੀਅਤ ਨੂੰ ਪਿਆਰ ਕਰਨ ਵਾਲਿਆਂ ਦੀ ਆਵਾਜ਼ ਅਤੇ ਅਹਿਸਾਸ ਉਤੇ ਮਾਰੇ ਹਕੂਮਤੀ ਆਕੜ ਦੇ ਬੰਨ੍ਹ ਭੰਨਣ ਉੱਤੇ ਉਤਰ ਆਈ ਸੀ। ਚਿਰ ਬਾਅਦ ਦੇਸ਼ ਨੇ ਦੇਖਿਆ ਕਿ ਗ਼ਰੂਰ ਤੋੜਿਆ ਜਾ ਸਕਦਾ ਹੈ, ਚੜ੍ਹ ਕੇ ਪਾਣੀ ਵਾਲੀ ਤੋਪ ਉੱਤੇ ਜ਼ੁਲਮ ਦਾ ਨੱਕਾ ਮੋੜਿਆ ਜਾ ਸਕਦਾ ਹੈ।

ਪੰਜਾਬ ਅਤੇ ਹਰਿਆਣਾ ਨੇ ਨਵੀਆਂ ਸਾਂਝਾਂ ਪਾਈਆਂ ਨੇ, ਪੁਰਾਣੀਆਂ ਲੱਭੀਆਂ ਨੇ। ਸ਼ਰੀਕੇ ਦੀ ਥਾਂ ਇਨਸਾਫ਼ ਦੀ ਲੜਾਈ ਵਿੱਚ ਮੁਸ਼ਤਰਕਾ ਸ਼ਰੀਕ ਹੋਏ ਨੇ। ਇਹਨਾਂ ਰੂਹਦਾਰੀਆਂ ਨੇ ਮੁਖ਼ਾਲਫ਼ਤ ਦੀ ਵਿਆਕਰਣ ਬਦਲ ਕੇ ਰੱਖ ਦਿੱਤੀ ਹੈ। ਹਾਕਮ ਖ਼ਿਲਾਫ਼ ਨਾਅਰਾ ਮਾਰਨ ਤੋਂ ਪਹਿਲਾਂ ਫਲਾਣੇ ਤੋਂ ਇਜਾਜ਼ਤ ਲਵੋ, ਧਰਨੇ ਵਾਲੀ ਦਰੀ ਫਲਾਣੇ ਸ਼ਮਸ਼ਾਨਘਾਟ ਕੋਲ ਵਿਛਾਓ, ਅੱਜ ਕਰੋਨਾ ਨੂੰ ਬੁਲਾਇਆ ਹੈ, ਤੁਸੀਂ ਕੱਲ ਨੂੰ ਆਓ – ਇਸ ਪਾਖੰਡਬਾਜ਼ੀ ਨੂੰ ਬੰਨ੍ਹ ਮਾਰ ਦਿੱਤਾ ਹੈ।

ਲੜਾਈ ਖੇਤੀ ਕਾਨੂੰਨਾਂ ਤੋਂ ਬਹੁਤ ਵਡੇਰੀ ਹੈ। ਇਹ ਦੇਸ਼ ਵਿਚ ਨਿਆਂ-ਫਰਹਾਮੀ ਅਤੇ ਵਿਕਾਸ ਬਾਰੇ ਸਮਝਸਾਜ਼ੀ ਅਤੇ ਸਮਝ-ਤਰਾਸ਼ੀ ਦੀ ਲੜਾਈ ਹੈ। ਅਸੀਂ ਮਸ਼ੀਨੀ ਤੇਜ਼ੀ ਨਾਲ ਨਵੀਆਂ ਗ਼ੈਰ-ਬਰਾਬਰੀਆਂ ਦੀ ਦਲਦਲ ਵਿੱਚ ਫਸਦੇ ਜਾ ਰਹੇ ਹਾਂ। ਇਕ ਪਾਸੇ ਸੱਤਾ ਅਤੇ ਸੰਪਤੀ ਦਾ ਲਗਾਤਾਰ ਕੇਂਦਰੀਕਰਨ ਅਤੇ ਦੂਜੇ ਪਾਸੇ ਸਿਹਤ, ਸਿੱਖਿਆ, ਰੁਜ਼ਗਾਰ ਅਤੇ ਨਿਆਂ ਤੋਂ ਅਵਾਜ਼ਾਰ ਨਾਗਰਿਕ – ਸਾਡੀ ਰਾਜਨੀਤਕ ਜ਼ਮੀਨ ਵਿਚਲਾ ਹਰ ਘੋਲ ਹੁਣ ਗ਼ੈਰ-ਬਰਾਬਰੀ ਦੀ ਪਰਿਭਾਸ਼ਾ ਹੈ। ਦਿੱਲੀ ਦੇ ਬਾਰਡਰ 'ਤੇ ਅੱਜ ਨਾਬਰਾਬਰੀਆਂ ਖ਼ਿਲਾਫ਼ ਐਲਾਨ-ਏ-ਜੰਗ ਦੇ ਬਿਗਲ ਵੱਜ ਰਹੇ ਹਨ। ਇਹ ਖੀਸੇ ਦੇ ਚੌਂਹ ਛਿੱਲੜਾਂ ਦੇ ਨਹੀਂ, ਨਾਗਰਿਕਾਂ ਦੀ ਹੋਂਦ ਦੇ ਸਵਾਲ ਹਨ।

ਸੱਠਵਿਆਂ ਦੇ ਕਿਸੇ ਸਬਜ਼ ਇਨਕਲਾਬ ਨੇ ਇਸੇ ਸੁਰਖ ਮੁਹਾਜ਼ 'ਤੇ ਲਿਆ ਘੱਤਣਾ ਸੀ। ਇਨ੍ਹਾਂ ਬੀਤੇ ਸਾਲਾਂ ਵਿੱਚ ਸਾਡੇ ਜੀਵਨ, ਸਮਾਜ ਅਤੇ ਸੰਸਾਰ ਵਿੱਚ ਆਈਆਂ ਤਬਦੀਲੀਆਂ ਬਾਰੇ ਸਕੂਲੀ ਬੱਚਿਆਂ ਦੇ ਲਘੂ-ਨਿਬੰਧਾਂ ਤੋਂ ਲੈ ਕੇ ਨੋਬੇਲ ਇਨਾਮਯਾਫ਼ਤਾ ਅਰਥਸ਼ਾਸਤਰੀਆਂ ਅਤੇ ਸਮਾਜਿਕ ਵਿਗਿਆਨੀਆਂ ਦੀਆਂ ਬੇਅੰਤ ਕਿਤਾਬਾਂ ਵਿਚ ਜਿਸ ਮਸ਼ੀਨੀ ਰਫ਼ਤਾਰ ਨਾਲ ਬਦਲਦੀਆਂ ਹਕੀਕਤਾਂ ਦਾ ਜ਼ਿਕਰ ਤੁਸਾਂ ਪੜ੍ਹਿਆ ਹੈ, ਆਉਣ ਵਾਲੇ ਸਮੇਂ ਵਿੱਚ ਇਸ ਤੋਂ ਵੀ ਵਧੇਰੇ ਤੇਜ਼ੀ ਨਾਲ ਸਾਡੀ ਆਰਥਿਕਤਾ, ਖੇਤੀ, ਵਪਾਰ, ਵਿਗਿਆਨ ਅਤੇ ਜੀਵਨਸ਼ੈਲੀ ਬਦਲਣ ਵਾਲੀ ਹੈ।

ਨਵੀਆਂ ਹਕੀਕਤਾਂ ਦੇ ਸਨਮੁੱਖ ਹੋਣ ਲਈ ਜ਼ਮੀਨ ਉੱਤੇ ਬਹੁਤ ਕੁਝ ਬਦਲ ਜਾਵੇਗਾ। ਵਾਤਾਵਰਨ ਤਬਦੀਲੀ ਦੇ ਮੱਦੇਨਜ਼ਰ ਵੀ ਵੱਡੇ ਬਦਲਾਓ ਆਉਣਗੇ। ਇਨ੍ਹਾਂ ਸਭ ਲਈ ਵੱਡੇ ਪੱਧਰ 'ਤੇ ਕਾਨੂੰਨਸਾਜ਼ੀ ਹੋਣੀ ਹੈ। ਨਵੀਆਂ ਹਕੀਕਤਾਂ ਨਾਲ ਸਿੱਝਣ ਵਾਲੇ ਘਰ, ਮੁਹੱਲੇ, ਪਿੰਡ, ਸ਼ਹਿਰ ਕਿਹੋ ਜਿਹੇ ਹੋਣਗੇ, ਇਸ ਬਾਰੇ ਨਵੀਂਆਂ ਸਮਝਾਂ ਬਣ ਰਹੀਆਂ ਹਨ। ਭਵਿੱਖ ਵਿੱਚ ਇਹਨਾਂ ਬਦਲਾਵਾਂ ਦੇ ਮੱਦੇਨਜ਼ਰ ਮੁਲਕਾਂ ਦੇ ਆਪਸੀ ਰਿਸ਼ਤੇ ਇਨਕਲਾਬੀ ਤੇਜ਼ੀ ਨਾਲ ਬਦਲ ਰਹੇ ਹਨ। ਜੇ ਸਾਊਦੀ ਅਰਬ ਦੇ ਇਜ਼ਰਾਈਲ ਨਾਲ ਹੱਥ ਮਿਲਾਉਣ ਬਾਰੇ ਜੁਆਰੀਆਂ ਨੇ ਜੂਆ ਖੇਡਣਾ ਸ਼ੁਰੂ ਕਰ ਦਿੱਤਾ ਹੈ ਤਾਂ ਤੁਸੀਂ ਕਿਸ ਹਕੀਕਤ ਨੂੰ ਹਤਮੀ ਸਮਝ ਰਹੇ ਹੋ, ਕਿਸ ਵਰਤਾਰੇ ਨੂੰ ਸਦੀਵੀ ?

ਜੇ ਅੱਜ ਕੌਤਕ ਵਰਤ ਹੀ ਜਾਵੇ, ਸਿੰਘੂ ਬਾਰਡਰ 'ਤੇ ਆ ਕੇ ਕੋਈ ਹਿਰਦੇ-ਸਮਰਾਟ ਐੱਮਐੱਸਪੀ ਦੀ ਗਾਰੰਟੀ ਦਾ ਐਲਾਨ ਕਰ ਵੀ ਦੇਵੇ ਤਾਂ ਵੀ ਕੋਈ ਜਿੱਤ ਸਦੀਵੀ ਨਾ ਸਮਝਿਓ। ਇਹ ਮੁਸ਼ੱਕਤ ਅਸਲ ਵਿੱਚ ਆਉਣ ਵਾਲੇ ਘੋਲਾਂ ਵਿਚ ਆਪਣੀ ਹੋਂਦ ਨੂੰ ਬਣਾਈ ਰੱਖਣ ਦੀ ਲੜਾਈ ਹੈ ਤਾਂ ਜੋ ਜਿਵੇਂ ਜਿਵੇਂ ਨਵੀਆਂ ਭਵਿੱਖੀ ਹਕੀਕਤਾਂ ਨਾਲ ਸਿੱਝਣ ਲਈ ਕਾਨੂੰਨ ਬਣਨ, ਵਪਾਰ ਦੇ ਢੰਗ ਬਦਲਣ, ਮੰਡੀਆਂ ਦੀ ਬਣਤਰ ਬਦਲੇ, ਖੇਤੀ ਵਣਜ ਵਪਾਰ ਦੀ ਧਰਾਤਲ ਬਦਲੇ ਤਾਂ ਸਰਕਾਰਾਂ ਅਤੇ ਹਾਕਮਾਂ ਉੱਤੇ ਇਹ ਆਇਦ ਹੋਵੇ ਕਿ ਉਹ ਨਾਗਰਿਕਾਂ ਨੂੰ ਅਹਿਤਮਾਦ ਵਿਚ ਲੈਣ, ਉਨ੍ਹਾਂ ਨੂੰ ਅਕਲਸਾਜ਼ੀ ਵਿੱਚ ਹਿੱਸੇਦਾਰ ਬਣਾਉਣ। ਹੱਲ-ਸਾਜ਼ੀ ਵਿੱਚ ਹਾਲੀ ਨੂੰ ਨਾਲ ਲੈ ਕੇ ਨਹੀਂ ਚੱਲੋਗੇ ਤਾਂ ਉਹ ਟਰੈਕਟਰ 'ਤੇ ਚੜ੍ਹ ਰਣਤੱਤੇ 'ਚ ਕੁੱਦਣ ਤੋਂ ਗੁਰੇਜ਼ ਨਹੀਂ ਕਰੇਗਾ।

ਵੈਸੇ ਇਹ ਨਗਾਰੇ ਸਿਰਫ਼ ਰਾਇਸੀਨਾ ਦੇ ਪਹਾੜ ਦੇ ਵਾਸੀਆਂ ਲਈ ਨਹੀਂ। ਬਾਕੀ ਅਦਾਰਿਆਂ ਨੂੰ ਵੀ ਕੰਨ ਹੋ ਜਾਣੇ ਚਾਹੀਦੇ ਹਨ। ਸਾਡੀਆਂ ਅਦਾਲਤਾਂ ਨੇ ਲੰਬੇ ਸਮੇਂ ਤੋਂ ਇਸ ਪਾਖੰਡ ਵਿੱਚ ਬੜਾ ਹਿੱਸਾ ਪਾਇਆ ਹੈ ਕਿ ਨਾਗਰਿਕਾਂ ਦੇ ਸਮੂਹ ਸੜਕਾਂ 'ਤੇ ਆਉਣ ਨਾਲ ਆਮ ਜ਼ਿੰਦਗੀ ਵਿੱਚ ਖ਼ਲਲ ਪੈ ਜਾਂਦਾ ਹੈ। ਜੇ ਕਾਨੂੰਨ ਆਪਣੀਆਂ ਅੱਖਾਂ ਤੋਂ ਹਕੂਮਤਾਂ ਦੀ ਬੰਨ੍ਹੀ ਪੱਟੀ ਹਟਾ ਕੇ ਵੇਖਦਾ ਤਾਂ ਉਹਨੂੰ ਦਿੱਸਦਾ ਕਿ ਜਦੋਂ ਆਮ ਜ਼ਿੰਦਗੀ ਵਿੱਚ ਹਾਕਮ ਖ਼ਲਲ ਪਾਉਂਦੇ ਹਨ, ਉਦੋਂ ਹੀ ਨਾਗਰਿਕ ਸੜਕਾਂ 'ਤੇ ਉਮੜਦੇ ਹਨ।

ਇਸ ਲੋਕ ਏਕਤਾ ਦਾ ਅੱਗੇ ਜਾਣਾ ਮੁਲਕ ਭਰ ਵਿੱਚ ਹੱਕੀ ਲੜਾਈਆਂ ਲਈ ਬਹੁਤ ਜ਼ਰੂਰੀ ਹੈ। ਘੱਟਗਿਣਤੀਆਂ, ਦਲਿਤਾਂ, ਔਰਤਾਂ, ਮਿਹਨਤਕਸ਼ਾਂ, ਫੈਕਟਰੀਆਂ ਕਾਰਖਾਨਿਆਂ 'ਚ ਕੰਮ ਕਰਦੇ ਕਿਰਤੀਆਂ, ਸਵਰਗ ਕਹਾਉਂਦੀ ਵਾਦੀ ਵਿੱਚ ਵਿਹੁ-ਚੱਕਰ ਵਿੱਚ ਕੁਚਲੇ ਜਾ ਰਹੇ ਨੌਜਵਾਨ ਦਿਲਾਂ ਨੂੰ ਦਿੱਲੀ ਦੇ ਬਾਰਡਰ ਤੋਂ ਸੈਨਤਾਂ ਮਿਲ ਰਹੀਆਂ ਹਨ। ਗੁਰੂ-ਸੁਆਰੀ ਸੰਗਤ ਲੰਗਰ ਛਕ ਰਹੀ ਹੈ, ਯੁੱਧ ਕਰ ਰਹੀ ਹੈ, ਸੱਚ ਲਈ ਲੜ ਰਹੀ ਹੈ, ਹੱਕ ਲਈ ਲੜਨ ਵਾਲਿਆਂ ਲਈ ਨਵਾਂ ਨਿਸਾਬ ਘੜ ਰਹੀ ਹੈ। ਨਗਾਰਿਆਂ ਦੇ ਡੱਗੇ ਕਿਸੇ ਰੂਸ ਚੀਨ ਤੋਂ ਨਹੀਂ ਸਿੱਖੇ, ਨਾਅਰੇ ਕਿਸੇ ਲੈਨਿਨਗ੍ਰਾਦ ਤੋਂ ਨਹੀਂ ਮੰਗੇ। ਜਿਨ੍ਹਾਂ ਬੰਦ ਬੰਦ ਕਟਵਾਏ, ਚਰਖੜੀਆਂ 'ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ, ਤਿਨ੍ਹਾਂ ਦੀਆਂ ਸੰਤਾਨਾਂ ਨੇ ਹੱਕ ਦੇ ਡੰਕੇ ਆਣ ਵਜਾਏ ਹਨ। ਡਟੇ ਰਹੋ, ਸਹਿਜ ਵਿਚ ਰਹੋ, ਰੋਹ ਵਿਚ ਰਹੋ। ਕਰਤਾਰ ਭਲੀ ਕਰੇਗਾ।



C.U Pest Control
YOUR LOCAL PEST EXPERTS
10% OFF*
VALID TILL OFFER ENDS
WE SERVICE
BED BUGS
COCKROACHES
SPIDERS
MITES
FLEAS
RATS
FRUIT FLIES
TERMITES
ANTS
SAFE FOR
PETS
ELDERLY
FAMILY
KIDS
ASTHMATICS
PREGNANT WOMEN
TODDLERS
LIVESTOCK
CALL 1300 341 680 TODAY FOR A QUOTE
VISIT AND BOOK US ONLINE CUPEST.COM.AU
* Just mention this newspaper name to redeem 10% off Residential Pest Control Services




WEB DESIGN
LOGO DESIGN
POSTER
FLYER ETC.
Phone 0437-641-033
+1-604-657-9215 (WhatsApp)
saverdollar@gmail.com


JAG
MC
HC
HR
0435272878
Truck & Bus Training
ਜੇ ਠਾਠ ਨਾਲ ਡਾਲਰ ਕਮਾਉਣੇ ਜੈਗ ਤੋਂ ਟਰੱਕ ਸਿੱਖ ਲੈ।
MC (B DOUBLE & ROAD TRAIN)
HC (SEMI TRAILER)
HR
(ALL TYPE GEAR BOXES
ROAD RANGER AUTOMATIC
SYNCHRO MESH)
Direct HR-MC*
Bus Authority Just $150*
No RTA Driving Test
We will beat any advertised price
Jag Toor
For booking please contact in sydney:
0412 128 443, 0435 272 878
(043 JARATPT)
Lucky
0426 86 86 89
Guri Gill
0426 86 86 53
Raman
0426 86 86 85
Harman
0426 86 86 80
Drive BIG - Earn BIG!




## ਘਟੀਆ ਨੇਤਾਵਾਂ ਦੇ ਮੂੰਹ ਤੇ ਕਰਾਰੀ ਚਪੇੜ

ਮੈਂ ਭਾਰਤੀ ਲੋਕਤੰਤਰ ਦੇ ਇਸ ਪਹਿਲੂ ਬਾਰੇ ਪਹਿਲਾਂ ਵੀ ਕਿਸੇ ਵੇਲੇ ਲਿਖਿਆ ਸੀ ਕਿ ਭਾਰਤ ਦੀ ਪਾਰਲੀਮੈਂਟ ਵਿਚ ਪੰਜਾਬ ਦੇ ਮੈਂਬਰਾਂ ਦੀ ਗੱਲ ਅਕਸਰ ਨਹੀਂ ਮੰਨੀਂ ਜਾਂਦੀ। ਇਸਦੇ ਦੋ ਕਾਰਨ ਸਨ- ਪਹਿਲਾ ਉਹਨਾਂ ਦੀ ਗਿਣਤੀ ਬਾਕੀ ਸੂਬਿਆਂ ਦੇ ਮੈਂਬਰਾਂ ਦੀ ਗਿਣਤੀ ਦੇ ਬਨਿਸਬਤ ਬਹੁਤ ਘੱਟ ਹੁੰਦੀ ਏ। ਕਿੱਤੇ 12 ਕੁ ਮੈਂਬਰ ਤੇ ਕਿਥੇ ਯੂਪੀ ਅਤੇ ਬਿਹਾਰ ਜਿਹੇ ਸੂਬਿਆਂ ਦੇ ਅੰਤਾਂ ਦੇ ਮੈਂਬਰ। ਇਹ 13 ਮੈਂਬਰ ਵੀ ਦੋ ਤਿੰਨ ਪਾਰਟੀਆਂ ਦੇ ਹੋਇਆ ਕਰਦੇ ਸਨ ਜਿਵੇਂ ਕੁਝ ਕਾਂਗਰਸ ਦੇ, ਕੁਝ ਅਕਾਲੀ ਦਲ ਦੇ ਤੇ ਕੁਝ ਕਿਸੇ ਆਮ ਆਦਮੀ ਪਾਰਟੀ ਜਿਹੀ ਪਾਰਟੀ ਦੇ। ਇੰਨੇ ਘੱਟ ਮੈਂਬਰਾਂ ਦੀ ਪੁੱਛ ਪੜਤਾਲ, ਉਹ ਵੀ ਜਿਹੜੇ ਦੋ ਤਿੰਨ ਗਰੁੱਪਾਂ ਦੇ ਹੋਣ, ਐਡੀ ਵੱਡੀ 500 ਤੋਂ ਵੀ ਵੱਧ ਗਿਣਤੀ ਵਾਲੀ ਸੰਸਦ ਵਿਚ ਨਗਾਰਖਾਨੇ ਵਿਚ ਤੂਤੀ ਦੀ ਆਵਾਜ਼ ਵਾਂਗ ਹੋ ਜਾਂਦੀ ਏ। ਇਸ ਲਈ ਇਹ ਲੋਕ ਉੱਥੇ ਪੰਜਾਬ ਵਾਸਤੇ ਵੀ ਕੋਈ ਖਾਸ ਪ੍ਰਾਪਤੀ ਨਹੀਂ ਕਰਵਾ ਸਕੇ। ਦੂਜੀ ਗੱਲ ਇਹ ਕਿ ਪੰਜਾਬ ਦੇ ਇਹ ਥੋੜ੍ਹੇ ਜਿਹੇ ਸੰਸਦ ਮੈਂਬਰ ਭਾਸ਼ਾ ਤੇ ਬੋਲੀ ਪੱਖੋਂ ਵੀ ਅਪਾਹਜ ਹੀ ਰਹੇ ਹਨ। ਅੰਗਰੇਜ਼ੀ ਹਿੰਦੀ ਬੋਲਣ ਵਿਚ ਇਹ ਅਕਸਰ ਮਾੜੇ ਹੋਇਆ ਕਰਕਦੇ ਸਨ ਤੇ ਪੰਜਾਬੀ ਦਾ ਪਾਰਲੀਮੈਂਟ ਵਿਚ ਕੋਈ ਮਹੱਤਵ ਹੀ ਨਹੀਂ ਏ ਕਿਉਂਕਿ ਇਹ ਇਲਾਕਾਈ ਭਾਸ਼ਾ ਏ। ਜੇਕਰ ਕੁਝ ਕਾਂਗਰਸੀ ਮੈਂਬਰ ਕੁਝ ਅੰਗਰੇਜ਼ੀ ਬੋਬਲ ਵੀ ਲਿਆ ਕਰਦੇ ਸਨ ਉਸਦਾ ਮਹੱਤਵ ਵੀ ਉੱਥੇ ਬਹੁਤ ਜਿਆਦਾ ਨਹੀਂ ਸੀ।

ਦੂਜੇ ਪਾਸੇ ਇਹ ਆਵਾਜ਼ਾਂ ਅਕਸਰ ਉੱਠਦੀਆਂ ਰਹੀਆ ਹਨ ਭਾਵੇਂ ਪੰਜਾਬੀ, ਖਾਸ ਕਰਕੇ ਸਿੱਖ, ਭਾਰਤੀ ਦੀ ਆਬਾਦੀ ਦਾ ਢਾਈ ਕੁ ਫੀਸਦੀ ਹਿੱਸਾ ਹਨ ਪਰੰਤੂ ਇਹਨਾਂ ਦੀਆਂ ਕੁਰਬਾਨੀਆਂ 80 ਫੀਸਦੀ ਜਾਂ ਇਸਤੋਂ ਵੀ ਉੱਪਰ ਰਹੀਆਂ ਹਨ। ਬਾਕੀ ਸਾਰਾ ਦੇਸ਼ ਸੰਸਦ ਵਿਚ ਆਪਣੇ ਨੁਮਾਇੰਦਿਆਂ ਦਾ ਇੱਜੜ ਇਕੱਠਾ ਕਰਕੇ ਆਪਣੀਆਂ ਮੰਗਾਂ ਮੰਨਵਾਉਂਦਾ ਰਿਹਾ ਹੈ। ਪੰਜਾਬ ਇਹ ਕੰਮ ਨਹੀਂ ਕਰ ਸਕਿਆ ਕਿਉਂਕਿ ਸੰਸਦ ਵਿਚ ਮੈਂਬਰ ਆਬਾਦੀ ਦੇ ਅਧਾਰ ਤੇ ਜਾਂਦੇ ਹਨ। ਪੰਜਾਬ ਕੁਰਬਾਨੀਆਂ ਪੱਖੋਂ ਤੇ ਅਨਾਜ ਦੀ ਪੈਦਾਵਰ ਪੱਖੋਂ ਭਾਰਤ ਦਾ ਨੰਬਰ ਇਕ ਸੂਬਾ ਰਿਹਾ ਏ। ਜਦ ਵੀ ਪੰਜਾਬ ਨੇ ਕੋਈ ਹੱਕੀ ਮੰਗਾਂ ਸੰਸਦ ਵਿਚ ਪਾਸ ਕਰਵਾਉਣ ਦੀ ਕੋਸ਼ਿਸ਼ ਕੀਤੀ ਉਦੋਂ ਹੀ ਉਹ ਰੱਦ ਕਰ ਦਿੱਤੀਆਂ ਗਈਆਂ। ਮੁੱਖ ਕਾਰਨ ਸੰਸਦ ਵਿਚ ਪੰਜਾਬ ਦੀ ਨੁਮਾਇੰਦਿਆਂ ਦੀ ਤੁੱਛ ਜਿਹੀ ਗਿਣਤੀ ਹੋਣਾ ਸੀ।

ਮਾਜੂਦਾ ਕਿਸਾਨ ਸੰਘਰਸ਼ ਨੇ ਸ਼ਾਇਦ ਇਕ ਨਵੀਂ ਸਿਆਸੀ ਖੋਜ ਕਰ ਦਿੱਤੀ ਏ। ਇਸ ਅੰਦੋਲਨ ਨੇ ਪਰੰਪਰਾਗਤ ਸਿਆਸੀ ਨੇਤਾਵਾਂ ਨੂੰ ਧੱਕ ਕੇ ਪਰੇ ਮਾਰਿਆ। ਕਿਸਾਨ ਸਮਝ ਚੁੱਕੇ ਸੀ ਕਿ ਪਰੰਪਰਾਗਤ ਨੇਤਾ ਸਿਰਫ ਤੇ ਸਿਰਫ ਕੁਰਸੀ ਹਥਿਆਉਣ ਦੀ ਝਾਕ ਵਿਚ ਸਨ। ਸਾਰੇ ਕਿਸਾਨ ਨੇਤਾ ਇਕ ਪਲੇਟਫਾਰਮ ਤੇ ਇਕੱਠੇ ਹੋਏ, ਸ਼ਾਂਤਮਈ ਸੰਘਰਸ਼ ਕੀਤਾ, ਹਿੰਸਾ ਅਤੇ ਫੁੱਟ ਤੋਂ ਬਚੇ, ਸਾਰੇ ਵਰਗ ਇਕੱਠੇ ਜੁੜੇ, ਇਸਤਰੀਆਂ ਨੇ ਵੀ ਸਾਥ ਦਿੱਤਾ ਤੇ ਸੰਘਰਸ਼ ਨੂੰ ਯੋਜਨਾ ਬੱਧ ਵੀ ਰੱਖਿਆ। ਆਖਰ ਜਦ ਇੰਨੇ ਲੰਬੇ ਸੰਘਰਸ਼ ਤੋਂ ਬਾਦ ਵੀ ਸਰਕਾਰ ਦੇ ਕੰਨ ਤੇ ਜੂੰ ਨਾ ਸਰਕੀ ਤਾਂ ਉਹਨਾਂ ਦਿੱਲੀ ਵਲ ਨੂੰ ਕੂਚ ਕਰਨ ਦਾ ਪ੍ਰੋਗਰਾਮ ਉਲੀਕਿਆ। 26 ਤੇ 27 ਨਵੰਬਰ ਦੇ ਦਿਨ ਇਸ ਕੂਚ ਵਾਸਤੇ ਰੱਖੇ ਗਏ। ਕੇਂਦਰ ਨੇ ਹਰਿਆਣਾ ਦੀ ਸਰਕਾਰ ਦੁਆਰਾ ਕਿਸਾਨਾਂ ਦੇ ਰਾਹ ਵਿਚ ਅੜਿੱਕਾ ਖੜ੍ਹਾ ਕੀਤਾ, ਵੱਡੀਆਂ ਵੱਡੀਆਂ ਰੁਕਾਵਟਾਂ ਖੜ੍ਹੀਆਂ ਕੀਤੀਆਂ ਗਈਆਂ ਤੇ ਕਿਸਾਨਾਂ ਦੇ ਹੜ੍ਹ ਨੂੰ ਰੋਕਣ ਲਈ ਵੱਡੀ ਗਿਣਤੀ ਵਿਚ ਪੁਲਿਸ ਫੋਰਸ ਦੀ ਵਰਤੋਂ ਕੀਤੀ। ਕਿਸਾਨਾਂ ਵਿਚ ਆਪਣੇ ਮੰਤਵ ਪ੍ਰਤੀ ਇੰਨਾ ਵੱਡਾ ਜਜ਼ਬਾ ਸੀ ਕਿ ਉਹ ਆਪਣੀ ਲਹਿਰ ਵਿਚ ਗੈਰਸਿਆਸੀ ਬੰਦਿਆਂ ਦੀ ਸ਼ਮੂਲੀਅਤ ਤੋਂ ਬਗੈਰ ਦਿੱਲੀ ਵਲ ਨੂੰ ਕੂਚ ਕਰਦੇ ਗਏ। ਪੰਜਾਬ ਚੋਂ ਹਰਿਆਣਾ ਵਿਚ ਨੂੰ ਦਾਖਲ ਹੋਣ ਤੋਂ ਰੋਕਣ ਲਈ ਖਨੌਰੀ, ਸ਼ੰਭੂ, ਡੱਬਵਾਲੀ ਆਦਿ ਬਾਰਡਰਾਂ ਤੇ ਲਗਾਏ ਗਏ ਵੱਡੇ ਵੱਡੇ ਰੋਕੇ ਤੋੜ ਦਿੱਤੇ ਗਏ। ਹਰਿਆਣਾ ਪੁਲਿਸ ਪੂਰੀ ਤਰ੍ਹਾਂ ਅਸਫਲ ਹੋ ਗਈ। ਜਦ ਕਿਸਾਨਾਂ ਦੇ ਇਸ ਅੰਦੋਲਨ ਦੀ ਗੂੰਜ ਦਿੱਲੀ ਦਰਬਾਰ ਤੱਕ ਸੁਣਨ ਲੱਗ ਪਈ ਤਾਂ ਗ੍ਰਹਿ ਮੰਤਰੀ ਨੂੰ ਹੱਥਾਂ ਪੈਰਾਂ ਦੀ ਪੈ ਗਈ। ਸੁਣਨ 'ਚ ਆਇਆ ਹੈ ਕਿ ਗ੍ਰਹਿ ਮੰਤਰੀ ਨੇ ਕਿਸਾਨ ਨੇਤਾਵਾਂ ਨਾਲ ਰਾਫਤਾ ਕਾਇਮ ਕਰਨ ਦੀ ਕੋਸ਼ਿਸ਼ ਕੀਤੀ ਹੈ। ਜੇਕਰ ਮਸਲਾ ਹੱਲ ਹੋ ਜਾਏ ਤਾਂ ਕਿਸਾਨਾਂ ਦੀ ਇਹ ਬਹੁਤ ਵੱਡੀ ਜਿੱਤ ਹੋਵੇਗੀ।

ਕਿਸਾਨਾਂ ਦੁਆਰਾ ਅਪਣਾਇਆ ਗਿਆ ਇਹ ਤਰੀਕਾ ਪੰਜਾਬ ਵਿਚ ਭਵਿੱਖ ਵਾਸਤੇ ਰਾਹ ਦਸੇਰਾ ਵੀ ਸਾਬਤ ਹੋ ਸਕਦਾ ਹੈ। ਘੱਟ ਗਿਣਤੀਆਂ ਨੂੰ ਇੱਜੜ ਨਾਲ ਭਰੀ ਨਾਕਾਮ ਸੰਸਦ ਤੋਂ ਆਪਣੀਆਂ ਹੱਕੀ ਮੰਗਾਂ ਮੰਨਵਾਉਣ ਦਾ ਇਹ ਇਕ ਨਿਵੇਕਲਾ ਤਰੀਕਾ ਗਰਦਾਨਿਆ ਜਾਵੇਗਾ। ਜੋ ਕੰਮ ਅਤੀਤ ਵਿਚ ਪੰਜਾਬ ਦੇ ਪਰੰਪਰਾਗਤ ਨੇਤਾ ਸੰਸਦ ਤੋਂ ਨਹੀਂ ਕਰਾ ਸਕੇ ਉਹ ਕੰਮ ਗੈਰ ਸਿਆਸੀ ਕਿਸਾਨ ਜਥੇਬੰਦੀਆਂ ਨੇ ਕਰਵਾ ਕੇ ਦਿਖਾ ਦਿੱਤਾ। ਇਹ ਸਿਆਸੀ ਪਿੜ ਵਿਚ ਇਕ ਨਵੀਂ ਖੋਜ ਹੈ। ਇਸ ਵਾਸਤੇ ਕਿਸਾਨ ਜਥੇਬੰਦੀਆਂ ਸ਼ਾਬਾਸ਼ ਦੀਆਂ ਪਾਤਰ ਹਨ। ਕਿਸਾਨਾਂ ਨੂੰ ਚਾਹੀਦਾ ਏ ਕਿ ਉਹ ਆਪਣੀ ਇਕ ਨਵੀਂ ਸਿਆਸੀ ਪਾਰਟੀ ਬਣਾ ਕੇ ਉਸਤੋਂ ਪੰਜਾਬ ਵਿਧਾਨ ਸਭਾ ਦੀ ਚੋਣ ਲੜਾਉਣ ਤੇ ਇਸ ਤਰ੍ਹਾਂ ਆਪ ਖੁਦ ਸੱਤਾ ਵਿਚ ਆਉਣ।

# ਮਿੱਟੀ ਦੀ ਮਹਿਕ

## Seven days with Mulk Raj Anand

### (An extract from The Tribune Chandigarh, 32 years ago)

**Noted** octogenarian writer Mulk Raj Anand visited the Kangra valley from April 13 to 19 this year under the Writer-In-Residence Scheme sanctioned for Gorvement Post-graduate college at Dharmsala. The Scheme had been approved by the

### (Birthday Special)

HP Accedmy of Art, Culture and Laguages and jointly supported by the accedmy and the Department of Languages and Culture.

The author of 16 novels, seven collections of short stories and a huge number of books on art, culture and education, Mulk Raj Anand has received considerable critical attention --- more than 16 books of criticism, besides numerous M. Phil and doctoral dissertations, have been done on him. He regards Himachal as his "home" and keen to unravel the mysteries of the Himalayas and its people. Several characters in his novels and short stories, like in ***Coolie, The Lost Child, Across the Blackwaters*** and ***Gauri*** have their prototypes in the hill people. His world famous story ***The Lost Child*** has the background of a place near Jawalaji in Kangra district, Kaleshwar Mahadev. The story has been made into a film, directed by the writer himself.

Mulk Raj Anand was born to Rai Sahib Subedar Lall Chand (of 38 Dogras) on December 12,1905, at Peshawar. He was educated at Khalsa College, Amritsar (1921-24), University College, London (1926-29); and Cambridge University (1929-30). As Mulk Raj Anand: A Home Appraisal (Charvak, Hoshiarpur, 1988) indicates, Mulk Raj Anand interacted with a large number of people and was associated with numerous movements and associations in India and abroad. He has been the founder-Editor of Marg, 1946-81, President of the Lokayata Trust since 1970; Art Chairman, Lalit Kala Akadami 1955-70; and Tagore professor of art (Punjab University). He has been the recipient of several prestigious national and international awards – The Leverhulme Fellowship, 1940-42; the World Peace Council Prize 1952; the Padma Bhushan, 1986; Laureate of the International Academy of the Philosophy of Art, 1985; Doctor of Literature (Honoris Causa), Vishvabharti, 1987.

The Kangra valley is like a passion with Mulk Raj Anand. He visited the Baisakhi fair at Kaleshwar Mahadev every year as long as he could drive. The Travel seminar this April, therefore, provided an opportunity to be there once more on Baisakhi.



***Dr. Mulk Raj Anand in a pensive mood. Born on December 12, 1905, he will be 83 years old on Monday.***

He along with his old colleague Dolli Sahiar, an internationally known photographer and designer came direct to the fair on April 13. He wandered alone among the staffs, merry-go-rounds and giant-wheels, reliving his past, and at one time got lost. But after a long search he was traced and brought to Dharamsala by the night in his Maruti van.

The next morning Mulk Raj Anand visited the 62-years-old Government College at Dharamsala, and addressed its students and faculty members on the "Emergence of a writer and the Pahari psyche". He spoke at length on the evolution of the Pahari psyche and folk consciousness and stressed the adoption of Indian English as a style. "English we don't mind, the English we mind" he candidly observed. The lecture generated a lot of discussion. The audience was keen to know more about the creative process and the role and experiences of Indian writers in the modern context.

The lecture was held in a neatly decorated hall where the Fine Arts Department of the college had also arranged an art exhibition in collaboration with the well-known Himachal artist O.P. Taak. The other highkights of ***Interviews with Indian English Poets*** (Writers Workshop), ***"Mulk Raj Anand: A Chronology"*** (contained in ***Mulk Raj Anand: A Home Appraisal Charvak, 1988***) and the presentation of Dr Anand's pencil portrait by the Fine Arts Department.

On April 15, Himachal Day, Mulk Raj Anand presided over a literary workshop of creative writers in the region. The representatives and office-bearers of several literary and social organisations in Himachal were present. Mulk Raj Anand asked the litterateurs to form co-operative publishing houses and distribution centres for their books. He favoured confessional writing in the beginning. "Write a confessional before writing anything else," he advised. According to him, Pahari writers should understand the present world situation and corporate a modern sensibility in their works. He also dwelt on the cultural heritage of State. In the evening a poetry symposium, with national integration as the main theme, was arranged. Poetry in Pahari impressed Mulk Raj Anand. He felt that the young intellectuals in Himachal are "vital, fresh and curious to know their own background, to inherit the past, to knit it into the present and the future."

On April 16 Dr Anand gave a talk on the emergence of style in Pahari paintings and also had a prolonged discussion on his own fiction. It was a treat to hear him speak on his own works and characters. Even the digressions were gripping and illuminating. He was so voluble, amiable and accessible. He later accommodated even individual interviews and conversations --- for example with V.M. Sethi (an Anand Ph..D; scholar), Gautam Chand Vyathitt (President Kangra Lok Pr

**Atma Ram**

**Searched by Dr. Avtar S. Sangha**
0437641033



ishad) and O.P., Taak. In the evening he lectured to an assembly of citizens of Dharmsala at a reception organised by the local Rotary Club. Here he appealed for peace and warned against war. The poise and vigour of the, Grand Old Man in his eighties evoked spontaneous admiration in all!

Mulk Raj Anand then moved on to Andretta village, near Palampur, on April 17 and participated in a get-together on "Good will and the writer", Arranged by the Andretta Sahitya Avam, Kala Manch at the Pinjabi University Holliday Home. As the audience included several men and women from nearby villages, Mulk raj Anand at times addressed them in Hindustani. He later went around to see the art gallery of the late Sobha Singh, Mrs Norah Richard's old house and open theatre, and Mini and Mary's pottery. He bought some earthen pots and felt perfectly at ease in the village. In the evening he lectured to the members of the Rachna Sahitya Avam Kala Manch at the Tourist Bunglow at Palampur.

On April 18 Mulk Raj Anand went around the sprawling and beautiful Campus of HP Agricultural University and had discussions with the faculty. The museum there interested him the most and he gave suggestions for corporating everyday art. The next day he left for Chandigarh via Dehra. On the way he tentatively selected two villages in Dehra subdivision for the possible outdoor shooting of a film based on his novel *Gauri*.

As his co-ordinator, I felt that the purpose of the travel seminar had been fully achieved. Anand's interaction with writers, artists and the people served as a fruitful exposure and orientation. His vigour and alacrity filled everyone with enthusiasm. Even the young were overawed by his zest for life. "He can outdo us all", remarked Dolly Sahiar.

The literary outcome of the symposium was impressive. Mulk Raj Anand makes us realise one simple and basic fact: art is for life, life is art: creativity is all. He approves of Mini and Mary's pottery because their motto is: "We want pottery to be enjoyed." One finds in Mulk Raj Anand a true, committed humanist, a man of new ideas and fresh approaches, ever churning out novel projects and plans. He is working for the renewal of the cultural heritage of Himachal. On the directive of Jawaharlala Nehru he edited an encyclopaedia of 135 volumes entitled ***Marg***. Although the series contained an issue on Himachal's heritage and another on Pahari paintings, these did not include Lahaul-Spiti, Kinnaur and Sirmaur. Anand thus proposes to prepare a pictorial guide of Himachal so as to create "the awareness of the paradisiacal landscapes, the cultural heritage and the simple, modest but colourful lives of the people of various districts of the State."

The fascinating volume is now almost ready.

# ਪਾਠਕਾਂ ਦਾ ਹੁੰਗਾਰਾ

ਅਖਬਾਰ ਦੇ ਨਵੰਬਰ ਅੰਕ ਬਾਰੇ ਕੁਝ ਪਾਠਕਾਂ ਦਾ ਸੁਚਾਰੂ ਹੁੰਗਾਰਾ ਪ੍ਰਾਪਤ ਹੋਇਆ ਏ। ਸਿਡਨੀ ਦੇ ਸਕੋਰਫਲਿਡ ਇਲਾਕੇ ਤੋਂ ਸ੍ਰੀ ਸੁਰਿੰਦਰ ਸਿੰਘ ਨੇ ਮੇਰੀ ਕਹਾਣੀ 'ਵਖਤਾਂ ਮਾਰੇ' ਦੀ ਕਾਫੀ ਸਲਾਘਾ ਕੀਤੀ ਹੈ। ਇਸ ਪ੍ਰਕਾਰ ਦੀ ਸ਼ਲਾਘਾ ਹੀ ਗਨੈਡਨਿੰਗ ਤੋਂ ਤੇਜਵੀਰ ਵਲੋਂ ਕੀਤੀ ਗਈ ਏ। ਇਹਨਾਂ ਪਾਠਕਾਂ ਨੇ ਮੈਨੂੰ ਫੋਨ ਤੇ ਦੱਸਿਆ ਕਿ ਕਹਾਣੀ ਵਿਚ 1984 ਦੀ ਸਿੱਖ ਨਸਲਕੁਸ਼ੀ ਅਤੇ ਅੱਜ ਦੀ ਕਰੋਨਾ ਦੁਆਰਾ ਪੈਦਾ ਕੀਤੀ ਹੋਈ ਮਨੁੱਖੀ ਮਨੋਬਿਰਤੀ ਦੀ ਦੁਚਿੱਤੀ ਨੂੰ ਬਹੁਤ ਹੀ ਵਧੀਆ ਤਰੀਕੇ ਨਾਲ ਬਿਆਨ ਕੀਤਾ ਗਿਆ ਹੈ। ਦੋਹਾਂ ਪ੍ਰਸਥਿਤੀਆਂ ਨੇ ਮਨੁੱਖ ਨੂੰ ਹਾਲਾਤ ਦਾ ਗੁਲਾਮ ਬਣਾ ਦਿੱਤਾ। 1984 ਵਿਚ ਇਹ ਹਾਲਾਤ ਮਨੁੱਖ ਦੁਆਰਾ ਪੈਦਾ ਕੀਤੇ ਗਏ ਤੇ ਅੱਜ ਕੱਲ੍ਹ ਇਹ ਹਾਲਾਤ ਕੁਦਰਤ ਦੁਆਰਾ ਭੇਜੀ ਗਈ ਲਿਆਮਤ ਕਰੋਨਾ ਨੇ ਪੈਦਾ ਕੀਤੇ। ਮੈਂ ਆਪਣੇ ਵਲੋਂ ਇੰਜ ਕਹਾਂਗਾ ਕਿ ਦੂਸਰੀ ਸਥਿਤੀ ਵੀ ਮਨੁੱਖ ਨੇ ਹੀ ਪੈਦਾ ਕੀਤੀ ਹੈ ਕਿਉਂਕਿ ਕਰੋਨਾ ਦੀ ਲਿਆਮਤ ਵੀ ਚੀਨ ਦੇ ਵੂਹਾਨ ਸ਼ਹਿਰ ਤੋਂ ਮਨੁੱਖ ਦੁਆਰਾ ਕੀਤੀਆਂ ਗਈਆਂ ਗਲਤੀਆਂ ਚੋਂ ਹੀ ਪੈਦਾ ਹੋਈ ਸੀ। ਇਕ ਫੋਨ ਮੈਨੂੰ ਬਲੈਕਟਾਊਨ ਤੋਂ ਅਮਨਦੀਪ ਦਾ ਆਇਆ ਸੀ। ਉਸਨੂੰ 'ਮਿੱਟੀ ਦੀ ਮਹਿਕ' ਵਿਚ ਮੇਰੇ ਦੁਆਰਾ ਬਿਆਨ ਕੀਤੀ ਘਟਨਾ ਨੇ ਨਵਾਂ ਗਿਆਨ ਦਿੱਤਾ। ਜੌਹਨ ਫਲਿਨ ਦੀ ਤਸਵੀਰ ਦੇ ਸੱਚ ਬਾਰੇ ਉਸਨੂੰ ਨਵਾਂ ਨਵਾਂ ਪਤਾ ਲੱਗਾ ਹੈ।

ਮੈਂ ਇਹਨਾਂ ਤਿੰਨਾਂ ਹੀ ਪਾਠਕਾਂ ਦਾ ਤਹਿਦਿਲੋਂ ਧੰਨਵਾਦ ਕਰਦਾ ਹਾਂ।

***ਸੰਪਾਦਕ***




ਦਾ ਪੰਜਾਬ ਹੈਰਲਡ

ਵਿਚ ਕਿਸੇ ਵੀ ਤਰ੍ਹਾਂ ਦੀਆਂ ਖਬਰਾਂ, ਸਾਹਿਤਕ ਕ੍ਰਿਤਾਂ, ਜਾਇਦਾਦ ਸੰਬੰਧੀ ਸੂਚਨਾਵਾਂ ਤੇ ਵਿਆਹ ਸ਼ਾਦੀਆਂ ਸੰਬੰਧੀ ਇਸ਼ਤਿਹਾਰ ਛਪਵਾਉਣ ਲਈ ਤੁਸੀਂ ਸਾਡੇ ਨਾਲ ਹੇਠ ਲਿਖੇ ਨੰਬਰ ਅਤੇ ਈ-ਮੇਲ ਤੇ ਸੰਪਰਕ ਕਰ ਸਕਦੇ ਹੋ। ਚੰਗਾ ਹੋਵੇਗਾ ਜੇ ਇਹ ਸਭ ਪ੍ਰਕਾਰ ਦੀ ਸਮਗਰੀ ਹਰ ਮਹੀਨੇ 20 ਤਰੀਖ ਤੋਂ ਪਹਿਲਾਂ ਪਹਿਲਾਂ ਸਾਡੇ ਪਾਸ ਪਹੁੰਚ ਜਾਵੇ।

thepunjabherald1@gmail.com

ਜੇਕਰ ਕਿਸੇ ਨੇ ਇਸ਼ਤਿਹਾਰ ਛਪਵਾਉਣਾ ਬੰਦ ਕਰਾਉਣਾ ਹੋਵੇ ਤਾਂ ਉਹ ਮਹੀਨੇ ਦੀ 20 ਤਾਰੀਖ ਤੋਂ ਪਹਿਲਾਂ ਪਹਿਲਾਂ ਸਾਨੂੰ ਸੂਚਿਤ ਕਰੇ।

If somebody wishes to discontinue the advertisement, then please intimate us by calling 0437641033 before 20th every month.

ਸੰਪਰਕ 0437641033

Disclaimer

The Punjab Herald and the staff associated with it are not responsible for any claims made by the advertisers and do not endorse any product or advertisement published in the newspaper. The views expressed in the advertisement and various articles belong solely to the concerned advertisers and authors. They do not reflect the views of the newspaper management. Jurisdiction Sydney.

# ਯਾਦਾਂ ਅਤੇ ਯਾਦਸ਼ਕਤੀ

ਸਾਡੀ ਯਾਦਸ਼ਕਤੀ ਸਾਡੀ ਹੋਂਦ ਦਾ ਆਧਾਰ ਹੁੰਦੀ ਹੈ ਅਤੇ ਸਾਡੀਆਂ ਯਾਦਾਂ ਸਾਡੇ ਹੋਰਾਂ ਨਾਲੋਂ ਵਖਰੇਵੇਂ ਦਾ ਕਾਰਨ ਹੁੰਦੀਆਂ ਹਨ। ਜਿਨ੍ਹਾਂ ਦੀ ਯਾਦਸ਼ਕਤੀ ਨਹੀਂ ਹੁੰਦੀ, ਉਨ੍ਹਾਂ ਕੋਲ ਸੰਸਾਰ ਦੇ ਕਿਸੇ ਪ੍ਰਕਾਰ ਦੇ ਵੇਰਵੇ ਵੀ ਨਹੀਂ ਹੁੰਦੇ। ਜਿਨ੍ਹਾਂ ਦੀ ਯਾਦਸ਼ਕਤੀ ਕਿਸੇ ਦੁਰਘਟਨਾ ਕਾਰਨ ਗਵਾਚ ਜਾਂਦੀ ਹੈ, ਉਹ ਨਵੀਆਂ ਯਾਦਾਂ ਵੀ ਨਹੀਂ ਉਸਾਰ ਸਕਦੇ। ਜੇ ਤੁਸੀਂ ਯਾਦਸ਼ਕਤੀ ਤੋਂ ਵਿਰਵੇ ਕਿਸੇ ਵਿਅਕਤੀ ਨੂੰ ਮਿਲੋ ਅਤੇ ਕੁਝ ਮਿੰਟ ਮਗਰੋਂ, ਫਿਰ ਮਿਲੋ ਤਾਂ ਉਹ ਇਵੇਂ ਮਿਲੇਗਾ, ਜਿਵੇਂ ਤੁਸੀਂ ਪਹਿਲੀ ਵਾਰ ਮਿਲ ਰਹੇ ਹੁੰਦੇ ਹੋ। ਹਰ ਯਾਦ ਕਈ ਯਾਦਾਂ ਦਾ ਸੰਗ੍ਰਹਿ ਹੁੰਦੀ ਹੈ। ਜੇ ਤੁਸੀਂ ਪਿਛਲੇ ਸਾਲ ਕਿਸੇ ਦੇ ਵਿਆਹ ਦੇ ਸਮਾਗਮ ਵਿਚ ਸ਼ਾਮਲ ਹੋਏ ਸੀ ਤਾਂ ਉਸ ਸਮਾਗਮ ਦੀ ਯਾਦ ਉਸ ਦੇ ਦ੍ਰਿਸ਼, ਸਜਾਵਟ, ਆਲੇ-ਦੁਆਲੇ ਦੀ ਰੌਣਕ, ਪੰਡਾਲ, ਗੀਤ-ਸੰਗੀਤ, ਸ਼ਕਲਾਂ-ਸੂਰਤਾਂ, ਖਾਣ-ਪੀਣ ਦੀਆਂ ਚੀਜ਼ਾਂ ਅਤੇ ਪ੍ਰਬੰਧ ਦੇ ਵੇਰਵਿਆਂ ਦੇ ਸੰਦਰਭ ਵਿਚ ਆਵੇਗੀ। ਸਕੂਲ ਦੇ ਅਧਿਆਪਕਾਂ, ਪੁਸਤਕਾਂ, ਪ੍ਰੀਖਿਆਵਾਂ, ਜਮਾਤੀਆਂ ਨੂੰ ਅਸੀਂ ਭਾਵੇਂ ਭੁੱਲ ਜਾਈਏ, ਪਰ ਸਕੂਲ ਦੀ ਇਕ ਸਮੁੱਚੀ ਅਤੇ ਸੰਗਠਿਤ ਯਾਦ ਆਉਂਦੀ ਰਹਿੰਦੀ ਹੈ ਅਤੇ ਲੋੜ ਪੈਣ 'ਤੇ ਵੇਰਵੇ ਦੀ ਯਾਦ ਆ ਜਾਂਦੇ ਹਨ। ਕਿਸੇ ਨੂੰ ਜਾਣਨ, ਸਮਝਣ ਅਤੇ ਪਸੰਦ ਕਰਨ ਦਾ ਕਾਰਜ ਸਾਡਾ ਮਨ ਕਰਦਾ ਹੈ, ਪਰ ਯਾਦ ਰੱਖਣ ਦਾ ਕਾਰਜ ਸਾਡਾ ਦਿਮਾਗ਼ ਕਰਦਾ ਹੈ। ਮਨ, ਦਿਮਾਗ਼ ਦਾ ਮੂਹਰਲਾ ਭਾਗ ਹੁੰਦੀ ਹੈ। ਭਾਵੇਂ ਕਈਆਂ ਦੀ ਯਾਦਸ਼ਕਤੀ ਗਵਾਚ ਜਾਂਦੀ ਹੈ, ਇਸ ਦੇ ਬਾਵਜੂਦ ਉਹ ਆਪਣੇ ਆਪ ਨੂੰ ਨਹੀਂ ਭੁੱਲਦੇ, ਪਰ ਉਹ ਆਪਣੇ ਅਤੀਤ ਨੂੰ ਭੁੱਲ ਜਾਂਦੇ ਹਨ। ਸ਼ੁਰੂ ਵਿਚ ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਉਨ੍ਹਾਂ ਤੋਂ ਕੁਝ ਗਵਾਚ ਗਿਆ ਹੈ, ਪਰ ਕੀ ਗਵਾਚ ਗਿਆ ਹੈ, ਇਹ ਯਾਦ ਨਹੀਂ ਆਉਂਦਾ। ਯਾਦਸ਼ਕਤੀ ਗਵਾਚਣ ਦੇ ਬਾਵਜੂਦ ਪੁਰਸ਼ ਆਪਣੇ ਪੁਰਸ਼ ਹੋਣ ਨੂੰ ਅਤੇ ਇਸਤਰੀ ਆਪਣੇ ਇਸਤਰੀ ਹੋਣ ਨੂੰ ਨਹੀਂ ਭੁੱਲਦੀ। ਯਾਦਸ਼ਕਤੀ ਗਵਾਚਣ ਉਪਰੰਤ ਇਕ ਚਿੱਤਰਕਾਰ ਆਪਣੇ ਚਿੱਤਰਾਂ ਨੂੰ ਪਛਾਣਦਾ ਨਹੀਂ ਸੀ, ਪਰ ਉਨ੍ਹਾਂ ਨੂੰ ਧਿਆਨ ਨਾਲ ਵੇਖਦਾ ਸੀ। ਉਹ ਰੇਲਗੱਡੀ ਨੂੰ, ਨਹਿਰੂ ਦੇ ਚਿੱਤਰ ਨੂੰ ਵੀ ਧਿਆਨ ਨਾਲ ਵੇਖਦਾ ਸੀ। ਸਾਡੀ ਯਾਦਸ਼ਕਤੀ ਸਾਨੂੰ ਸਾਡੀ ਹੋਂਦ ਦੀ ਸੋਝੀ ਦਿੰਦੀ ਹੈ, ਇਸ ਦੇ ਗੁਆਚਣ ਜਾਂ ਕਮਜ਼ੋਰ ਹੋਣ ਦੀ ਸੂਰਤ ਵਿਚ ਸਾਡੀ ਆਪਣੇ ਆਪ ਬਾਰੇ ਸੋਝੀ ਪ੍ਰਭਾਵਿਤ ਹੁੰਦੀ ਹੈ। ਜਿਸ ਵਿਅਕਤੀ ਦੀ ਯਾਦਸ਼ਕਤੀ ਗਵਾਚ ਜਾਵੇ, ਉਸ ਨੂੰ ਸੰਭਾਲਣਾ ਅਤੇ ਉਸ ਨਾਲ ਰਹਿਣਾ ਸੌਖਾ ਨਹੀਂ ਹੁੰਦਾ। ਐਲਜ਼ੀਮਰ ਦੇ ਰੋਗ ਵਿਚ ਇਕ ਪੜਾਓ 'ਤੇ ਰੋਗੀ ਦੀ ਯਾਦਸ਼ਕਤੀ ਗਵਾਚ ਜਾਂਦੀ ਹੈ। ਹੁਣ ਚਕਿਤਸਾ ਵਿਗਿਆਨ ਅਤੇ ਮਨੋਵਿਗਿਆਨ ਨੇ ਯਾਦਸ਼ਕਤੀ ਦੇ ਵਿਗਾੜਾਂ ਦਾ ਅਧਿਐਨ ਕਰਨਾ ਆਰੰਭਿਆ ਹੈ।

ਪੜ੍ਹਾਈ ਕਰਨ ਨਾਲ ਯਾਦਸ਼ਕਤੀ ਬਲਵਾਨ ਹੁੰਦੀ ਹੈ। ਹੋਰਾਂ ਨਾਲ ਗੱਲਬਾਤ ਕਰਨ ਨਾਲ ਯਾਦਸ਼ਕਤੀ ਤਿੱਖੀ ਹੁੰਦੀ ਹੈ ਅਤੇ ਹੋਰਾਂ ਨੂੰ ਯਾਦ ਰੱਖਣਾ ਸੌਖਾ ਹੋ ਜਾਂਦਾ ਹੈ। ਸੋਚਣ ਨਾਲ ਨਿਰਣਿਆਂ ਦਾ ਪੱਧਰ ਉੱਚਾ ਹੋ ਜਾਂਦਾ ਹੈ ਕਿਉਂਕਿ ਕੋਈ ਵੀ ਨਿਰਣਾ ਕਰਨ ਵੇਲੇ ਅਸੀਂ ਸਮਝਿਆ, ਪੜ੍ਹਿਆ, ਸੁਣਿਆ, ਵੇਖਿਆ, ਸੋਚਿਆ ਆਦਿ ਸਾਰੀ ਸਮੱਗਰੀ ਵਰਤਦੇ ਹਾਂ। ਯਾਦਸ਼ਕਤੀ ਮੁੱਢ ਵਿਚ ਕੋਈ ਭਾਸ਼ਾ ਵਰਤਣ ਨਾਲ ਵਿਕਸਿਤ ਹੁੰਦੀ ਹੈ ਅਤੇ ਇਸ ਉਪਰੰਤ ਅਸੀਂ ਸਾਰਾ ਜੀਵਨ ਕੁਝ ਨਾ ਕੁਝ ਸਿੱਖਦੇ ਰਹਿੰਦੇ ਹਾਂ, ਪਰ ਵਿਧੀ ਭਾਸ਼ਾ ਸਿੱਖਣ ਵਾਲੀ ਹੀ ਵਰਤੀ ਜਾਂਦੀ ਹੈ। ਇਵੇਂ ਜਿਨ੍ਹਾਂ ਦੀ ਮੁੱਢਲੀ ਸਿਖਲਾਈ ਮਜ਼ਬੂਤ ਹੁੰਦੀ ਹੈ, ਉਨ੍ਹਾਂ ਦੀ ਹਰੇਕ ਸਿਖਲਾਈ ਚੰਗੇਰੀ ਹੁੰਦੀ ਹੈ। ਅਠਾਈ ਹਫ਼ਤੇ ਦਾ ਬੱਚਾ ਧਾਗੇ ਨੂੰ ਵੇਖ ਸਕਦਾ ਹੈ, ਅਰਥਾਤ ਉਸ ਦੀ ਨਜ਼ਰ ਟਿਕ ਜਾਂਦੀ ਹੈ। ਚਾਲੀ ਹਫ਼ਤੇ ਦਾ ਬੱਚਾ ਅੰਗੂਠੇ ਨਾਲ, ਹੱਥ ਦੀ ਵਿਚਕਾਰਲੀ ਉਂਗਲ ਨਾਲ ਤਾਲਮੇਲ ਉਸਾਰ ਕੇ ਵਰਤਣ ਦੇ ਯੋਗ ਹੋ ਜਾਂਦਾ ਹੈ। ਇਕ ਸਾਲ ਮਗਰੋਂ ਬੱਚਾ ਦੋਵੇਂ ਹੱਥ ਵਰਤਣ ਦੇ ਯੋਗ ਹੋ ਜਾਂਦਾ ਹੈ। ਜੇ ਬੱਚਾ ਦੋ ਇੰਚ ਦਾ ਗੋਲਾ ਵਾਹ ਸਕਦਾ ਹੈ ਤਾਂ ਉਹ ਅਨੇਕਾਂ ਕੰਮ ਕਰਨ ਅਤੇ ਸ਼ਬਦ ਬੋਲਣ ਅਤੇ ਯਾਦ ਰੱਖਣ ਦੇ ਯੋਗ ਹੋ ਜਾਂਦਾ ਹੈ। ਜਿਹੜਾ ਬੱਚਾ ਆਪਣੇ ਬੂਟਾਂ ਦੇ ਤਸਮੇ ਬੰਨ੍ਹ ਸਕਦਾ ਹੈ, ਉਹ ਅਨੇਕਾਂ ਕੰਮ ਆਪੇ ਕਰਨਯੋਗ ਹੋ ਜਾਂਦਾ ਹੈ ਅਤੇ ਇਹ ਯੋਗਤਾ ਉਸ ਦੀ ਯਾਦਸ਼ਕਤੀ ਵਿਚ ਪੱਕੀ ਹੋ ਜਾਂਦੀ ਹੈ। ਅੱਠ ਸਾਲ ਦਾ ਬੱਚਾ ਰਸਤੇ ਦੀ ਯਾਦਸ਼ਕਤੀ ਦੇ ਆਧਾਰ 'ਤੇ ਇਕੱਲਾ ਘਰ ਪਹੁੰਚ ਸਕਦਾ ਹੈ। ਅਜਿਹਾ ਬੱਚਾ ਛੋਟੇ ਆਕਾਰ ਵਾਲੇ ਅੱਖਰ ਲਿਖਣ ਦੇ ਯੋਗ ਹੋ ਜਾਂਦਾ ਹੈ, ਅਰਥਾਤ ਉਸ ਨੂੰ ਚੀਜ਼ਾਂ ਦੇ ਆਕਾਰ, ਰੰਗ, ਦੂਰੀ ਆਦਿ ਦੀ ਸੋਝੀ ਹੋ ਜਾਂਦੀ ਹੈ। ਬੱਚੇ ਨੂੰ ਪੈਨਸਿਲ ਨਾਲ ਲਿਖਣਾ ਸਿਖਾਉਣਾ ਚਾਹੀਦਾ ਹੈ। ਜੇ ਉਸ ਨੂੰ ਰਬੜ ਵੀ ਦਿੱਤੀ ਜਾਵੇ ਤਾਂ ਉਸ ਨੂੰ ਲਿਖਣਾ ਅਤੇ ਮੇਟਣਾ ਦੋਵੇਂ ਆ ਜਾਣ ਕਰਕੇ, ਉਸ ਦੀ ਲਿਖਣ ਵਿਚ ਦਿਲਚਸਪੀ ਵਧ ਜਾਂਦੀ ਹੈ। ਚਾਰ ਸਾਲ ਦਾ ਬੱਚਾ ਸੱਜੇ ਹੱਥ ਦੀ ਉਂਗਲ ਨਾਲ ਚੱਕਰ ਵਾਹੁਣ ਲੱਗ ਪੈਂਦਾ ਹੈ। ਪੰਜ ਸਾਲ ਦਾ ਚੀਜ਼ਾਂ ਨੂੰ ਲਾਈਨ ਵਿਚ ਰੱਖਣਾ ਸਿੱਖ ਜਾਂਦਾ ਹੈ। ਛੇ ਸਾਲ ਦਾ ਬੱਚਾ ਤਿਕੋਣ ਬਣਾ ਸਕਦਾ ਹੈ ਅਤੇ ਉਹ ਸੰਗੀਤ ਦੀਆਂ ਧੁਨੀਆਂ ਦੀ ਤਰਤੀਬ ਵਿਚ ਦਿਲਚਸਪੀ ਲੈਣ ਲੱਗ ਪੈਂਦਾ ਹੈ। ਇਨ੍ਹਾਂ ਸਾਲਾਂ ਵਿਚ ਬੱਚਾ ਕੁਝ ਕਰਨਾ ਹੀ ਨਹੀਂ ਸਿੱਖ ਰਿਹਾ ਹੁੰਦਾ, ਉਸ ਦੀ ਸ਼ਬਦਾਵਲੀ ਅਤੇ ਯਾਦਸ਼ਕਤੀ ਵੀ ਵਿਕਸਿਤ ਹੋ ਰਹੀ ਹੁੰਦੀ ਹੈ। ਬੱਚੇ ਨੂੰ ਵੱਧ ਤੋਂ ਵੱਧ ਕਾਰਜਾਂ ਵਿਚ ਭਾਗ ਲੈਣ ਲਈ ਪ੍ਰੇਰਨਾ ਚਾਹੀਦਾ ਹੈ। ਬੱਚੇ ਨੂੰ ਹੋਰ ਬੱਚਿਆਂ ਨਾਲ ਸਕੂਲ ਭੇਜਣਾ ਚਾਹੀਦਾ ਹੈ ਕਿਉਂਕਿ ਬੱਚੇ, ਬੱਚਿਆਂ ਤੋਂ ਬਹੁਤ ਕੁਝ ਸਿੱਖਦੇ ਹਨ ਅਤੇ ਹੋਰ ਬੱਚਿਆਂ ਦੇ ਵਿਹਾਰ ਬਾਰੇ ਗੱਲਾਂ ਕਰਦਿਆਂ ਆਪਣੀ ਸ਼ਬਦਾਵਲੀ ਅਤੇ ਯਾਦਸ਼ਕਤੀ ਦਾ ਪ੍ਰਮਾਣ ਦਿੰਦੇ ਹਨ। ਬੱਚੇ ਖੁੱਲ੍ਹ ਕੇ ਆਪਣੇ ਹਾਣ ਦਿਆਂ ਨਾਲ ਵਿਚਰਦੇ ਹਨ। ਦੋ ਕਿਸਮ ਦੀਆਂ ਮੁਹਾਰਤਾਂ ਹੁੰਦੀਆਂ ਹਨ: ਸਹਿਯੋਗੀ ਮੁਹਾਰਤਾਂ ਅਤੇ ਪ੍ਰਤੀਯੋਗੀ ਮੁਹਾਰਤਾਂ। ਬੱਚੇ ਆਪਣੀ ਲੋੜ ਅਨੁਸਾਰ ਹੋਰਾਂ ਨੂੰ ਸਹਿਯੋਗ ਦਿੰਦੇ ਹਨ ਜਾਂ ਵਿਰੋਧ ਅਤੇ ਮੁਕਾਬਲਾ ਕਰਦੇ ਹਨ ਜਿਸ ਨਾਲ ਉਨ੍ਹਾਂ ਦੀ ਸ਼ਬਦਾਵਲੀ ਦੁੱਗਣੀ ਅਤੇ ਯਾਦਸ਼ਕਤੀ ਵਿਕਸਿਤ ਹੁੰਦੀ ਹੈ ਅਤੇ ਬੱਚੇ ਚੁਸਤ ਹੋ ਜਾਂਦੇ ਹਨ।

ਹਰੇਕ ਉਮਰ ਦੇ ਵੱਖਰੇ ਰੁਝੇਵੇਂ ਅਤੇ ਗੱਲਬਾਤ ਦੇ ਵੱਖਰੇ ਵੇਰਵੇ ਹੁੰਦੇ ਹਨ। ਸੱਤ ਸਾਲ ਤਕ ਬੱਚਾ ਸਵੈ-ਕੇਂਦਰਿਤ ਹੁੰਦਾ ਹੈ, ਉਹ ਮਾਪਿਆਂ ਦੇ ਨੇੜੇ-ਤੇੜੇ ਰਹਿੰਦਾ ਹੈ। ਸੱਤ ਤੋਂ ਲਗਪਗ ਚੌਦ੍ਹਾਂ ਸਾਲ ਦੇ ਲੜਕੇ, ਲੜਕਿਆਂ ਨਾਲ ਅਤੇ ਲੜਕੀਆਂ, ਲੜਕੀਆਂ ਨਾਲ ਵਿਚਰਦੀਆਂ ਹਨ। ਚੌਦ੍ਹਾਂ ਤੋਂ ਲਗਪਗ ਵੀਹ-ਇੱਕੀ ਸਾਲ ਦੌਰਾਨ ਲੜਕੇ, ਲੜਕੀਆਂ ਬਾਰੇ ਅਤੇ ਲੜਕੀਆਂ, ਲੜਕਿਆਂ ਬਾਰੇ ਗੱਲਾਂ ਕਰਦੀਆਂ ਹਨ। ਇਸ ਉਮਰ ਵਿਚ ਸਾੜਾ, ਈਰਖਾ ਜਾਗਦੀ ਹੈ, ਨਵੇਂ ਸ਼ਬਦ ਗੱਲਬਾਤ ਵਿਚ ਸ਼ਾਮਲ ਹੁੰਦੇ ਹਨ, ਡਿਕਸ਼ਨਰੀਆਂ ਵਿਚ ਗੁਪਤ ਅੰਗਾਂ ਦੇ ਅਰਥ ਵੇਖੇ ਜਾਂਦੇ ਹਨ, ਆਪਣੀਆਂ ਗੱਲਾਂ ਗੁਪਤ ਰੱਖਣ ਦੀ ਲੋੜ ਪੈਂਦੀ ਹੈ। ਇਸ ਉਮਰ ਵਿਚ ਕਲਪਨਾ ਜਾਗਦੀ ਹੈ, ਸਰੀਰਾਂ ਵਿਚ ਪਰਿਵਰਤਨ ਬੁਝਾਰਤ ਬਣ ਜਾਂਦਾ ਹੈ। ਕਿਸੇ ਦੀ ਯਾਦ ਆਉਣ ਲੱਗ ਪੈਂਦੀ ਹੈ, ਸੋਚਣ ਦੀ, ਵਿਉਂਤ ਬਣਾਉਣ ਦੀ ਆਦਤ ਉਪਜਦੀ ਹੈ। ਯਾਦ ਉਸ ਦੀ ਆਉਂਦੀ ਹੈ ਜਿਸ ਨੂੰ ਮਿਲਣਾ ਮੁਸ਼ਕਿਲ ਹੁੰਦਾ ਹੈ। ਇਸ ਉਮਰ ਵਿਚ ਸਵੈ-ਪਿਆਰ ਦੀ ਨਾਰਸੀ ਰੁਚੀ ਜਾਗਦੀ ਹੈ, ਆਪਣੀਆਂ ਫੋਟੋਆਂ ਅਤੇ ਕਿਸੇ ਦੀਆਂ ਤਸਵੀਰਾਂ ਚੰਗੀਆਂ ਲੱਗਣ ਲੱਗ ਪੈਂਦੀਆਂ ਹਨ। ਇਹ ਰੋਮਾਂਸ ਦੀ ਉਮਰ ਹੁੰਦੀ ਹੈ। ਇਸ ਸਮੇਂ ਦੇ ਅਨੁਭਵ, ਅਭੁੱਲ ਯਾਦਾਂ ਬਣ ਜਾਂਦੀਆਂ ਹਨ। ਇੱਕੀ-ਬਾਈ ਸਾਲ ਦੀ ਉਮਰ ਵਿਚ ਰੁਜ਼ਗਾਰ ਦੀ ਚਿੰਤਾ ਘੇਰਨ ਲੱਗ ਪੈਂਦੀ ਹੈ, ਕੁਝ ਬਣਨ ਦਾ ਜਨੂੰਨ ਭਾਰੂ ਹੋ ਜਾਂਦਾ ਹੈ। ਇਸ ਉਮਰ ਵਿਚ ਲੜਕੀਆਂ ਵਿਆਹ ਬਾਰੇ ਅਤੇ ਲੜਕੇ ਰੁਜ਼ਗਾਰ ਬਾਰੇ ਸੋਚਦੇ ਹਨ। ਜਿਹੜੇ ਉਦੋਂ ਵਿਆਹ ਕਰਵਾ ਲੈਂਦੇ ਹਨ ਜਦੋਂ ਵਿਆਹ ਨਹੀਂ ਕਰਵਾਉਣਾ ਚਾਹੀਦਾ ਸੀ, ਉਨ੍ਹਾਂ ਦਾ ਵਿਆਹ ਅਜਿਹੀ ਗ਼ਲਤੀ ਸਾਬਤ ਹੁੰਦੀ ਹੈ ਜਿਸ ਉਪਰੰਤ ਗ਼ਲਤੀਆਂ ਹੁੰਦੀਆਂ ਚਲੀਆਂ ਜਾਂਦੀਆਂ ਹਨ। ਗ਼ਲਤੀਆਂ ਪਛਤਾਵੇ ਸਿਰਜਦੀਆਂ ਹਨ। ਪਛਤਾਵੇ ਬੜੀਆਂ ਸੰਘਣੀਆਂ ਯਾਦਾਂ ਬਣ ਜਾਂਦੇ ਹਨ ਜਿਨ੍ਹਾਂ ਕਾਰਨ



ਯਥਾਰਥ ਨਾਲ ਸਾਹਮਣਾ ਹੁੰਦਾ ਹੈ ਅਤੇ ਕਲਪਨਾ ਦੀਆਂ ਉਡਾਰੀਆਂ ਲਾ ਰਿਹਾ ਵਿਅਕਤੀ ਪਥਰੀਲੀ ਧਰਤੀ ਉੱਤੇ ਆ ਡਿੱਗਦਾ ਹੈ। ਅਕਸਰ ਤੀਹ-ਪੈਂਤੀ ਕੁ ਸਾਲ ਦੀ ਉਮਰ ਤਕ ਮਨੁੱਖ ਦੇ ਬੁਨਿਆਦੀ ਅਨੁਭਵ ਅਤੇ ਯਾਦਾਂ ਸਥਾਪਤ ਹੋ ਚੁੱਕੀਆਂ ਹੁੰਦੀਆਂ ਹਨ। ਪੜ੍ਹਾਈ ਮੁੱਕ ਚੁੱਕੀ ਹੁੰਦੀ ਹੈ, ਪਿਆਰ ਹੋ ਚੁੱਕਿਆ ਹੁੰਦਾ ਹੈ, ਰੁਜ਼ਗਾਰ ਲੱਗ ਚੁੱਕਿਆ ਹੁੰਦਾ ਹੈ, ਵਿਆਹ ਹੋ ਚੁੱਕਾ ਹੁੰਦਾ ਹੈ ਅਤੇ ਪਰਿਵਾਰ ਦੀ ਰੂਪ-ਰੇਖਾ ਸਪਸ਼ਟ ਹੋ ਚੁੱਕੀ ਹੁੰਦੀ ਹੈ। ਇਸ ਉਪਰੰਤ ਤਰਜੀਹਾਂ ਬਦਲਣ ਲੱਗ ਪੈਂਦੀਆਂ ਹਨ ਅਤੇ ਕਾਰੋਬਾਰੀ ਯਾਦਾਂ ਦਾ ਦੌਰ ਆਰੰਭ ਹੁੰਦਾ ਹੈ। ਬੱਚੇ ਹੋਣ ਨਾਲ ਪਤੀ-ਪਤਨੀ ਪਿਛੋਕੜ ਵਿਚ ਅਤੇ ਬੱਚੇ ਮੂਹਰਲੀ ਕਤਾਰ ਵਿਚ ਆਉਣ ਕਰਕੇ, ਮੈਂ ਵਾਲੇ ਜੀਵਨ ਦੀ ਥਾਂ ਅਸੀਂ ਅਤੇ ਸਾਡੇ ਵਾਲੇ ਜੀਵਨ ਦਾ ਦੌਰ ਆਰੰਭ ਹੁੰਦਾ ਹੈ। ਚਾਲੀ ਕੁ ਸਾਲ ਤਕ ਜ਼ਿੰਦਗੀ ਨਦੀਆਂ ਪਹਾੜਾਂ, ਉਚਾਣਾਂ-ਨਿਵਾਣਾਂ ਨੂੰ ਪਾਰ ਕਰਕੇ ਪੱਧਰੇ ਮੈਦਾਨ ਵਿਚ ਆ ਜਾਂਦੀ ਹੈ। ਇਸ ਵੇਲੇ ਤਕ ਅਤੀਤ ਅਤੇ ਵਰਤਮਾਨ ਦੋ ਖੇਤਰ ਪ੍ਰਤੱਖ ਹੋ ਜਾਂਦੇ ਹਨ। ਨਵੀਆਂ ਸਮੱਸਿਆਵਾਂ, ਮੁਸ਼ਕਿਲਾਂ ਆਦਿ ਤਾਂ ਆਉਂਦੀਆਂ ਹਨ, ਪਰ ਇਨ੍ਹਾਂ ਨੂੰ ਅਸੀਂ ਅਤੀਤ ਵਿਚ ਵਰਤੇ ਢੰਗਾਂ-ਤਰੀਕਿਆਂ ਦੇ ਆਧਾਰ 'ਤੇ ਹੱਲ ਕਰਨ ਦਾ ਯਤਨ ਅਤੇ ਉਪਰਾਲਾ ਕਰਦੇ ਹਾਂ। ਇੱਥੇ ਪਹੁੰਚ ਕੇ ਵੱਡੇ ਇਨਕਲਾਬੀ ਵੀ ਪਰੰਪਰਵਾਦੀ ਹੋ ਨਿਬੜਦੇ ਹਨ। ਕੁਝ ਨਵਾਂ ਘੱਟ ਹੀ ਵਾਪਰਦਾ ਹੈ। ਬਹੁਤਾ ਕੁਝ ਦੁਹਰਾਇਆ ਹੀ ਜਾਂਦਾ ਹੈ। ਸਮੁੱਚੀ ਜ਼ਿੰਦਗੀ ਇਕ ਸਾਂਚੇ ਵਿਚ, ਨਿਤਨੇਮ ਅਤੇ ਟਾਈਮ-ਟੇਬਲ ਵਿਚ ਢਲ ਜਾਂਦੀ ਹੈ।

ਯਾਦਾਂ ਦਾ ਸਬੰਧ ਘਟਨਾਵਾਂ ਦੇ ਰੂਪ ਵਿਚ ਅਤੀਤ ਨਾਲ, ਵਿਚਾਰਾਂ ਦਾ ਵਰਤਮਾਨ ਨਾਲ ਅਤੇ ਵਿਉਂਤਾਂ ਦਾ ਸਬੰਧ ਭਵਿੱਖ ਨਾਲ ਹੁੰਦਾ ਹੈ। ਉਮਰ ਦੇ ਵਧਣ ਨਾਲ ਯਾਦ ਸ਼ਕਤੀ ਕਮਜ਼ੋਰ ਨਹੀਂ ਪੈਂਦੀ, ਭੁੱਲਣ ਸ਼ਕਤੀ ਵਧ ਜਾਂਦੀ ਹੈ। ਅਜੋਕੇ ਮਨੁੱਖ ਨੂੰ ਜਿਤਨਾ ਕੁਝ ਯਾਦ ਰੱਖਣ ਦੀ ਲੋੜ ਪੈਂਦੀ ਹੈ, ਉਤਨਾ ਕੁਝ ਯਾਦ ਰੱਖਣ ਦੀ ਸਮਰੱਥਾ ਨਹੀਂ ਹੁੰਦੀ। ਅਨੇਕਾਂ ਪਾਸਿਆਂ ਤੋਂ ਆਵਾਜ਼ਾਂ, ਸ਼ਬਦਾਂ, ਤਸਵੀਰਾਂ ਅਤੇ ਅੰਕੜਿਆਂ ਵਿਚ ਆ ਰਹੀ ਕਈ ਪ੍ਰਕਾਰ ਦੀ ਸੂਚਨਾ ਨੂੰ ਦਿਮਾਗ਼ੀ ਫਾਈਲਾਂ ਵਿਚ ਸਾਂਭਿਆ ਜਾਂਦਾ ਹੈ। ਕਈ ਵਾਰ ਇਕ ਫਾਈਲ ਦੀ ਸਮੱਗਰੀ ਕਿਸੇ ਹੋਰ ਫਾਈਲ ਵਿਚ ਨੱਥੀ ਹੋ ਜਾਂਦੀ ਹੈ। ਕਈ ਵਾਰ ਫਾਈਲ ਹੀ ਗਵਾਚ ਜਾਂਦੀ ਹੈ। ਕੋਈ ਦਿਸਦਾ ਰਹੇ, ਸੁਣਦਾ ਰਹੇ, ਉਹ ਯਾਦ ਰਹਿੰਦਾ ਹੈ, ਨਹੀਂ ਤਾਂ ਹਰ ਯਾਦ ਦੀ ਇਕ ਮਿਆਦ ਹੁੰਦੀ ਹੈ। ਮਿਆਦ ਮੁੱਕਣ 'ਤੇ ਉਹ ਗੱਲ ਸਾਡੇ ਚੇਤੇ ਵਿਚੋਂ ਨਿਕਲ ਜਾਂਦੀ ਹੈ। ਅਧਿਆਪਕਾਂ ਨੂੰ ਉਘੜਵੇਂ ਵਿਦਿਆਰਥੀ ਹੀ ਯਾਦ ਰਹਿੰਦੇ ਹਨ। ਅਸੀਂ ਸ਼ੇਰ ਨੂੰ ਜਾਣਦੇ ਹਾਂ, ਪਰ ਸ਼ੇਰ ਸਾਨੂੰ ਨਹੀਂ ਜਾਣਦਾ। ਯਾਦ ਰਹਿਣ ਵਾਲੇ ਵੀ ਕਿਸੇ ਸੰਦਰਭ, ਕਿਸੇ ਘਟਨਾ ਦੇ ਸਬੰਧ ਵਿਚ ਕਿਸੇ ਰਿਸ਼ਤੇ ਦੇ ਹਵਾਲੇ ਨਾਲ ਯਾਦ ਰਹਿੰਦੇ ਹਨ। ਜਿਵੇਂ ਕੋਈ ਕਿਸੇ ਦੇ ਪਤੀ ਵਜੋਂ, ਕਿਰਾਏਦਾਰ ਵਜੋਂ, ਕੋਈ ਵੱਡੀ ਬੇਈਮਾਨੀ ਕਰਨ ਵਜੋਂ ਅਤੇ ਕੋਈ ਬੜੀ ਵੱਡੀ ਮਦਦ ਕਰਨ ਵਜੋਂ ਯਾਦ ਰਹਿੰਦਾ ਹੈ। ਜੇ ਕਾਰ ਬਦਲ ਲਈ ਹੈ ਤਾਂ ਉਸ ਦਾ ਨੰਬਰ, ਉਸ ਦਾ ਮਕੈਨਿਕ ਅਤੇ ਉਸ ਦਾ ਡਰਾਈਵਰ ਆਦਿ ਭੁੱਲ ਜਾਵੇਗਾ। ਜੇ ਯਾਦ ਰੱਖਣਾ ਯੋਗਤਾ ਹੈ ਤਾਂ ਭੁੱਲਣਾ ਵੀ ਯੋਗਤਾ ਹੈ। ਜੇ ਮਨੁੱਖ ਵਿਚ ਭੁੱਲਣ ਦੀ ਯੋਗਤਾ ਨਾ ਹੁੰਦੀ ਤਾਂ ਹਰ ਕਿਸੇ ਨੇ ਪਾਗ਼ਲ ਹੋ ਜਾਣਾ ਸੀ। ਕਈ ਕਹਿੰਦੇ ਹਨ, ਮੇਰੀ ਯਾਦ ਸ਼ਕਤੀ ਕਮਜ਼ੋਰ ਹੋ ਗਈ ਹੈ। ਪੁੱਛੋ ਤੁਹਾਡਾ ਵਿਆਹ ਕਿਵੇਂ ਹੋਇਆ ਸੀ, ਤੁਹਾਡੇ ਪੈਸੇ ਕਿਸ ਨੇ ਮਾਰੇ ਸਨ, ਤੁਹਾਡੀ ਜਾਨ ਕਿਸ ਨੇ ਬਚਾਈ ਸੀ, ਤੁਹਾਡਾ ਵੱਡਾ ਓਪਰੇਸ਼ਨ ਕਦੋਂ ਹੋਇਆ ਸੀ। ਉਸ ਦੇ ਵੇਰਵਿਆਂ ਤੋਂ ਸਾਬਤ ਹੋਵੇਗਾ ਕਿ ਯਾਦਸ਼ਕਤੀ ਕਮਜ਼ੋਰ ਨਹੀਂ ਮਜ਼ਬੂਤ ਹੋ ਗਈ ਹੈ। ਖੁਰਾਕ ਦੇ ਘਟ ਜਾਣ, ਸੇਵਾਮੁਕਤ ਹੋਣ ਜਾਂ ਕਿਸੇ ਰੋਗ ਕਾਰਨ ਸਰੀਰ ਦੀ ਕਾਰਜਸ਼ੀਲਤਾ ਸੁਸਤ ਹੋ ਜਾਂਦੀ ਹੈ। ਖੁਰਾਕ ਵਿਚ ਦਿਮਾਗ਼ ਦੀ ਕਾਰਜਸ਼ੀਲਤਾ ਬਣਾਈ ਰੱਖਣ ਵਾਲੇ ਤੱਤਾਂ ਦੀ ਘਾਟ ਕਾਰਨ ਮਨੁੱਖ ਕਮਜ਼ੋਰੀ ਮਹਿਸੂਸ ਕਰਦਾ ਹੈ। ਬਾਦਾਮ, ਅਖਰੋਟ ਅਤੇ ਹੋਰ ਗਿਰੀਆਂ ਵਿਚਲੇ ਖਣਿਜ ਅਤੇ ਫਰੂਟ ਵਿਚਲੇ ਵਿਟਾਮਿਨ ਸਾਡੀ ਯਾਦਸ਼ਕਤੀ ਨੂੰ ਤੰਦਰੁਸਤ ਰੱਖਦੇ ਹਨ। ਕੇਵਲ ਖੁਰਾਕ ਦੀ ਹੀ ਲੋੜ ਨਹੀਂ ਹੁੰਦੀ, ਸਰੀਰ ਵੀ ਚੁਸਤ ਅਤੇ ਕਾਰਜਸ਼ੀਲ ਰਹਿਣਾ ਚਾਹੁੰਦਾ ਹੈ। ਟੁਰਨ ਨਾਲ, ਕਸਰਤ ਨਾਲ ਸਰੀਰ ਚੁਸਤ ਰਹਿੰਦਾ ਹੈ। ਪਤੀ-ਪਤਨੀ ਵਿਚਕਾਰ ਸੁਖਾਵੇਂ ਸਬੰਧ ਦੋਹਾਂ ਨੂੰ ਚੁਸਤ-ਦਰੁਸਤ ਰੱਖਦੇ ਹਨ।

ਯਾਦਸ਼ਕਤੀ ਨੂੰ ਤੰਦਰੁਸਤ ਬਣਾਈ ਰੱਖਣ ਵਾਸਤੇ ਦੋਸਤਾਂ-ਸਹੇਲੀਆਂ ਨੂੰ ਮਿਲਦੇ ਰਹਿਣਾ ਚਾਹੀਦਾ ਹੈ। ਮਨ ਦੇ ਜਾਲੇ ਲਾਹੁਣ ਅਤੇ ਗਿਲੇ-ਸ਼ਿਕਵੇ ਤਿਆਗਣ ਦੀ ਵੀ ਲੋੜ ਹੁੰਦੀ ਹੈ। ਇਹ ਯਾਦ ਆਉਣਾ ਕਿ ਮੈਂ ਮਰ ਜਾਣਾ ਹੈ, ਇਹ ਭਵਿੱਖ ਦੀ ਯਾਦ ਹੁੰਦੀ ਹੈ। ਕੁਝ ਯਾਦਾਂ ਵਿਦਾ ਹੋ ਜਾਂਦੀਆਂ ਹਨ, ਕੁਝ ਕਰਨੀਆਂ ਪੈਂਦੀਆਂ ਹਨ। ਜੀਵਨ ਸਾਥੀ ਦੇ ਵਿਛੋੜੇ ਉਪਰੰਤ ਉਸ ਦੀਆਂ ਯਾਦਾਂ ਸੁਖ ਦਿੰਦੀਆਂ ਹਨ। ਕਿਸੇ ਨੂੰ ਯਾਦ ਕਰਕੇ ਰੋਣਾ ਉਸ ਦੇ ਵਿਛੋੜੇ ਨੂੰ ਬਰਦਾਸ਼ਤ ਕਰਨ ਵਿਚ ਸਹਾਈ ਹੁੰਦਾ ਹੈ।

ਮਨੁੱਖ ਦੀ ਯਾਦ ਰੱਖਣ ਦੀ ਯੋਗਤਾ ਬਹੁਤੀ ਪੁਰਾਣੀ ਨਹੀਂ ਹੈ। ਸਾਧਾਰਨ ਉਹ ਹੁੰਦਾ ਹੈ ਜੋ ਅਸੀਂ ਭੁੱਲ ਜਾਂਦੇ ਹਾਂ। ਵਿਸ਼ੇਸ਼ ਉਹ ਹੁੰਦਾ ਹੈ ਜੋ ਅਸੀਂ ਯਾਦ ਰੱਖਣਾ ਚਾਹੁੰਦੇ ਹਾਂ ਅਤੇ ਰੱਖਦੇ ਹਾਂ। ਯਾਦਸ਼ਕਤੀ ਉਸਾਰਨ ਵਿਚ ਸੁਣਨ ਅਤੇ ਵੇਖਣ ਦੀ ਭੂਮਿਕਾ ਅਹਿਮ ਹੁੰਦੀ ਹੈ। ਸੁਣਨ ਸ਼ਕਤੀ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਅਸੀਂ ਸੁਣ ਕੀ ਰਹੇ ਹਾਂ। ਪੁਰਸ਼ ਅਤੇ ਇਸਤਰੀ ਵੱਖ-ਵੱਖ ਵੇਰਵਿਆਂ ਵੱਲ ਧਿਆਨ ਦਿੰਦੇ ਹਨ। ਇਸਤਰੀਆਂ ਆਪਣੀ ਪ੍ਰਸੰਸਾ ਅਤੇ ਨਿੰਦਾ ਵਧੇਰੇ ਧਿਆਨ ਨਾਲ ਸੁਣਦੀਆਂ ਹਨ ਅਤੇ ਯਾਦ ਰੱਖਦੀਆਂ ਹਨ। ਪੁਰਸ਼ ਪ੍ਰਸੰਸਾ ਸੁਣਦੇ ਹਨ, ਪਰ ਨਿੰਦਾ ਨੂੰ ਰੱਦ ਕਰ ਦਿੰਦੇ ਹਨ। ਵਧੇਰੇ ਬੋਲਣ ਵਾਲੇ ਵਧੇਰੇ ਨੁਕਸ ਕੱਢਦੇ ਹਨ, ਚੁੱਪ ਰਹਿਣ ਵਾਲੇ ਲੋਕ ਵਧੇਰੇ ਅਣਡਿੱਠ ਕਰਦੇ ਹਨ ਅਤੇ ਵਧੇਰੇ ਖਿਮਾਮਈ ਹੁੰਦੇ ਹਨ। ਫੋਟੋਆਂ ਯਾਦਾਂ ਜਗਾ ਦਿੰਦੀਆਂ ਹਨ। ਸੁਣੇ ਨਾਲੋਂ ਵੇਖਿਆ ਵਧੇਰੇ ਯਾਦ ਰਹਿੰਦਾ ਹੈ। ਜਿਨ੍ਹਾਂ ਦੀ ਯਾਦਸ਼ਕਤੀ ਕਮਜ਼ੋਰ ਹੁੰਦੀ ਹੈ, ਉਹ ਅਣਜਾਣੇ ਹੀ ਝੂਠ ਬੋਲਦੇ ਹਨ। ਜਿਨ੍ਹਾਂ ਦੀ ਯਾਦਸ਼ਕਤੀ ਚੰਗੀ ਹੁੰਦੀ ਹੈ, ਉਨ੍ਹਾਂ ਨੂੰ ਝੂਠ ਬੋਲਣ ਵਿਚ ਯਾਦਸ਼ਕਤੀ ਸਹਾਇਕ ਹੁੰਦੀ ਹੈ। ਬੁਢਾਪੇ ਵਿਚ ਨਵੀਆਂ ਗੱਲਾਂ ਭੁੱਲ ਜਾਂਦੀਆਂ ਹਨ ਜਦੋਂਕਿ ਪੁਰਾਣੀਆਂ ਗੱਲਾਂ ਦੀ ਯਾਦ ਵਧੇਰੇ ਸਪਸ਼ਟ ਹੋ ਜਾਂਦੀ ਹੈ। ਕਾਰਨ ਇਹ ਹੈ ਕਿ ਨਵੀਆਂ ਗੱਲਾਂ ਦੀ ਤਹਿ ਪਤਲੀ ਹੁੰਦੀ ਹੈ ਜਦੋਂਕਿ ਪੁਰਾਣੀਆਂ ਗੱਲਾਂ ਦੀਆਂ ਪਰਤਾਂ ਵਧੇਰੇ ਅਤੇ ਤਹਿ ਮੋਟੀ ਹੁੰਦੀ ਹੈ। ਗੁਜ਼ਰੀ ਜ਼ਿੰਦਗੀ ਵਿਚ ਯਾਦਸ਼ਕਤੀ ਬਲਵਾਨ ਸੀ, ਉਹ ਵੇਖਿਆ-ਸੁਣਿਆ ਸਾਂਭ ਲੈਂਦੀ ਸੀ। ਬੁਢਾਪੇ ਵਿਚ ਅੱਧੇ ਸੁੱਤੇ, ਅੱਧੇ ਜਾਗਦੇ ਦੀ ਸਥਿਤੀ ਨਾਲ ਸੁਣੀ ਗੱਲ ਸਾਂਭੀ ਨਹੀਂ ਜਾਂਦੀ। ਬੁਢਾਪੇ ਵਿਚ ਅਕਸਰ ਕੋਈ ਯਾਦ, ਗੱਲ ਜਾਂ ਲੋੜ ਪੈਣ 'ਤੇ ਸੁਝਦੀ ਹੀ ਨਹੀਂ। ਯਾਦਾਂ ਨਾਲੋਂ ਯਾਦ ਕਰਨ ਦੀ ਯੋਗਤਾ ਵਧੇਰੇ ਮਹੱਤਵਪੂਰਨ ਹੁੰਦੀ ਹੈ। ਕਿਸੇ ਕਾਰਜ ਨੂੰ ਕਰਨ ਦਾ ਢੰਗ ਸਾਡੀ ਯਾਦਸ਼ਕਤੀ ਵਿਚ ਹੁੰਦਾ ਹੈ। ਸਵੇਰੇ ਉੱਠਣ ਵੇਲੇ ਸਾਡਾ ਸਰੀਰ ਹੀ ਜਾਗਦਾ ਹੈ, ਨਾਉਂ-ਅਹੁਦਾ ਆਦਿ ਨਹੀਂ ਉੱਠਦਾ। ਪਹਿਲਾਂ ਅਸੀਂ ਆਪਣਾ ਨਾਂ ਪਹਿਨਦੇ ਹਾਂ, ਫਿਰ ਅਹੁਦਾ ਪਹਿਨਦੇ ਹਾਂ ਅਤੇ ਕਈ ਚੀਜ਼ਾਂ ਪਹਿਨਣ ਉਪਰੰਤ ਅਸੀਂ ਗੁਜ਼ਰੇ ਕੱਲ੍ਹ ਵਰਗੇ ਬਣ ਜਾਂਦੇ ਹਾਂ।

ਯਾਦਾਂ ਸੁੱਤੀਆਂ ਹੁੰਦੀਆਂ ਹਨ, ਜਗਾਉਣ ਨਾਲ ਇਹ ਸਜੀਵ ਹੋ ਜਾਂਦੀਆਂ ਹਨ। ਸਾਨੂੰ ਪਤਾ ਨਹੀਂ ਲੱਗਦਾ ਕਿ ਜੋ ਵਾਪਰ ਰਿਹਾ ਹੈ, ਇਹ ਯਾਦ ਬਣ ਜਾਵੇਗਾ। ਹਰ ਮਹੱਤਵਪੂਰਨ ਦ੍ਰਿਸ਼ ਜਾਂ ਘਟਨਾ ਵਿਚ ਨਾਟਕੀ ਤੱਤ ਹੁੰਦੇ ਹਨ, ਇਹ ਤੱਤ ਯਾਦ ਰਹਿੰਦੇ ਹਨ। ਜਿਸ ਮਕਾਨ ਵਿਚ ਹੁਣ ਰਹਿ ਰਹੇ ਹੋ, ਉਸ ਦੀ ਯਾਦ ਨਹੀਂ ਆਵੇਗੀ, ਜਿਸ ਵਿਚ ਰਹਿੰਦੇ ਸੀ, ਉਸ ਦੀ ਆਵੇਗੀ। ਜਿਨ੍ਹਾਂ ਵਿਚਾਰਾਂ, ਵਿਅਕਤੀਆਂ ਨਾਲ ਅਸੀਂ ਸਹਿਮਤ ਨਹੀਂ ਹੁੰਦੇ, ਉਹ ਸਾਡੀਆਂ ਯਾਦਾਂ ਨਹੀਂ ਬਣਦੇ। ਕਈ ਵਾਰੀ ਕਿਸੇ ਦੀ ਗੱਲ ਸੁਣ ਕੇ ਸਾਡੇ ਕੰਨ ਵੀ ਵਿਰੋਧ ਕਰਦੇ ਹਨ, ਕਈ ਦ੍ਰਿਸ਼ਾਂ ਨੂੰ ਅੱਖਾਂ ਧਿਆਨ ਨਾਲ ਵੇਖਦੀਆਂ ਹੀ ਨਹੀਂ। ਯਾਦਾਂ ਵਿਚਲੇ ਵੇਰਵੇ ਭਾਵਾਂ-ਨਾਵਾਂ ਕਰਕੇ ਯਾਦ ਰਹਿੰਦੇ ਹਨ। ਦੁਖਦਾਈ ਅਨੁਭਵ, ਘਾਟੇ, ਵਿਛੋੜੇ ਆਦਿ ਵਧੇਰੇ ਵੇਰਵਿਆਂ ਨਾਲ ਯਾਦ ਰਹਿੰਦੇ ਹਨ। ਉਦਾਹਰਣ ਵਜੋਂ ਮਾਂ ਦੇ ਮਰਨ ਵੇਲੇ ਤੁਸੀਂ ਕਿੱਥੇ ਸੀ, ਕੀ ਕਰ ਰਹੇ ਸੀ, ਕਿਵੇਂ ਪਤਾ ਲੱਗਿਆ, ਕੀ ਅਸਰ ਹੋਇਆ, ਸਭ ਯਾਦ ਹੋਵੇਗਾ।

ਅਜੋਕੇ ਸਮਿਆਂ ਵਿਚ ਯਾਦਾਂ ਅਤੇ ਯਾਦਸ਼ਕਤੀ ਦਾ ਸੁਭਾਓ ਬਦਲ ਰਿਹਾ ਹੈ। ਹੁਣ ਸਭ ਕੁਝ ਗੂਗਲ ਵਿਚ ਹਾਜ਼ਰ ਹੈ, ਸੋ ਅਸੀਂ ਬਹੁਤਾ ਕੁਝ ਯਾਦ ਨਹੀਂ ਰੱਖਦੇ। ਇੰਟਰਨੈੱਟ, ਦਿਮਾਗ਼ ਤੋਂ ਬਾਹਰ, ਸਾਡਾ ਦਿਮਾਗ਼ ਬਣ ਗਿਆ ਹੈ। ਹੁਣ ਅਸੀਂ ਯਾਦਾਂ ਨੂੰ ਫੋਟੋਆਂ ਵਿਚ ਸਾਂਭਦੇ ਹਾਂ। ਮਨੁੱਖ ਦੀ ਇਕਾਗਰ ਹੋਣ ਦੀ ਸਮਰੱਥਾ ਗੁਆਚਦੀ ਜਾ ਰਹੀ ਹੈ। ਪਤਾ ਨਹੀਂ ਲੱਗ ਰਿਹਾ ਕਿ ਅਸੀਂ ਮੂਰਖ ਬਣ ਰਹੇ ਹਾਂ ਕਿ ਸਿਆਣੇ ਹੋ ਰਹੇ ਹਾਂ। ਇੰਟਰਨੈੱਟ ਨੇ ਸਾਡੀ ਪੜ੍ਹਨ ਅਤੇ ਯਾਦ ਰੱਖਣ ਦੀ ਆਦਤ ਨੂੰ ਪ੍ਰਭਾਵਿਤ ਕੀਤਾ ਹੈ। ਜੇ ਕੁਝ ਨਵਾਂ ਸਿੱਖਦੇ, ਵੇਖਦੇ, ਪੜ੍ਹਦੇ, ਸੁਣਦੇ, ਕਰਦੇ ਰਹੋਗੇ ਤਾਂ ਯਾਦਸ਼ਕਤੀ ਜਵਾਨ ਰਹੇਗੀ ਅਤੇ ਮਿੱਠੀਆਂ ਯਾਦਾਂ, ਕਿਸੇ ਨਾਲ ਮੇਲ ਅਤੇ ਕੀਤੀਆਂ ਗੱਲਾਂ ਜ਼ਿੰਦਗੀ ਨੂੰ ਹੁੰਗਾਰਾ ਦਿੰਦੀਆਂ ਰਹਿਣਗੀਆਂ ਅਤੇ ਜ਼ਿੰਦਗੀ ਥੱਕੇਗੀ ਨਹੀਂ।

*ਨਰਿੰਦਰ ਸਿੰਘ ਕਪੂਰ*

# ਸੋਸ਼ਲ ਡਿਸਟੈਂਸਿੰਗ

ਸਵੇਰੇ ਅਸੀਂ ਗਲੀ ਦਾ ਬਾਹਰਲਾ ਬੂਹਾ ਖੋਲ੍ਹਣ ਲਈ ਬਾਹਰ ਨਿਕਲੇ ਤਾਂ ਸਾਡੇ ਗੁਆਂਢੀ ਗੁਪਤਾ ਜੀ ਚਿਮਟੇ ਨਾਲ, ਹਾਕਰ ਦੁਆਰਾ ਸੁੱਟਿਆ, ਅਖ਼ਬਾਰ ਚੁੱਕੀ ਜਾ ਰਹੇ ਸਨ। ਚਿਮਟੇ ਨਾਲ ਅਖ਼ਬਾਰ ਇਉਂ ਲਟਕ ਰਿਹਾ ਸੀ ਜਿਵੇਂ ਉਨ੍ਹਾਂ ਨੇ ਮਰਿਆ ਹੋਇਆ ਮੇਮਣਾ ਕੰਨੋਂ ਫੜ ਕੇ ਚੁੱਕਿਆ ਹੋਇਆ ਹੋਵੇ।

“ਵਾਹ ਗੁਪਤਾ ਜੀ!“ ਅਸੀਂ ਕਈ ਦਿਨਾਂ ਬਾਅਦ ਦੇਖੇ ਗੁਪਤਾ ਜੀ ਨੂੰ ਹੱਥ ਹਿਲਾ ਕੇ ਵਿਸ਼ ਕੀਤੀ। ਸਾਡੀ ਵਿਸ਼ ਸੁਣਦਿਆਂ ਹੀ ਗੁਪਤਾ ਜੀ ਦੀਆਂ ਪਹਿਲਾਂ ਹੀ ਚੌੜੀਆਂ ਅੱਖਾਂ, ਹੋਰ ਚੌੜੀਆਂ ਹੋ ਗਈਆਂ। ਸਾਡੇ ਵੱਲ ਇਉਂ ਓਪਰਿਆਂ ਵਾਂਗ ਝਾਕੇ ਜਿਵੇਂ ਸਾਨੂੰ ਜਾਣਦੇ ਹੀ ਨਾ ਹੋਣ। ਅਸੀਂ ਆਪਣਾ ਬੁੱਕੋ-ਬੁੱਕ ਲਬਰੇਜ਼ ਗੁਆਂਢੀ-ਪ੍ਰੇਮ ਜ਼ਾਹਰ ਕਰਨ ਲਈ ਉਨ੍ਹਾਂ ਵੱਲ ਵਧੇ। ਸਾਨੂੰ ਆਪਣੇ ਵੱਲ ਆਉਂਦਿਆਂ ਦੇਖ ਕੇ ਉਹ ਇਉਂ ਭੈਅਭੀਤ ਹੋ ਗਏ ਜਿਵੇਂ ਅਸੀਂ ਗੁਆਂਢੀ ਨਾ ਹੋ ਕੇ ਕੋਈ ਜਮਦੂਤ ਹੋਈਏ ਜੋ ਉਨ੍ਹਾਂ ਦੀ ਮੌਤ ਦਾ ਫਰਮਾਨ ਲੈ ਕੇ

## ਕੇ.ਐਲ. ਗਰਗ

ਆਇਆ ਹੋਵੇ। ਅਸੀਂ ਜਿਉਂ-ਜਿਉਂ ਅਗਾਂਹ ਵਧ ਰਹੇ ਸਾਂ। ਉਹ ਓਨਾ ਹੀ ਪਿਛਾਂਹ-ਪਿਛਾਂਹ ਹਟਦੇ ਜਾਂਦੇ ਸਨ। ਉਨ੍ਹਾਂ ਦੀ ਦਾਲ ਤੋਂ ਵੀ ਪਤਲੀ ਹੁੰਦੀ ਜਾਂਦੀ ਹਾਲਤ ਦੇਖ ਕੇ ਅਸੀਂ ਪੁੱਛ ਹੀ ਲਿਆ, “ਗੁਪਤਾ ਜੀ, ਮੌਤ ਤੋਂ ਡਰਦੇ ਓਂ? ਅਸੀਂ ਤਾਂ ਤੁਹਾਡੇ ਗੁਆਂਢੀ ਉਹੀ ਗੋਇਲ ਹਾਂ ਜਿਨ੍ਹਾਂ ਨੂੰ ਤੁਸੀਂ ਘੁੱਟ-ਘੁੱਟ ਜੱਫੀਆਂ ਪਾਉਂਦੇ ਰਹੇ ਹੋ।“ ਗੁਪਤਾ ਜੀ ਨੂੰ ਜਿਵੇਂ ਸਾਡੀ ਗੱਲ ਵਾਰਾ ਨਾ ਖਾਧੀ ਹੋਵੇ। ਝੱਟ ਹੀ ਨੱਕ ਜਿਹਾ ਸੰਗੋੜ ਕੇ ਕਹਿਣ ਲੱਗੇ, “ਮੌਤ ਤੋਂ ਕਿਹੜਾ ਭੜੂਆ ਡਰਦੈ। ਵਾਪਸੀ ਟਿਕਟ ਲੈ ਕੇ ਆਏ ਹੋਏ ਆਂ। ਇਕ ਦਿਨ ਜਾਣਾ ਹੀ ਪੈਣੈਂ। ਅਸੀਂ ਤਾਂ ਅਹਿ ਬਿਮਾਰੀ ਤੋਂ ਡਰਦੇ ਆਂ ਜਿਸ ਦੀ ਹਾਲੇ ਤੱਕ ਕੋਈ ਦਵਾਈ ਤੱਕ ਨਹੀਂ ਲੱਭੀ। ਹਾਲਾਂਕਿ ਸਾਰੀ ਦੁਨੀਆਂ ਦੇ ਵਿਗਿਆਨੀ ਸਿਰ ਪਟਕ-ਪਟਕ ਕੇ ਕਿੱਲ੍ਹੀ ਜਾ ਰਹੇ ਨੇ। ਚੰਗੇ ਹਾਲਾਤ ਵਿਚ ਤਾਂ ਤੁਹਾਡੇ ਜਿਹੇ ਬਿਗਾਨਿਆਂ ਨਾਲ ਵੀ ਘੁੱਟ-ਘੁੱਟ ਜੱਫੀਆਂ ਪਾ ਲੈਂਦੇ ਸੀ, ਪਰ ਹੁਣ ਤਾਂ ਇਸ ਚੰਦਰੀ ਵਾਅ ਕਾਰਨ ਸਾਡੀ ਸਕੀ ਤੇ ਇਕਲੌਤੀ ਪਤਨੀ ਨੇ ਵੀ ਛੇ-ਫੁੱਟੀ ਸੋਸ਼ਲ ਡਿਸਟੈਂਸਿੰਗ ਦਾ ਐਲਾਨ ਕਰ ਦਿੱਤਾ ਹੈ। ਬਿਮਾਰੀ ਤੋਂ ਡਰ ਲਗਦੈ ਭਰਾਵਾ, ਮੌਤ ਤੋਂ ਨੀਂ। ਤੁਹਾਨੂੰ ਤਾਂ ਪਤਾ ਈ ਐ ਕਿ ਅਸੀਂ ਹਾਲੇ ਪਿਛਲੇ ਵਰ੍ਹੇ ਹੀ ਆਪਣੇ ਵਿਆਹ ਦੀ ਗੋਲਡਨ ਜੁਬਲੀ ਮਨਾ ਕੇ ਹਟੇ ਆਂ। ਜੇ ਇਸ ਚੰਦਰੀ ਬਿਮਾਰੀ ਤੋਂ ਬਚੇ ਰਹੇ ਤਾਂ ਸ਼ਾਇਦ ਡਾਇਮੰਡ ਜੁਬਲੀ ਵੀ ਮਨਾ ਜਾਈਏ। ਬਿਮਾਰੀ ਨੇ ਤਾਂ ਜੀਆਂ ਦਾ ਪ੍ਰੇਮ ਵੀ ਫਿੱਕਾ ਕਰਤਾ।“

ਗੁਪਤਾ ਜੀ ਸਾਡੇ ਨਾਲੋਂ ਆਪਣੇ ਜਾਣੀਂ ਪੂਰੀ ਛੇ ਫੁੱਟ ਦੀ ਦੂਰੀ ਬਣਾਈ ਖਲੋਤੇ ਸਨ। ਅਸੀਂ ਥੋੜ੍ਹਾ ਹੋਰ ਅਗਾਂਹ ਸਰਕੇ ਤਾਂ ਉਨ੍ਹਾਂ ਦੇ ਤਾਂ ਚਿਹਰੇ ਦਾ ਜਾਣੋਂ ਫਿਊਜ਼ ਹੀ ਉੱਡ ਗਿਆ ਹੋਵੇ। ਉਨ੍ਹਾਂ ਨੂੰ ਇਉਂ ਅਖ਼ਬਾਰ ਦੀ ਲਾਸ਼ ਚੁੱਕੀ ਤੇ ਘਾਬਰੇ ਦੇਖ ਕੇ ਸਾਥੋਂ ਕਹਿਣੋਂ ਰਹਿ ਨਾ ਹੋਇਆ:

“ਤੁਸੀਂ ਤਾਂ ਗੁਪਤਾ ਜੀ ਸੋਸ਼ਲ ਡਿਸਟੈਂਸਿੰਗ ਦਾ ਪੂਰਾ ਪੂਰਾ, ਨਾਪ-ਤੋਲ ਕੇ ਖ਼ਿਆਲ ਰੱਖ ਰਹੇ ਓਂ? ਆਪਣੇ ਗੁਆਂਢੀ ਤੋਂ ਈਂ ਡਰੀ ਜਾਂਦੇ ਓਂ।“ ਸਾਡੀ ਗੱਲ ਸੁਣਦਿਆਂ ਹੀ ਉਨ੍ਹਾਂ ਚਿਮਟੇ ਵਾਲਾ ਹੱਥ ਝਟਕਿਆ, ਅਖ਼ਬਾਰ ਨੇ ਤੜਫ਼ਦੇ ਮੇਮਣੇ ਵਾਂਗ ਫੜ ਫੜ ਕੀਤੀ ਤੇ ਗੁਪਤਾ ਜੀ ਦੇ ਮੂੰਹੋਂ ਮੁਰਦਾ ਜਿਹੀ ਆਵਾਜ਼ ਨਿਕਲੀ:




“ਇਹ ਬਿਮਾਰੀ ਵਾਲੀ ਸੋਸ਼ਲ ਡਿਸਟੈਂਸਿੰਗ ਤਾਂ ਆਪਾਂ ਮਹੀਨੇ ਦੋ ਮਹੀਨੇ ਤੋਂ ਹੀ ਕਰ ਰਹੇ ਆਂ। ਆਪਾਂ ਤੇ ਆਪਣੇ ਬਜ਼ੁਰਗ ਤਾਂ ਹਜ਼ਾਰਾਂ ਵਰ੍ਹਿਆਂ ਤੋਂ ਹੀ ਇਸ ਨਾਮੁਰਾਦ ਸੋਸ਼ਲ ਡਿਸਟੈਂਸਿੰਗ ਦੀ ਪਾਲਣਾ ਕਰਦੇ ਆ ਰਹੇ ਆਂ। ਸੈਂਕੜੇ ਵਰ੍ਹੇ ਸਾਡੇ ਬਜ਼ੁਰਗ ਦਲਿਤਾਂ ਤੋਂ ਸੋਸ਼ਲ ਡਿਸਟੈਂਸਿੰਗ ਕਰਦੇ ਰਹੇ। ਫੇਰ ਅਸੀਂ ਜਾਤਾਂ ਤੋਂ ਡਿਸਟੈਂਸਿੰਗ ਕੀਤੀ। ਜੱਟ ਬਾਣੀਏ ਤੋਂ, ਬਾਣੀਆ ਖੱਤਰੀ ਤੋਂ ਤੇ ਖੱਤਰੀ ਮਹਾਜਨਾਂ ਤੋਂ ਡਿਸਟੈਂਸਿੰਗ ਕਰਨ ਲੱਗ ਪਿਆ। ਫੇਰ ਅਸੀਂ ਇਸ ਬਿਮਾਰੀ 'ਚ ਜਕੜੇ ਗੋਤਾਂ ਤੱਕ ਵੀ ਪਹੁੰਚ ਗਏ- ਗਿੱਲ, ਬਰਾੜ ਆਹਲੂਵਾਲੀਆਂ ਤੋਂ, ਆਹਲੂਵਾਲੀਏ ਗਰੇਵਾਲਾਂ ਤੋਂ, ਗਰਗ ਗੋਇਲਾਂ ਤੋਂ ਤੇ ਗੋਇਲ ਮਿੱਤਲਾਂ ਤੋਂ ਸੋਸ਼ਲ ਡਿਸਟੈਂਸਿੰਗ ਕਰਨ ਲੱਗੇ। ਇਸ ਮਾਮਲੇ 'ਚ ਤਾਂ ਅਸੀਂ ਲਗਾਤਾਰ ਵਿਕਾਸ ਯਾਨੀ ਤਰੱਕੀ ਕੀਤੀ ਹੈ।“

“ਪਰ ਹੁਣ ਤਾਂ ਬਹੁਤ ਫ਼ਰਕ ਪੈ ਗਿਐ।“ ਗੁਪਤਾ ਜੀ ਨੂੰ ਅਸੀਂ ਹੁੱਬ ਕੇ ਆਖਿਆ।

“ਹਾਂ ਜੀ, ਹੁਣ ਬਿਮਾਰੀ ਨੇ ਹੋਰ ਫ਼ਰਕ ਪਾ ਦਿੱਤੈ। ਪਿਉ ਪੁੱਤ ਧੀ ਤੋਂ, ਭਰਾ ਭੈਣ ਤੋਂ, ਪਤੀ ਪਤਨੀ ਤੋਂ, ਪਤਨੀ ਸੱਸ-ਸਹੁਰੇ ਤੋਂ ਤੇ ਖ਼ੁਦ ਪਤਨੀ ਪਤੀ ਤੋਂ ਵੀ ਸੋਸ਼ਲ ਡਿਸਟੈਂਸਿੰਗ ਕਰਨ ਲੱਗ ਪਏ ਨੇ। ਸਾਡੇ ਮੁਲਕ ਨੂੰ ਤਾਂ ਇਸ ਸੋਸ਼ਲ ਡਿਸਟੈਂਸਿੰਗ ਦਾ ਪੁਰਾਣਾ ਤਜਰਬਾ ਹੈ। ਅਮੀਰ ਗ਼ਰੀਬ ਰਿਸ਼ਤੇਦਾਰ ਤੋਂ, ਕਰੋੜੀ ਲੱਖੀਏ ਤੋਂ ਸੋਸ਼ਲ ਡਿਸਟੈਂਸਿੰਗ ਤਾਂ ਆਮ ਹੀ ਕਰਦੇ ਨੇ। ਊਸ ਸੋਸ਼ਲ ਡਿਸਟੈਂਸਿੰਗ 'ਤੇ ਘ੍ਰਿਣਾ ਅਤੇ ਨਫ਼ਰਤ ਦਾ ਲੇਪ ਵੀ ਲੱਗਾ ਹੁੰਦਾ ਸੀ। ਕਿਸੇ ਦਲਿਤ ਵੱਲੋਂ ਛੂਹੇ ਜਾਣ 'ਤੇ ਬੰਦਾ ਨਹਾ-ਨਹਾ ਕਮਲਾ ਹੋਇਆ ਰਹਿੰਦਾ ਸੀ। ਉਦੋਂ ਅਸੀਂ ਸੋਸ਼ਲ ਡਿਸਟੈਂਸਿੰਗ ਨੂੰ ਭਿੱਟ ਆਖਦੇ ਸਾਂ ਤੇ ਹੁਣ ਇਸ ਨੂੰ ਅੰਗਰੇਜ਼ੀ ਭਾਸ਼ਾ ਵਿਚ ਸੋਸ਼ਲ ਡਿਸਟੈਂਸਿੰਗ ਕਹਿੰਦੇ ਨੇ, ਭਰਾਵਾ।“

ਅਸੀਂ ਗੁਪਤਾ ਜੀ ਦਾ ਪ੍ਰਵਚਨ, ਸੁਣ-ਸੁਣ ਹੈਰਾਨ ਹੀ ਨਹੀਂ ਸਗੋਂ ਨਿਹਾਲ ਵੀ ਹੋਈ ਜਾ ਰਹੇ ਸਾਂ। ਏਨੀਆਂ ਮਾਰਫ਼ਤ ਦੀਆਂ ਗੱਲਾਂ ਤਾਂ ਉਨ੍ਹਾਂ ਨੇ ਪਿਛਲੇ ਪੰਝੀ ਵਰ੍ਹਿਆਂ 'ਚ ਵੀ ਨਹੀਂ ਸੀ ਕੀਤੀਆਂ। ਸ਼ਾਇਦ ਕਰੋਨਾ ਨੇ ਗੁਪਤਾ ਜੀ ਨੂੰ ਇਕਾਂਤਵਾਸ 'ਚ ਰੱਖ ਕੇ ਸਿਆਣਾ ਬਣਾ ਦਿੱਤਾ ਸੀ। ਲੋਕ ਤਾਂ ਬਿਮਾਰੀ ਕਾਰਨ ਕਮਲੇ ਹੁੰਦੇ ਨੇ, ਉਨ੍ਹਾਂ ਦੀ ਮੱਤ ਮਾਰੀ ਜਾਂਦੀ ਐ, ਪਰ ਗੁਪਤਾ ਜੀ...। ਇਸ ਤੋਂ ਅਗਾਂਹ ਸਾਡੀ ਸੋਚ ਜਾ ਹੀ ਨਹੀਂ ਸਕੀ।

“ਸਾਡਾ ਇਕ ਰਿਸ਼ਤੇਦਾਰ ਬਾਹਰੋਂ ਤਿੰਨ ਹਫ਼ਤੇ ਲਈ ਮਿਲਣ ਆਇਆ ਸੀ। ਉਸ ਨੂੰ ਦਿੱਲੀ ਹਵਾਈ ਅੱਡੇ 'ਤੇ ਉਤਰਦਿਆਂ ਹੀ ਚੌਦ੍ਹਾਂ ਦਿਨ ਲਈ ਕੁਆਰੰਟਾਈਨ ਕਰ ਦਿੱਤਾ। ਉਹ ਉੱਥੇ ਹੀ ਫਸਿਆ ਹੋਇਆ ਹੈ। ਹੁਣ ਦੱਸੋ ਉਹ ਕੀ ਰਿਸ਼ਤੇਦਾਰਾਂ ਨੂੰ ਮਿਲੂ ਤੇ ਕੀ ਘੁੰਮੂ ਫਿਰੂ।“ ਅਸੀਂ ਗੱਲ ਤੋਰਨ ਮਾਰੇ ਐਵੇਂ ਹੀ ਆਖ ਦਿੱਤਾ ਸੀ।

ਸੁਣਦਿਆਂ ਹੀ ਗੁਪਤਾ ਜੀ ਸਾਡੇ ਵੱਲ ਹੋਰੂੰ-ਹੋਰੂੰ ਜਿਹੇ ਝਾਕਣ ਲੱਗੇ। ਚਿਮਟੇ ਨੂੰ ਕਸ ਕੇ ਫੜ ਪ੍ਰਵਚਨੀ ਅੰਦਾਜ਼ 'ਚ ਕਹਿਣ ਲੱਗੇ:

“ਇਹ ਕੁਆਰੰਟਾਈਨ ਵੀ ਸਾਡੇ ਲਈ ਨਵੀਂ ਚੀਜ਼ ਨਹੀਂ ਹੈ। ਅਸੀਂ ਤਾਂ ਸਦੀਆਂ ਤੋਂ ਆਪਣੇ ਲੋਕਾਂ ਨੂੰ ਕੁਆਰੰਟਾਈਨ ਕਰਦੇ ਆ ਰਹੇ ਹਾਂ। ਸਿਆਣੇ ਕਹਿੰਦੇ ਹਨ ਕਿ ਰੱਬ ਨੇ ਬੰਦਾ ਬਣਾਇਆ ਤੇ ਬੰਦੇ ਨੇ ਬਸਤੀਆਂ ਬਣਾ ਧਰੀਆਂ। ਪਹਿਲਾਂ ਕੁਆਰੰਟਾਈਨ ਲਈ ਅਸੀਂ ਬਸਤੀਆਂ ਬਣਾਈਆਂ। ਝਿਊਰ ਬਸਤੀ, ਚਮਾਰ ਬਸਤੀ, ਬਾਲਮੀਕ ਬਸਤੀ ਤੇ ਕਦੀ ਅਸੀਂ ਇਸ ਨੂੰ ਵਿਹੜਾ ਵੀ ਕਹਿ ਲੈਂਦੇ ਸੀ। ਫੇਰ ਮਹਾਤਮਾ ਗਾਂਧੀ ਨੇ ਇਨ੍ਹਾਂ ਦਾ ਨਾਂ ਬਦਲ ਕੇ ਹਰੀਜਨ ਕਲੋਨੀ ਰੱਖ ਦਿੱਤਾ। ਬਹੁਤਾ ਫ਼ਰਕ ਨੀਂ ਪਿਆ। ਬੰਦੇ ਵੀ ਉੱਥੇ ਹੀ ਰਹੇ ਤੇ ਬਸਤੀਆਂ ਵੀ। ਸਿਰਫ਼ ਨਾਂ ਹੀ ਬਦਲਿਆ। ਫੇਰ ਇਨ੍ਹਾਂ ਕਲੋਨੀਆਂ ਨੂੰ ਨੇਤਾਵਾਂ ਦੇ ਨਾਂ ਮਿਲਣ ਲੱਗ ਪਏ। ਨਹਿਰੂ ਕਲੋਨੀ, ਰਾਜੀਵ ਕਲੋਨੀ, ਇੰਦਰਾ ਕਲੋਨੀ, ਸ਼ਾਸਤਰੀ ਤੇ ਅੰਬੇਡਕਰ ਕਲੋਨੀ। ਸ਼ਾਇਦ ਹੁਣ ਨਵੀਂ ਸੱਤਾ ਆਉਣ 'ਤੇ ਇਨ੍ਹਾਂ ਦੇ ਨਾਂ ਅਟੱਲ ਕਲੋਨੀ, ਗੌਡਸੇ ਕਲੋਨੀ, ਸਾਵਰਕਰ ਕਲੋਨੀ, ਦੀਨ-ਦਿਆਲ ਕਲੋਨੀ, ਮੁਖਰਜੀ ਕਲੋਨੀ, ਮੋਦੀ/ਸ਼ਾਹ ਕਲੋਨੀ ਹੋਣ ਲੱਗਣਗੇ ਜਿਵੇਂ ਅਲਾਹਾਬਾਦ ਪ੍ਰਯਾਗਰਾਜ ਤੇ ਮੁਗ਼ਲ ਸਰਾਇ ਸਟੇਸ਼ਨ ਦੀਨ ਦਿਆਲ ਊਪਾਧਿਆਇ ਜੰਕਸ਼ਨ ਬਣ ਗਿਆ ਹੈ। ਹੋਰ ਸੁਣੋ, ਹੁਣ ਤਾਂ ਜੰਮਦਾ ਨਿਆਣਾ ਵੀ ਵੱਖਰਾ ਕਮਰਾ ਭਾਲਦੈ। ਭੈਣ ਦਾ ਕਮਰਾ ਅੱਡ ਤੇ ਭਰਾ ਦਾ ਅੱਡ। ਆਪੋ ਆਪਣੇ ਕੁਆਰੰਟਾਈਨ ਵਿਚ ਫਸੇ ਹੋਏ।“

ਸੰਗਾਲੂ ਗੁਪਤਾ ਜੀ 'ਚ ਜਾਣੋਂ ਅੱਜ ਕੋਈ ਭੂਤ ਹੀ ਆ ਵੜਿਆ ਹੋਵੇ। ਉਹ ਬੰਬੇ ਐਕਸਪ੍ਰੈਸ ਜਾਂ ਬੁਲੇਟ ਟਰੇਨ ਦੀ ਤੇਜ਼ੀ ਨਾਲ ਇਕੋ ਸਾਹ ਬੋਲੀ ਜਾ ਰਹੇ ਸਨ।

“ਆ ਜੋ, ਆ ਜੋ ਅੰਦਰ। ਹੋਰ ਨਾ ਬਾਹਰੋਂ ਕੋਈ ਬਿਮਾਰੀ ਸਹੇੜ ਲਿਆਇਓ। ਥੋਨੂੰ ਤਾਂ ਅਖ਼ਬਾਰ ਨੇ ਹੀ ਫੜ ਲਿਆ ਬਾਹਰ।“ ਗੁਪਤਾ ਜੀ ਦੀ ਪਤਨੀ ਦੀ ਅੰਦਰੋਂ ਤਿੱਖੀ ਜਿਹੀ ਆਵਾਜ਼ ਸੁਣਾਈ ਪਈ। ਪਤਨੀ ਦੀ ਆਵਾਜ਼ ਦੇ ਨਾਲ ਹੀ ਗਲੀ ਦੇ ਮੋੜ 'ਤੇ ਗਸ਼ਤੀ ਪੁਲੀਸ ਦਾ ਤਿੱਖਾ ਹੂਟਰ ਸੁਣਾਈ ਦਿੱਤਾ। ਲੌਕਡਾਊਨ ਦੇ ਦਿਨਾਂ ਵਿਚ ਪੁਲੀਸ ਦੀ ਗੱਡੀ ਦਾ ਹੂਟਰ ਕਰੋਨਾ ਨਾਲੋਂ ਵੀ ਖ਼ਤਰਨਾਕ ਸੀ।

“ਘਰਵਾਲੀ ਦੀਆਂ ਝਿੜਕਾਂ ਤਾਂ ਸੁਣਦੇ ਹੀ ਰਹਿੰਦੇ ਆਂ, ਪਰ ਪੁਲੀਸ ਦੀ ਮਾਰ ਇਸ ਉਮਰ 'ਚ ਝੱਲਣੀ ਬਹੁਤ ਔਖੀ ਹੈ।“ ਆਖ, ਗੁਪਤਾ ਜੀ, ਚਿਮਟੇ ਨਾਲ ਅਖ਼ਬਾਰ ਫੜੀ ਝੱਫ ਖਾਧੇ ਪਤੰਗ ਵਾਂਗ ਆਪਣੇ ਘਰ ਅੰਦਰ ਜਾ ਡਿੱਗੇ।

ਪੁਲੀਸ ਦੇ ਹੂਟਰ ਸਾਹਮਣੇ ਅਸੀਂ ਵੀ ਬਹੁਤੀ ਦੇਰ ਅੜੇ ਨਹੀਂ ਰਹਿ ਸਕੇ। ਅਸੀਂ ਨਿਹੱਥੇ ਦੁਸ਼ਮਣ ਵਾਂਗ ਉਨ੍ਹਾਂ ਵੱਲ ਦੇਖਦੇ ਹੀ ਰਹਿ ਗਏ ਸਾਂ।

# ਕੀ ਪੰਜਾਬੀ ਸੱਭਿਆਚਾਰ ਦਾ ਕੁਝ ਹਿੱਸਾ ਵੀ ਗੋਰੇ ਸੱਭਿਆਚਾਰ ਜਿਹਾ ਨਹੀਂ ?

**(ਮੇਰੀ 2012 ਦੀ ਡਾਇਰੀ ਚੋਂ)**

*ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਵਿਚ ਇਸ ਪ੍ਰਕਾਰ ਦੀਆਂ ਅਨੇਕਾਂ ਮਿਸਾਲਾਂ ਮਿਲ ਜਾਂਦੀਆਂ ਹਨ ਜਿਹੜੀਆਂ ਇਹ ਸਪਸ਼ਟ ਕਰ ਦਿੰਦੀਆਂ ਹਨ ਕਿ ਉਥੇ ਦਾ ਸੱਭਿਆਚਾਰ ਵੀ ਗੋਰਿਆਂ ਨਾਲ ਮਿਲਦਾ ਜਿਹਾ ਹੀ ਏ। ਗੋਰੇ ਜ਼ਿਆਦਾ ਖੁੱਲ੍ਹੇ ਇਸ ਲਈ ਲੱਗਦੇ ਹਨ ਕਿਉਂਕਿ ਉਹ ਪਿਆਰ ਮੁਹੱਬਤ ਦੀਆਂ ਹਰਕਤਾਂ ਸਭ ਦੇ ਸਾਹਮਣੇ ਹੀ ਕਰਦੇ ਰਹਿੰਦੇ ਹਨ। ਪੰਜਾਬੀ ਜਾਂ ਭਾਰਤੀ ਸਭਿਆਚਾਰ ਵਿਚ ਇਹ ਹਰਕਤਾਂ ਥੋੜ੍ਹੀਆਂ ਛੁਪ ਕੇ ਕੀਤੀਆਂ ਜਾਂਦੀਆਂ ਹਨ। ਦੂਜੀ ਗੱਲ ਇਹ ਹੈ ਕਿ ਉੱਧਰ ਭਾਰਤ ਵਿਚ ਇਹ ਹਰਕਤਾਂ ਗੈਰ ਕਾਨੂੰਨੀ ਵੀ ਮੰਨੀਆਂ ਜਾਂਦੀਆਂ ਹਨ, ਗੋਰਿਆਂ ਵਿਚ ਇਹ ਕਾਨੂੰਨ ਦੇ ਦਾਇਰੇ ਵਿਚ ਹਨ। ਮੂਲ ਰੂਪ ਵਿਚ ਦੋਹਾਂ ਪ੍ਰਕਾਰ ਦੀਆਂ ਹਰਕਤਾਂ ਤੇ ਕਾਰਕਰਤਗੀਆਂ ਵਿਚ ਕੋਈ ਖਾਸ ਫਰਕ ਨਹੀਂ। ਹਾਂ, ਇੰਜ ਕਿਹਾ ਜਾ ਸਕਦਾ ਏ ਕਿ ਭਾਰਤੀ ਸਭਿਆਚਾਰ ਵਿਚ ਬਲਾਤਕਾਰਾਂ ਦੀ ਗਿਣਤੀ ਬਹੁਤ ਹੀ ਜਿਆਦਾ ਏ ਤੇ ਗੋਰਿਆਂ ਵਿਚ ਇਹ ਪ੍ਰਵਿਰਤੀ ਬੜੀ ਹੀ ਘੱਟ ਨਜ਼ਰ ਆਉਂਦੀ ਏ। ਇਸਦਾ ਕਾਰਨ ਗੋਰੇ ਸੱਭਿਆਚਾਰ ਵਿਚ ਸੈਕਸ ਦਾ ਖੁੱਲ੍ਹਾਪਨ ਅਤੇ ਵੇਸ਼ਵਾਪਣ ਹੈ। ਬਲਾਤਕਾਰਾਂ ਦੀ ਵੱਧ ਗਿਣਤੀ ਨੇ ਅੰਤਾਂ ਦੇ ਅਪਰਾਧਾਂ ਨੂੰ ਵੀ ਜਨਮ ਦਿਤਾ ਏ। ਕਿਤੇ ਕੋਈ ਭੰਵਰੀ ਦੇਵੀ ਗੁੰਮ ਹੋ ਜਾਂਦੀ ਏ ਤੇ ਕਿਤੇ ਲੜਕੀਆਂ ਦੀਆਂ ਲਾਸ਼ਾਂ ਮਿਲਣ ਦੀਆਂ ਖਬਰਾਂ ਮਿਲਦੀਆਂ ਰਹਿੰਦੀਆਂ ਹਨ।ਕੋਈ ਲਾਸ਼ ਬਕਸੇ ਵਿਚ ਪਾ ਕੇ ਕਿਸੇ ਅਣਜਾਣ ਥਾਂ ਨੂੰ ਬਿਲਟੀ ਕੀਤੀ ਗਈ ਹੁੰਦੀ ਏ, ਕੋਈ ਲਾਸ਼ ਦੂਰ ਦੁਰਾਡੇ ਲਿਜਾ ਕੇ ਸੁੱਟੀ ਗਈ ਹੁੰਦੀ ਏ ਤੇ ਕੋਈ ਲਾਸ਼ ਰੇਲ ਗੱਡੀ ਵਿਚੋਂ ਬੋਰੀ ਵਿਚ ਪਾਈ ਹੋਈ ਮਿਲਦੀ ਏ।*

ਜਦੋਂ ਅਸੀਂ ਗੋਰੇ ਸੱਭਿਆਚਾਰ ਦੇ ਮਸਤ ਮਲੰਗ ਤੇ ਖੁੱਲ੍ਹੇਪਨ ਵਾਲੇ ਪਹਿਲੂ ਅਤੇ ਪੰਜਾਬੀ ਸੱਭਿਆਚਾਰ ਦੇ ਗੰਭੀਰ, ਅਨੁਸਾਸ਼ਤ ਤੇ ਮਰਿਆਦਾ ਭਰਪੂਰ ਪਹਿਲੂ ਦੀ ਗੱਲ ਕਰਕੇ ਖੁਸ਼ ਹੁੰਦੇ ਹਾਂ ਤਾਂ ਮੈਨੂੰ ਲੱਗਦਾ ਰਹਿੰਦਾ ਏ ਕਿ ਅਸੀਂ ਨਾਂ ਤਾਂ ਸੱਚ ਬੋਲ ਰਹੇ ਹੁੰਦੇ ਹਾਂ ਤੇ ਨਾਂ ਹੀ ਸੱਚ ਮਹਿਸੂਸ ਕਰ ਰਹੇ ਹੁੰਦੇ ਹਾਂ।

ਮੇਰੇ ਪਿੰਡ ਬੋਤੀਆਲਿਆਂ ਦੀ ਸੰਤੀ ਪਹਿਲਾਂ ਕਈ ਸਾਲ ਬਲਿਹਾਰ ਨਾਲ ਰਹੀ, ਫਿਰ ਉਸਤੋਂ ਪਿੱਛਾ ਛੁਡਾ ਕੇ ਪ੍ਰੀਤੂ ਦੇ ਘਰ ਆ ਵੜੀ। ਬਲਿਹਾਰ ਪਾਸ ਉਹਦੇ ਕੋਈ ਔਲਾਦ ਨਾ ਹੋਈ, ਪ੍ਰੀਤੂ ਦੇ ਉਹਦੇ ਪੇਟੋਂ ਪੰਜ ਨਿਆਣੇ ਹਨ। ਮੇਰੇ ਨੇੜਲੇ ਪਿੰਡ ਦੀ ਸਵਰਨੀ ਕਾਕੂ ਨੂੰ ਪਿਛਿਓਂ ਲੈ ਕੇ ਆਈ ਤੇ ਫਿਰ ਆ ਕੇ ਚੁਫੇਰਗੜ੍ਹੀਆਂ ਦੇ ਤੁਲਸਾ ਸਿੰਘ ਦੇ ਵਸ ਗਈ। ਕਾਕੂ ਪਿਛਲਾ ਏ ਤੇ ਤੁਲਸਾ ਸਿੰਘ ਪਾਸੋਂ ਸਵਰਨੀ ਦੇ ਤਿੰਨ ਜੁਆਕ ਹਨ। ਇਸ ਪ੍ਰਕਾਰ ਕਾਕੂ ਇਹਨਾਂ ਜੁਆਕਾਂ ਦਾ ਅੱਧਾ ਭਰਾ (half brother) ਹੋਇਆ। ਮੇਰੇ ਨਾਨਕੇ ਪਿੰਡ ਕਰਮੀ ਦਾ ਪਹਿਲਾ ਨਾਮ ਰਫੀਕਾ ਹੁੰਦਾ ਸੀ। ਉਸਦਾ ਘਰ ਵਾਲਾ ਬਸ਼ੀਰ ਅਹਿਮਦ ਪੋਸਤੀ ਹੁੰਦਾ ਸੀ। ਬਸ਼ੀਰ ਤੋਂ ਉਹਦੇ ਕੋਈ ਬੱਚਾ ਨਾ ਹੋਇਆ। ਹੱਲਿਆ ਵੇਲੇ ਉਹ ਬਸ਼ੀਰ ਨੂੰ ਚਕਮਾ ਦੇ ਕੇ ਕਿਧਰੇ ਲੁਕ ਛਿਪ ਗਈ ਤੇ ਮੌਕਾ ਤਾੜ ਕੇ ਭਰੋਵਾਲੀਆਂ ਦੇ ਭਗਤੇ ਦੇ ਘਰ ਆ ਵੜੀ। ਭਗਤਾ ਕਈ ਸਾਲ ਉਸਨੂੰ ਆਪਣੇ ਘਰ ਅੰਦਰ



ਅਵਤਾਰ ਐਸ.ਸੰਘਾ
(ਸਿਡਨੀ)
Avtar S. Sangha
ਮੋਬਾ:0437641033

ਲੁਕਾ ਛਿਪਾ ਕੇ ਉਸ ਨਾਲ ਆਪਣੀ ਰਜਾਈ ਨਿੱਘੀ ਕਰਦਾ ਰਿਹਾ।ਇਸ ਦੌਰਾਨ ਉਸਦੇ ਇਕ ਦੋ ਗਰਭਪਾਤ ਵੀ ਅੰਦਰ ਹੀ ਲੁਕ ਛਿਪ ਕੇ ਕਰਵਾ ਦਿੱਤੇ ਗਏ। ਜਦ ਭਗਤੇ ਦੀ ਸਰਪੰਚ ਬੂਟਾ ਸਿਹੁੰ ਨਾਲ ਖੜਕ ਪਈ ਤਾਂ ਸਰਪੰਚ ਨੇ ਉਸਦੇ ਘਰ ਪੁਲਿਸ ਦਾ ਛਾਪਾ ਮਰਵਾ ਦਿੱਤਾ। ਕਰਮੀ ਨੇ ਥਾਣੇ ਜਾ ਕੇ ਭਗਤੇ ਦੇ ਹੱਕ ਵਿਚ ਬਿਆਨ ਦੇ ਦਿੱਤਾ। ਇਸ ਪ੍ਰਕਾਰ ਉਹ ਜੱਗ ਜਾਹਰ ਹੋ ਗਈ ਤੇ ਕਰਮੀ ਬਣ ਗਈ। ਹੁਣ ਸਰਦਾਰਨੀ ਕਰਮ ਕੌਰ ਅਖਵਾਉਂਦੀ ਏ। ਕਰਮ ਕੌਰ ਦੇ ਚਾਰ ਬੱਚੇ ਹੋਏ-- ਦੋ ਕੁੜੀਆਂ ਦੋ ਮੁੰਡੇ। ਸਾਰੇ ਬੱਚੇ ਬੜੇ ਸੁਹਣੇ ਕਹਿੰਦੇ ਕਹਾਉਂਦੇ ਜੱਟਾਂ ਦੇ ਘਰਾਂ ਵਿਚ ਵਿਆਹੇ ਗਏ। ਮੁੰਡੇ ਕੈਨੇਡਾ ਵਿਚ ਚਲੇ ਗਏ ਤੇ ਕਰਮ ਕੌਰ ਵੀ ਮਗਰ ਉੱਥੇ ਹੀ ਚਲੀ ਗਈ। ਹੁਣ ਮੁੰਡੇ ਤੇ ਕਰਮ ਕੌਰ ਨੱਕ ਤੇ ਮੱਖੀ ਨਹੀਂ ਬਹਿਣ ਦਿੰਦੇ ਅਗਰ ਉਹਨਾਂ ਨੂੰ ਕੋਈ ਅੱਧੇ ਮੁਸਲਮਾਨ ਕਹੇ। ਨਾਲੇ ਰਿਸ਼ਤਿਆਂ ਵਿਚ ਰੁਕਾਵਟਾਂ ਉਦੋਂ ਹੀ ਪੈਦੀਆਂ ਹਨ ਜਦ ਘਰ ਵਿਚ ਗਰੀਬੀ ਹੋਵੇ। ਜਦ ਚਾਰ ਪੈਸੇ ਕੋਲ ਹੋ ਜਾਣ ਤੇ ਨਾਲ ਕੈਨੇਡਾ ਤੇ ਅਮਰੀਕਾ ਦੀ ਪੂਛ ਲਗ ਜਾਵੇ ਤਾਂ ਕੋਈ ਨਹੀਂ ਪੁੱਛਦਾ ਪਿਓ ਕਿਸ ਜਾਤ ਦਾ ਸੀ ਤੇ ਮਾਂ ਕਿਹੜੇ ਕੁਣਬੇ ਵਿਚੋਂ ਸੀ। ਮਨੁੱਖੀ ਵਰਤਾਰਾ ਹੀ ਕੁਝ ਇਸ ਪ੍ਰਕਾਰ ਦਾ ਏ। ਮੇਰੇ ਨਾਲ ਦੇ ਪਿੰਡ ਵਿਚ ਤਿੰਨ ਕੇਸ ਅਜਿਹੇ ਹਨ ਜਿਹਨਾਂ ਵਿਚ ਇਕ ਹੀ ਬੁੱਢੇ ਦੇ ਦੋ ਦੋ ਟੱਬਰ ਹਨ। ਮੱਛਰਮਾਰਾਂ ਦੇ ਗੇਜੇ ਨੇ ਪਹਿਲਾਂ ਕਰਮੀ ਰੱਖੀ ਹੋਈ ਸੀ ਤੇ ਫਿਰ ਰਾਮ ਪਿਆਰੀ ਲੈ ਆਂਦੀ। ਦੋਹਾਂ ਹੀ ਧੁੱਪ ਰੰਗੀਆਂ ਤੀਵੀਆਂ ਦੇ ਚਾਰ ਚਾਰ ਨਿਆਣੇ ਹਨ। ਕੁੜੀਆਂ ਮਟਰਾਂ ਦੀਆ ਫਲੀਆਂ ਵਰਗੀਆਂ ਤੇ ਮੁੰਡੇ ਮੱਖਣ ਦੇ ਪੇੜਿਆਂ ਜਿਹੇ।

ਕੁੜੀਮਾਰਾਂ ਦਾ ਕੋਲੂ ਫੌਜ ਵਿਚ ਭਰਤੀ ਹੋ ਗਿਆ ਸੀ। ਕਦੀ ਕਦਾਈਂ ਛੁੱਟੀ ਆਉਂਦਾ ਸੀ। ਪਿੰਡ ਵਿਚ ਲੋਕ ਉਸਨੂੰ ਲੁਤਰਾ ਆਖਦੇ ਸਨ ਕਿਉਂਕਿ ਉਹ ਛੁੱਟੀ ਆਇਆ ਲੈਰੀਆਂ ਲੈਰੀਆਂ ਗੱਲਾਂ ਮਾਰਦਾ ਥੱਕਦਾ ਨਹੀਂ ਸੀ। ਉਸਦੇ ਘਰਵਾਲੀ ਸਿਮਰੋ ਭਾਨੀਮਾਰਾਂ ਦੇ ਦਲਬਾਰੇ ਨਾਲ ਪਿਆਰ ਦੀਆਂ ਪੀਂਘਾਂ ਝੂਟਦੀ ਰਹੀ। ਸਿਮਰੋ ਦਾ ਮੁੰਡਾ ਘੁੱਗਾ ਦਲਬਾਰੇ ਦੀ ਔਲਾਦ ਹੀ ਸਮਝਿਆ ਜਾਂਦਾ ਏ। ਸਾਰੀ ਉਮਰ ਉਹ ਖਸਮ ਦਾ ਖਾਂਦੀ ਰਹੀ ਤੇ ਯਾਰ ਦਾ ਗਾਂਦੀ ਰਹੀ। ਪੱਕੇ ਆਲਿਆਂ ਦਾ ਜੀਤਾ ਛੜਾ ਹੀ ਏ ਤੇ ਉਹ ਆਪਣੀ ਭਰਜਾਈ ਬਲਬੀਰੋ ਨਾਲ ਹੀ ਰਹਿੰਦਾ ਰਿਹਾ ਏ। ਬਲਬੀਰੋ ਦਾ ਘਰਵਾਲਾ ਮੀਤਾ ਸ਼ਾਇਦ ਢਿੱਲਾ ਢੱਗਾ ਏ ਤੇ ਉਸਨੂੰ ਇਸ ਪ੍ਰਕਾਰ ਦੀ ਕੋਈ ਕਣਸੋਅ ਨਜ਼ਰ ਵੀ ਨਹੀਂ ਆਈ। ਸ਼ਾਇਦ ਉਹ ਚਾਹੁੰਦਾ ਏ ਕਿ ਜ਼ਮੀਨ ਨਾ ਵੰਡ ਹੋਵੇ ਤੇ ਉਸਦੀ ਇਕ ਅੱਧ ਕੁੜੀ ਦਾ ਵਿਆਹ ਵੀ ਜੀਤਾ ਹੀ ਕਰ ਦੇਵੇ ਕਿਉਂਕਿ ਜੀਤੇ ਕੋਲ ਹੁਣ ਦੁਬਈ ਦਾ ਚੱਕਰ ਮਾਰਨ ਕਾਰਨ ਹੁਣ ਸੋਹਣੇ ਪੈਸੇ ਹੋ ਗਏ ਹਨ। ਬਾਹਰੋਂ ਆਉਂਦਾ ਹੋਇਆ ਹਰ ਵਾਰ ਉਹ ਬਲਵੀਰੋ ਵਾਸਤੇ ਵੰਨ ਸੁਵੰਨੇ ਕੱਪੜੇ ਤੇ ਕਲਫ ਕਰੀਮਾਂ ਲੈ ਕੇ ਆਉਂਦਾ ਰਿਹਾ ਏ ਤੇ ਉਹਦੇ ਆਉਣ ਤੇ ਬਲਵੀਰੋ ਮੋਰਨੀ ਵਾਂਗ ਪੈਲਾਂ ਪਾਉਂਦੀ ਰਹੀ ਏ। ਕਿੱਕਰ ਤੋਂ ਕਾਟੋ ਲਾਹੁਣ ਦੀ ਵੀ ਪੂਰੀ ਸ਼ੌਕੀਨ ਏ ਬਲਬੀਰੋ। ਭਜਨੀਕਿਆਂ ਦਾ ਭੀਲਾ ਸਿੱਧਰਾ ਏ। ਉਸਨੂੰ ਦੁਨੀਆਂਦਾਰੀ ਦਾ ਕੁਝ ਵੀ ਪਤਾ ਨ੍ਹਹੀਂ। ਉਸਦਾ ਮੂੰਹ ਮੁਹਾਂਦਰਾ ਚਿੜੇ ਜਿਹਾ ਏ। ਇਸ ਲਈ ਲੋਕ ਉਸਨੂੰ ਚਿੜੀਆ ਕਹਿ ਕੇ ਬੁਲਾਉਂਦੇ ਹਨ। ਦਸ ਕਿੱਲੇ ਸਾਹਣ ਦੇ ਸਿਰ ਵਰਗੀ ਜਮੀਨ ਦੇ ਉਸਦੇ ਹਿੱਸੇ ਆਉਂਦੇ ਹੀ ਹਨ। ਜ਼ਮੀਨ ਦੇ ਸਿਰ ਤੇ ਉਸਦਾ ਪਿਓ ਵਿਸਾਖਾ ਸਿਹੁੰ ਉਸਨੂੰ ਮੰਜਕੀ ਵਿਚ ਚੰਗੇ ਚਲਦੇ ਪੁਰਜੇ ਘਰ ਵਿਆਹ ਲਿਆਇਆ। ਹੁਣ ਨੂੰਹ ਸਹੁਰਾ ਹਮੇਸ਼ਾ ਟਰੈਕਟਰ ਤੇ ਸ਼ਹਿਰ ਦੀਆਂ ਸੈਰਾਂ ਕਰਦੇ ਰਹਿੰਦੇ ਨੇ ਤੇ ਭੀਲਾ ਪਿੰਡ ਫਸਲਾਂ ਨੂੰ ਪਾਣੀ ਲਗਾਉਂਦਾ ਰਹਿੰਦਾ ਏ। ਪਿੰਡ ਵਾਲੇ ਸੱਥ ਵਿਚ ਬੈਠੇ ਅਕਸਰ ਮਸ਼ਕਰੀਆਂ ਕਰਦੇ ਰਹਿੰਦੇ ਨੇ ਕਿ ਭੀਲੇ ਦੇ ਨਿਆਣੇ ਉਸਦੇ ਆਪਣੇ ਨਹੀਂ, ਉਸਦੇ ਬਾਪ ਵਿਸਾਖਾ ਸਿਹੁੰ ਦੇ ਹਨ। ਸੀਤੇ ਕਿਆਂ ਦੇ ਬੁੱਢੇ ਟਹਿਲ ਸਿਹੁੰ ਦੇ ਤਿੰਨ ਨਿਆਣੇ ਹਨ। ਹੱਲਿਆਂ ਵੇਲੇ ਜਨੀਬਾ ਅਧਖੜ੍ਹ ਉਮਰ ਵਿਚ ਦੌੜ ਕੇ ਉਸਦੇ ਘਰ ਲੁਕ ਗਈ। ਉਸਦੀ ਮੌਤ ਅਜੇ ਕੁਝ ਸਾਲ ਪਹਿਲਾਂ ਹੀ ਹੋਈ ਏ। ਟਹਿਲ ਸਿੰਘ ਦੇ ਨਿਆਣੇ ਸਾਰੀ ਉਮਰ ਉਸਨੂੰ ਭੂਆ ਕਹਿ ਕੇ ਹੀ ਬੁਲਾਉਂਦੇ ਰਹੇ ਜਦ ਕਿ ਲੋਕ ਇਹ ਕਹਿੰਦੇ ਹਨ ਕਿ ਟਹਿਲ ਸਿੰਘ ਦੇ ਇਸ ਅਖੋਤੀ ਭੂਆ ਨਾਲ ਸੰਬੰਧ ਭੈਣ ਜਿਹੇ ਨਹੀਂ ਹਨ। ਟਹਿਲ ਸਿੰਘ ਦੀ ਆਪਣੀ ਤੀਵੀਂ ਕੁਝ ਸਿੱਧਰੀ ਸੀ ਤੇ ਉਹ ਕੁਝ ਘੱਟ ਹੀ ਦਖਲ ਦਿੰਦੀ ਸੀ। ਬਰਾੜਾਂ ਦੀ ਗੇਜੋ ਪਿੰਡ ਦੇ ਛੋਟੇ ਸਕੂਲ ਵਿਚ ਮਾਸਟਰਾਣੀ ਲੱਗ ਗਈ ਸੀ। ਉੱਥੇ ਉਸਦਾ ਪਿਆਰ ਇਕ ਅਧਿਆਪਕ ਜਸਵਿੰਦਰ ਸਿੰਘ ਬਰਾੜ ਨਾਲ ਹੋ ਗਿਆ। ਗੇਜੋ ਦੇ ਘਰਵਾਲਾ ਮਾਰਕੀਟ ਕਮੇਟੀ ਵਿਚ ਕਲਰਕ ਲੱਗਾ ਹੋਇਆ ਸੀ। ਉਸ ਪਾਸੋਂ ਉਸਦੇ ਇਕ ਮੁੰਡਾ ਵੀ ਸੀ। ਹਵਸ ਤੇ ਪਿਆਰ ਵਿਚ ਅੰਨ੍ਹੀ ਹੋ ਕੇ ਉਸਨੇ ਆਪਣੇ ਅਸਲੀ ਘਰਵਾਲੇ ਨੂੰ ਮਾਰ ਕੇ ਖੂੰਜੇ ਲਗਾ ਦਿੱਤਾ ਤੇ ਆਪ ਜਸਵਿੰਦਰ ਨਾਲ ਅਦਾਲਤੀ ਵਿਆਹ ਕਰਵਾ ਲਿਆ। ਅੰਨ੍ਹੇ ਪਿਆਰ ਨੇ ਦੋਹਾਂ ਦੇ ਇਕੋ ਹੀ ਗੋਤ ਵਿਚ ਵਿਆਹ ਦੇ ਬੰਧਨ ਵੀ ਤੋੜ ਮਾਰੇ। ਹੁਣ ਗੇਜੋ ਦੇ ਇਸ ਮਾਸਟਰ ਪਾਸੋਂ ਇਕ ਮੁੰਡਾ ਤੇ ਇਕ ਕੁੜੀ ਏ। ਪਹਿਲੇ ਵਿਆਹ ਵਾਲੇ ਦਾ ਮੁੰਡਾ ਵੀ ਨਾਲ ਹੀ ਰਹਿੰਦਾ ਏ। ਇਹ ਮੁੰਡਾ ਦੂਜੇ ਦੋਹਾਂ ਬੱਚਿਆਂ ਦਾ ਅੱਧਾ ਭਰਾ (half brother) ਹੋਇਆ। ਜਸਵਿੰਦਰ ਪਾਸ ਕੁਝ ਜ਼ਮੀਨ ਵੀ ਹੈ ਤੇ ਵੈਸੇ ਵੀ ਗੁਜ਼ਾਰਾ ਕੁਝ ਚੰਗਾ ਚੱਲਦਾ ਏ। ਕੁੜੀ ਬਾਹਰ ਕੈਨੇਡਾ ਵਿਰਕਾਂ ਦੇ ਵਿਆਹ ਲਈ ਏ ਤੇ ਮੁੰਡਾ ਆਸਟਰੇਲੀਆ ਵਿਚ ਪੜ੍ਹਨ ਲਈ ਭੇਜਿਆ ਹੋਇਆ ਏ। ਇਹ ਮੁੰਡਾ ਵੀ ਵਾਪਸ ਪੰਜਾਬ ਜਾ ਕੇ ਕਿਸੇ ਕਹਿੰਦੇ ਕਹਾਉਂਦੇ ਗੋਤ ਅਤੇ ਖਾਨਦਾਨ ਵਿਚ ਵਿਆਹ ਕਰਾਏਗਾ। ਪਿਛਲੱਗ ਮੁੰਡੇ ਨਾਲ ਜਸਵਿੰਦਰ ਦਾ ਵਰਤਾਰਾ ਬਹੁਤਾ ਵਧੀਆ ਨਹੀਂ ਏ। ਸੌਖੇ ਗੁਜ਼ਾਰੇ ਨੇ ਅਤੇ ਅੰਨੀ ਹਵਸ ਨੇ ਗੋਤਾਂ ਦੇ ਬੰਧਨ ਅਤੇ ਕਤਲ ਦੇ ਕਲੰਕ ਵੀ ਧੋ ਦਿੱਤੇ ਹਨ।

ਮੇਰੀ ਭੂਆ ਦੇ ਪਿੰਡ ਬਹਿਰਾਮਪੁਰ ਕਾਣਿਆਂ ਦੀ ਕੇਬੋ ਮੁੱਲ ਦੀ ਤੀਵੀਂ ਏ। ਉਸਦਾ ਆਦਮੀ ਕਰਤਾ ਉਸਨੂੰ ਰਾਜਸਥਾਨ ਤੋਂ ਖਰੀਦ ਕੇ ਲਿਆਇਆ ਸੀ। ਸੁਣਿਆਂ, ਉਸਦਾ ਪਹਿਲਾ ਨਾਂ ਲਾਜਵੰਤੀ ਸੀ। ਇਹਨਾਂ ਦੇ ਤਿੰਨ ਮੁੰਡੇ ਹਨ- ਪਿਸ਼ੌਰਾ, ਜਲੌਰਾ ਤੇ ਬੌਰਾ। ਟੱਬਰ ਗਰੀਬ ਹੋਣ ਕਰਕੇ ਅਤੇ ਟੱਬਰ ਦਾ ਪਿਛੋਕੜ ਮਾੜਾ ਹੋਣ ਕਰਕੇ ਪਿਸ਼ੌਰੇ ਨੂੰ ਕੋਈ ਰਿਸ਼ਤਾ ਹੀ ਨਾ ਚੜ੍ਹੇ। ਜਦ ਉਹ ਤੀਹ ਸਲ ਨੂੰ ਢੁੱਕ ਗਿਆ ਤਾਂ ਪਿੰਡ ਦੇ ਹੀ ਇਕ ਬੁੱਢੇ ਦਸੌਂਧਾ ਸਿੰਘ ਨੇ ਉਸ ਲਈ ਇਕ ਨੇੜੇ ਦੇ ਪਿੰਡੋਂ ਰਿਸ਼ਤਾ ਕਰਵਾਇਆ। ਲੋਕ ਕਹਿਣ ਮਸਾਂ ਕਿਤੇ ਖਿੜਕ ਪੁੱਟ ਹੋਇਆ ਏ। ਜਦ ਜਲੌਰਾ ਦੀ ਪੱਕੜ ਹੋ ਗਿਆ ਤਾਂ ਉਸਨੇ ਕਿਸੇ ਨਾਲ ਅੱਟੀ ਸੱਟੀ ਲਾ ਕੇ ਬਿਹਾਰ ਤੋਂ ਇਕ ਭਈਆਰਾਣੀ ਲੈ ਆਂਦੀ। ਬੌਰਾ ਹੁਣ ਤੱਕ ਛੜਾ ਹੀ ਤੁਰਿਆ ਫਿਰਦਾ ਏ। ਉਹ ਪਿੰਡ ਦੇ ਜੁਆਕਾਂ ਨੂੰ ਗੰਦੀਆਂ ਗੰਦੀਆਂ ਗਾਲਾਂ ਕੱਢ ਕੇ ਵਿਗਾੜਦਾ ਰਹਿੰਦਾ ਏ ਤੇ ਇਹਨਾਂ ਗਾਲਾਂ ਵਿਚੋਂ ਮਜ਼ੇ ਵੀ ਲੈਂਦਾ ਰਹਿੰਦਾ ਏ। ਬੌਰੇ ਜਿਹੇ ਕਈ ਗੋਰੇ ਵੀ ਇਥੇ ਸਿਡਨੀ ਵਿਚ ਘੁੰਮਦੇ ਫਿਰਦੇ ਦੇਖੇ ਜਾ ਸਕਦੇ ਹਨ ਜਿਹੜੇ ਨਸ਼ੇ ਖਾਂਦੇ ਹਨ ਤੇ ਹਰ ਗੱਲ ਨਾਲ ਗਾਲਾਂ ਹੀ ਕੱਢਦੇ ਰਹਿੰਦੇ ਹਨ। ਚੂੜ੍ਹਿਆਂ ਦੀ ਪ੍ਰਸਿੰਨੀ ਦੀ ਕੁੜੀ ਮਿੰਦੋ ਪਿੰਡ ਵਿਚ ਜੱਟਾਂ ਦੇ ਘਰਾਂ ਵਿਚ ਗੋਹਾ ਪੱਥਣ ਦਾ ਕੰਮ ਕਰਦੀ ਏ। ਉਸਦੇ ਕੰਵਾਰੀ ਦੇ ਹੀ ਬੱਚਾ ਠਹਿਰ ਗਿਆ। ਭਾਵੇਂ ਪਿੰਡ ਵਿਚ ਰੌਲਾ ਵੀ ਪੈ ਗਿਆ ਫਿਰ ਵੀ ਪ੍ਰਸਿੰਨੀ ਦੇ ਆਦਮੀ ਅਮਰੂ ਨੇ ੧੫-੨੦ ਦਿਨਾਂ ਵਿਚ ਹੀ ਆਪਣੀ ਦੂਜੀ ਵਿਆਹੀ ਕੁੜੀ ਸ਼ਿੰਦੋ ਨਾਲ ਗਿਟਮਿਟ ਕਰਕੇ ਉਸਦਾ ਵਿਆਹ ਉਸਦੇ ਜੇਠ ਨਾਲ ਕਰ ਦਿੱਤਾ ਪਰ ਇਹ ਜੇਠ ਕੁਝ ਸਿੱਧਰਾ ਹੋਣ ਕਰਕੇ ਤੇ ਟੱਬਰ ਗਰੀਬ ਹੋਣ ਕਰਕੇ ਵਿਆਹ ਤੋਂ ਖੁੰਜਿਆ ਤੁਰਿਆ ਜਾ ਰਿਹਾ ਸੀ। ਹੁਣ ਜਿਹੜਾ ਬੱਚਾ ਹੋਵੇਗਾ ਉਸਦਾ ਬਾਪ ਇਹ ਜੇਠ ਹੀ ਮੰਨਿਆ ਜਾਵੇਗਾ। ਅਗਰ ਪ੍ਰਸਿੰਨੀ ਦੀ ਇਹ ਕੁੜੀ ਇਥੇ ਸਿਡਨੀ ਵਿਚ ਕੋਈ ਗੋਰੀ ਹੁੰਦੀ ਤਾਂ ਇਸਨੇ ਇੱਥੇ ਅਨੇਕਾਂ ਤੁਰੀਆਂ ਫਿਰਦੀਆਂ ਛੜੀਆਂ ਮਾਵਾਂ (single mums) ਵਾਂਗ ਹੋਣਾ ਸੀ ਤੇ ਛਾਤੀ ਠੋਕ ਕੇ ਕਿਹਾ ਕਰਨਾ ਸੀ ਕਿ ਮੈਂ ਸਿੰਗਲ ਮੱਮ ਹਾਂ।

ਸ਼ਾਹਾਂ ਦਾ ਛਿੰਦਾ ਉਂਜ ਆਪਣੇ ਆਪ ਨੂੰ ਉੱਚੀ ਜਾਤ ਦਾ ਕਹਿ ਕੇ

ਜੱਟਵਾਦ ਦੀਆਂ ਫੜ੍ਹਾਂ ਮਾਰਦਾ ਰਹਿੰਦਾ ਏ ਪਰ ਜੇ ਖੇਤਾਂ ਵਿਚ ਕੋਈ ਦਲਿਤਾਂ ਦੀ ਧੀ ਧਿਆਣੀ ਕੱਲੀ ਦੁਕੱਲੀ ਮਿਲ ਜਾਵੇ ਤਾਂ ਉਸਨੂੰ ਚਿੱਤ ਕਰਨ ਤੋਂ ਬਾਜ ਨਹੀਂ ਆਉਂਦਾ। ਇੰਜ ਕਰਨ ਵਿਚ ਉਹ ਜਾਤ ਬਰਾਦਰੀ ਦੇ ਸਾਰੇ ਬੰਧਨ ਤੋੜ ਦਿੰਦਾ ਏ। ਜਿਸਮ ਦੀ ਭੁੱਖ ਮਿਟਾਉਣ ਮੂਹਰੇ ਜਾਤਾਂ ਪਾਤਾਂ ਦੇ ਬੰਧਨ ਪੰਖ ਲਾ ਕੇ ਉੱਡ ਜਾਂਦੇ ਹਨ। ਗੜ੍ਹਸ਼ੰਕਰ ਦਾ ਪੰਜਾਬੀ ਕਵੀ ਸਵਰਗਵਾਸੀ ਮੇਜਰ ਸਿੰਘ ਮੌਜੀ ਲਿਖਦਾ ਹੈ:–

***ਅੰਮੀਏ ਨੀਂ ਅੰਮੀਏ ਨਾ ਤੋਰ ਮੈਨੂੰ ਖੇਤਾਂ ਵੱਲ***
***ਖੇਤਾਂ ਵਾਲੇ ਬੜੇ ਹਤਿਆਰੇ,***
***ਤਿੜਾਂ ਬੱਟੇ ਮੰਗਦੇ ਨੇ ਰੂਪ ਤੇ ਜਵਾਨੀਆਂ***
***ਇਹ ਹੁਸਨਾਂ ਦੇ ਭੁੱਖੇ ਵਣਜਾਰੇ।***

ਪਿੱਛੇ ਜਿਹੇ ਖਬਰ ਛਪੀ ਸੀ ਟਰਾਂਸਪੋਰਟ ਨਗਰ ਜਲੰਧਰ ਵਿਖੇ ਹਾਰ ਸ਼ਿੰਗਾਰ ਦਾ ਸਮਾਨ ਵੇਚਣ ਵਾਲੀਆਂ ਕੁੜੀਆਂ ਅਸਲ ਵਿਚ ਡਰਾਈਵਰਾਂ ਪਾਸ ਦੇਹ ਵਪਾਰ ਦਾ ਧੰਦਾ ਕਰਦੀਆਂ ਹਨ। ਇਹ ਵੇਸਵਾ ਕਲਚਰ ਵੀ ਗੋਰੇ ਸੱਭਿਆਚਾਰ ਵਿਚ ਆਮ ਪ੍ਰਚੱਲਤ ਦੇਹ ਵਪਾਰ ਜਿਹਾ ਏ।

ਪੰਜਾਬੀ ਸੱਭਿਆਚਾਰ ਅੰਦਰ ਕਈ ਖੁੱਲ੍ਹੇ ਅਤੇ ਲਟਕਵੇਂ ਜਿਹੇ ਰਿਸ਼ਤੇ ਵੀ ਨਜ਼ਰ ਆ ਜਾਂਦੇ ਹਨ ਜਿਵੇਂ ਭੈਣ ਦੇ ਦੇਵਰ ਨੂੰ ਭਰਾ ਦੀ ਧੀ ਵਿਆਹੁਣੀ ਤੇ ਭਤੀਜੇ ਨਾਲ ਸਾਲੀ ਵਿਆਹ ਦੇਣੀ। ਇਸੇ ਕਰਕੇ ਉੱਥੇ ਕੁਝ ਬੋਲੀਆਂ ਵੀ ਪ੍ਰਚੱਲਤ ਹਨ।

***1. ਇਕ ਗੱਲ ਚਰਜ ਸੁਣੀ ਨੂੰਹ ਬਾਬੇ ਦੀ ਸਾਲੀ।***
***2. ਭੈਣੋਂ ਭੈਣ ਪਤੀਹਸ ਲੱਗੇ ਨੂੰਹ ਬਾਬੇ ਦੀ ਸਾਲੀ***
***ਮੁੰਡੇ ਕੁੜੀਆਂ ਮਾਸੀ ਕਹਿੰਦੇ ਬੁੱਝਣੀ ਬਾਤ ਸੁਖਾਲੀ।***

ਮੈਨੂੰ ਲੱਗਦਾ ਏ ਕਿ ਗੋਰਿਆਂ ਵਿਚ ਅਜਿਹੇ ਬਥੇਰੇ ਰਿਸ਼ਤੇ ਹਨ। ਮੁਸਲਮਾਨਾਂ ਤੇ ਪੰਜਾਬ ਦੇ ਭਾਪਿਆਂ ਵਿਚ ਤਾਂ ਇਸ ਪ੍ਰਕਾਰ ਦੇ ਰਿਸ਼ਤਿਆਂ ਦੀ ਕੋਈ ਘਾਟ ਨਹੀਂ ਲੱਗਦੀ।

ਪਿਛਲੀ ਵਾਰ ਜਦ ਮੈਂ ਪੰਜਾਬ ਗਿਆ ਤਾਂ ਘਰ ਦੇ ਨੇੜੇ ਸਵੇਰੇ ਸਵੇਰੇ ਬੈਂਡ ਵਾਜਾ ਵੱਜ ਰਿਹਾ ਸੀ। ਪਤਾ ਕਰਨ ਤੇ ਪਤਾ ਲੱਗਾ ਪੱਕੇ ਆਲਿਆਂ ਦੀ ਨਛੱਤਰੋ ਦੇ ਮੁੰਡੇ ਦੀ ਬਾਰਾਤ ਚੜ੍ਹ ਰਹੀ ਸੀ। ਮਹੀਨੇ ਕੁ ਬਾਦ ਫਿਰ ਉੱਧਰ ਹੀ ਵਾਜਾ ਵੱਜਦਾ ਸੁਣਿਆ। ਮੇਰੇ ਪੁੱਛਣ ਤੇ ਮੇਰੀ ਗੁਆਂਢਣ ਸੰਤੋਖੀ ਮਾਸੀ ਨੇ ਦੱਸਿਆ ਕਿ ਹੁਣ ਨਛੱਤਰੋ ਦਾ ਆਪਣਾ ਹੀ ਵਿਆਹ ਸੀ।ਨਛੱਤਰੋ ਸਿਹਤ ਵਿਭਾਗ ਵਿਚ ਨਰਸ ਲੱਗੀ ਹੋਈ ਸੀ। ਵੈਸੇ ਵੀ ਉਹ ਮਸ਼ਹੂਰ ਹਸਤੀ ਸੀ ਕਿਉਂਕਿ ਆਪਣੇ ਘਰਵਾਲੇ ਨੂੰ ਮਰਵਾ ਦੇਣ ਤੋਂ ਬਾਦ ਉਹ ਨਗਜਿਆਂ ਦੇ ਨਰੰਜਨ ਨਾਲ ਹੀ ਰਹਿੰਦੀ ਸੀ। ਵੈਸੇ ਵੀ ਉਸਦਾ ਹਾਲ ਰੰਡੀ ਦੇ ਘਰ ਮੰਡੀ ਲੱਗੀ ਰਹਿਣ ਜਿਹਾ ਸੀ। ਨਰੰਜਨ ਹੁਣ ਕੈਨੇਡਾ ਚਲਾ ਗਿਆ ਸੀ ਤੇ ਉਹ ਇਕੱਲੀ ਮਹਿਸੂਸ ਕਰਦੀ ਸੀ। ਇਸੇ ਕਰਕੇ ਹੁਣ ਅਧਖੜ੍ਹ ਉਮਰ ਵਿਚ ਉਸਨੇ ਵਿਆਹ ਰਚਾ ਲਿਆ ਸੀ। ਗੋਰਿਆਂ ਵਿਚ ਵੀ ਇਸ ਪ੍ਰਕਾਰ ਦੇ ਰਿਸ਼ਤੇ ਆਮ ਮਿਲ ਜਾਂਦੇ ਹਨ। ਇੱਕ ਤੋਂ ਵੱਧ ਇਸਤਰੀਆਂ ਅਤੇ ਇੱਕ ਤੋਂ ਵੱਧ ਮਰਦਾਂ ਨਾਲ ਕਾਮੁਕ ਸੰਬੰਧ (sexual relation) ਰੱਖਣ ਦੀ ਭਾਵਨਾ ਤਕਰੀਬਨ ਹਰ ਮਰਦ ਤੇ ਇਸਤਰੀ ਵਿਚ ਪ੍ਰਜਬਲਤ ਹੈ। ਇਹ ਵੱਖਰੀ ਗੱਲ ਹੈ ਕਿ ਅਸੀਂ ਲੋਕ ਲਾਜ ਅਤੇ ਕਾਨੂੰਨ ਤੋਂ ਡਰ ਕਰਕੇ ਇਸ ਮਾਰਗ ਤੇ ਤੁਰਨ ਤੋਂ ਹਿਚਕਚਾਉਂਦੇ ਰਹਿੰਦੇ ਹਾਂ। ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਵਿਚ ਇਸ ਪ੍ਰਕਾਰ ਦੀਆਂ ਅਨੇਕਾਂ ਮਿਸਾਲਾਂ ਮਿਲ ਜਾਂਦੀਆਂ ਹਨ ਜਿਹੜੀਆਂ ਇਹ ਸਪਸ਼ਟ ਕਰ ਦਿੰਦੀਆਂ ਹਨ ਕਿ ਉਥੇ ਦਾ ਸੱਭਿਆਚਾਰ ਵੀ ਗੋਰਿਆਂ ਨਾਲ ਮਿਲਦਾ ਜਿਹਾ ਹੀ ਏ। ਗੋਰੇ ਜ਼ਿਆਦਾ ਖੁੱਲ੍ਹੇ ਇਸ ਲਈ ਲੱਗਦੇ ਹਨ ਕਿਉਂਕਿ ਉਹ ਪਿਆਰ ਮੁਹੱਬਤ ਦੀਆਂ ਹਰਕਤਾਂ ਸਭ ਦੇ ਸਾਹਮਣੇ ਹੀ ਕਰਦੇ ਰਹਿੰਦੇ ਹਨ। ਪੰਜਾਬੀ ਜਾਂ ਭਾਰਤੀ ਸਭਿਆਚਾਰ ਵਿਚ ਇਹ ਹਰਕਤਾਂ ਥੋੜ੍ਹੀਆਂ ਛੁਪ ਕੇ ਕੀਤੀਆਂ ਜਾਂਦੀਆਂ ਹਨ। ਦੂਜੀ ਗੱਲ ਇਹ ਹੈ ਕਿ ਉੱਧਰ ਭਾਰਤ ਵਿਚ ਇਹ ਹਰਕਤਾਂ ਗੈਰ ਕਾਨੂੰਨੀ ਵੀ ਮੰਨੀਆਂ ਜਾਂਦੀਆਂ ਹਨ, ਗੋਰਿਆਂ ਵਿਚ ਇਹ ਕਾਨੂੰਨ ਦੇ ਦਾਇਰੇ ਵਿਚ ਹਨ। ਮੂਲ ਰੂਪ ਵਿਚ ਦੋਹਾਂ ਪ੍ਰਕਾਰ ਦੀਆਂ ਹਰਕਤਾਂ ਤੇ ਕਾਰਕਰਤਗੀਆਂ ਵਿਚ ਕੋਈ ਖਾਸ ਫਰਕ ਨਹੀਂ। ਹਾਂ, ਇੰਜ ਕਿਹਾ ਜਾ ਸਕਦਾ ਏ ਕਿ ਭਾਰਤੀ ਸਭਿਆਚਾਰ ਵਿਚ ਬਲਾਤਕਾਰਾਂ ਦੀ ਗਿਣਤੀ ਬਹੁਤ ਹੀ ਜਿਆਦਾ ਏ ਤੇ ਗੋਰਿਆਂ ਵਿਚ ਇਹ ਪ੍ਰਵਿਰਤੀ ਬੜੀ ਹੀ ਘੱਟ ਨਜ਼ਰ ਆਉਂਦੀ ਏ। ਇਸਦਾ ਕਾਰਨ ਗੋਰੇ ਸੱਭਿਆਚਾਰ ਵਿਚ ਸੈਕਸ ਦਾ ਖੁੱਲ੍ਹਾਪਨ ਅਤੇ ਵੇਸ਼ਵਾਪਣ ਹੈ। ਬਲਾਤਕਾਰਾਂ ਦੀ ਵੱਧ ਗਿਣਤੀ ਨੇ ਅੰਤਾਂ ਦੇ ਅਪਰਾਧਾਂ ਨੂੰ ਵੀ ਜਨਮ ਦਿਤਾ ਏ। ਕਿਤੇ ਕੋਈ ਭੰਵਰੀ ਦੇਵੀ ਗੁੰਮ ਹੋ ਜਾਂਦੀ ਏ ਤੇ ਕਿਤੇ ਲੜਕੀਆਂ ਦੀਆਂ ਲਾਸ਼ਾਂ ਮਿਲਣ ਦੀਆਂ ਖਬਰਾਂ ਮਿਲਦੀਆਂ ਰਹਿੰਦੀਆਂ ਹਨ।ਕੋਈ ਲਾਸ਼ ਬਕਸੇ ਵਿਚ ਪਾ ਕੇ ਕਿਸੇ ਅਣਜਾਣ ਥਾਂ ਨੂੰ ਬਿਲਟੀ ਕੀਤੀ ਗਈ ਹੁੰਦੀ ਏ, ਕੋਈ ਲਾਸ਼ ਦੂਰ ਦੁਰਾਡੇ ਲਿਜਾ ਕੇ ਸੁੱਟੀ ਗਈ ਹੁੰਦੀ ਏ ਤੇ ਕੋਈ ਲਾਸ਼ ਰੇਲ ਗੱਡੀ ਵਿਚੋਂ ਬੋਰੀ ਵਿਚ ਪਾਈ ਹੋਈ ਮਿਲਦੀ ਏ।

ਇਕ ਹੋਰ ਪਹਿਲੂ ਜਰੂਰ ਅਲੱਗ ਕਿਸਮ ਦਾ ਨਜ਼ਰ ਆਉਂਦਾ ਏ। ਗੋਰੇ ਸੱਭਿਆਚਾਰ ਵਿਚ ਲੜਕੀ ਨੂੰ ਕਾਮ ਵਾਸਨਾ (sex) ਵਿਚ ਮਾੜੀਆਂ ਹਰਕਤਾਂ ਕਰਦੀ ਨੂੰ ਵੀ ਲੜਕੇ ਤੋਂ ਨੀਵੀਂ ਨਹੀਂ ਸਮਝਿਆ ਜਾਂਦਾ। ਭਾਰਤੀ ਸੱਭਿਆਚਾਰ ਵਿਚ ਅਗਰ ਕੋਈ ਕੁੜੀ ਕਿਧਰੇ ਕਾਮੁਕ (sex) ਹਰਕਤਾਂ ਕਰ ਦੇਵੇ ਤਾਂ ਉਹ ਨੀਵੀਂ ਸਮਝੀ ਜਾਣ ਲੱਗ ਪੈਂਦੀ ਏ। ਕਈ ਵਾਰ ਤਾਂ ਉਹ ਵਿਆਹ ਦੇ ਵਧੀਆ ਬੰਧਨ ਤੋਂ ਵੀ ਵਾਂਝੀ ਰਹਿ ਜਾਂਦੀ ਏ। ਗੋਰਿਆਂ ਵਿਚ ਇੰਜ ਬਹੁਤ ਹੀ ਘੱਟ ਪ੍ਰਤੀਤ ਹੁੰਦਾ ਏ। ਗੋਰੇ ਪਿਆਰ ਪਾ ਕੇ ਹੌਲੀ ਹੌਲੀ ਵਿਆਹ ਕਰਵਾਉਂਦੇ ਹਨ। ਅਗਰ ਸਚਮੁੱਚ ਹੀ ਪਿਆਰ ਪੈ ਜਾਵੇ ਤਾਂ ਉਹ ਇਸਤ੍ਰੀ ਦਾ ਪਿਛੋਕੜ ਨਹੀਂ ਦੇਖਦੇ। ਭਾਰਤੀ ਸਭਿਆਚਾਰ ਵਿਚ ਬਹੁਤੀ ਵਾਰੀ ਪਿਆਰ ਪੈਣ ਤੋਂ ਬਗੈਰ ਹੀ ਵਿਆਹ ਕਰ ਦਿੱਤਾ ਜਾਂਦਾ ਹੈ ਜਾਂ ਕਰਵਾ ਲਿਆ ਜਾਂਦਾ ਏ। ਉੱਥੇ ਬਹੁਤੀ ਵਾਰੀ ਪਿਆਰ ਵਿਆਹ ਤੋਂ ਬਾਦ ਪੈਂਦਾ ਏ, ਗੋਰਿਆਂ ਵਿਚ ਇਹ ਵਿਆਹ ਤੋਂ ਪਹਿਲਾਂ ਪੈਂਦਾ ਏ। ਪੰਜਾਬ ਵਿਚ ਜਿਹਨਾਂ ਵਿਆਹਾਂ ਨੂੰ ਪਿਆਰ ਵਿਆਹ (Love marriage) ਕਿਹਾ ਜਾਂਦਾ ਹੈ ਉਹਨਾਂ ਵਿਚੋਂ ਵੀ 80-90 ਫੀਸਦੀ ਸਹੀ ਅਰਥਾਂ ਵਿਚ ਪਿਆਰ ਵਿਆਹ ਨਹੀਂ ਹੁੰਦੇ। ਉਹ ਸਿਰਫ ਸਹੂਲਤੀ ਵਿਆਹ (marriages of convenience) ਹੀ ਹੁੰਦੇ ਹਨ। ਅਸਲੀ ਪਿਆਰ ਵਿਆਹ ਤਾਂ ਗੋਰਿਆਂ ਵਿਚ ਹੀ ਦੇਖਣ ਨੂੰ ਮਿਲਦੇ ਹਨ। ਕਈ ਗੋਰੀਆਂ ਅਧਿਆਪਕਾਵਾਂ ਨੇ ਟੈਕਸੀ ਡਰਾਈਵਰਾਂ, ਰਾਜ ਮਿਸਤਰੀਆਂ (brick layers), ਮੋਚੀਆਂ (shoemakers), ਸਮਾਨ ਚੱਕ ਥੱਲ ਕਰਨ ਵਾਲਿਆਂ (removalists), ਬਿਜਲੀ ਮਕੈਨਕਾਂ ਆਦਿ ਨਾਲ ਵਿਆਹ ਵੀ ਕਰਵਾਏ ਹੋਏ ਹਨ ਤੇ ਇਹਨਾਂ ਨੂੰ ਪਿਆਰ ਵੀ ਕਰਦੀਆਂ ਹਨ। ਪੰਜਾਬ ਵਿਚ ਇੰਜ ਨਹੀਂ ਹੈ। ਉੱਥੇ ਅਧਿਆਪਕਾ ਜਾਂ ਤਾਂ ਅਧਿਆਪਕ ਹੀ ਲੱਭੇਗੀ ਜਾਂ ਇਸਤੋਂ ਵੀ ਉੱਪਰ ਵਾਲਾ ਕੋਈ। ਉੱਥੇ ਪਿਆਰ ਸਹੂਲਤ ਅਤੇ ਰੁਤਬਾ ਦੇਖ ਕੇ ਹੀ ਪੈਂਦਾ ਏ, ਰਾਹ ਤੁਰੇ ਜਾਂਦੇ ਨਾਲ ਨਹੀਂ। ਗੋਰਿਆਂ ਵਿਚ ਪਿਆਰ ਅੰਨ੍ਹਾਂ ਹੈ (Love is blind) ਪਰੰਤੂ ਭਾਰਤੀਆਂ ਜਾਂ ਪੰਜਾਬੀਆਂ 'ਚ ਇਹ ਬਹੁਤ ਹੀ ਘੱਟ ਕੇਸਾਂ ਵਿਚ ਅੰਨ੍ਹਾਂ ਹੁੰਦਾ ਹੈ।

ਕਈ ਧਰਮਾਂ ਵਿਚ ਸੈਕਸ ਦਾ ਬੋਲਬਾਲਾ ਵੱਧ ਏ ਤੇ ਕਈਆਂ ਵਿਚ ਘੱਟ। ਖੁਜਰਾਹੋ ਦੇ ਮੰਦਰਾਂ ਵਿਚ ਖੁਦੀਆਂ ਸੈਕਸ ਦੀਆਂ ਅੰਤਾਂ ਦੀਆਂ ਮੂਰਤੀਆਂ ਇਹ ਸਿੱਧ ਕਰ ਦਿੰਦੀਆਂ ਹਨ ਕਿ ਹਿੰਦੂ ਧਰਮ ਵਿਚ ਸੈਕਸ ਨੂੰ ਧਰਮ ਦਾ ਹਿੱਸਾ ਮੰਨਿਆਂ ਜਾਂਦਾ ਹੈ। ਇਹੀ ਕੁਝ ਲਿੰਗ ਪੂਜਾ ਤੇ ਕ੍ਰਿਸ਼ਨ ਦੀਆਂ ਗੋਪੀਆਂ ਦਾ ਕੰਨਸੈਪਟ ਸਿੱਧ ਕਰਦੇ ਹਨ। ਸਿੱਖ ਮੱਤ ਵਿਚ ਸੈਕਸ ਦੇ ਮਾਮਲੇ ਵਿਚ ਭਾਵੇਂ ਸਖਤ ਮਰਿਆਦਾ ਨੂੰ ਮੱਦੇ ਨਜ਼ਰ ਰੱਖਿਆ ਜਾਂਦਾ ਹੈ ਪਰ ਮੇਰੀਆਂ ਇਸ ਲੇਖ ਦੇ ਸ਼ੁਰੂ ਵਿਚ ਦਿੱਤੀਆਂ ਉਦਾਹਰਣਾਂ ਇਹ ਦਰਸਾਉਂਦੀਆਂ ਹਨ ਕਿ ਆਮ ਜੀਵਨ ਵਿਚ ਫਿਰ ਵੀ ਸਭ ਕੁਝ ਹੋਈ ਹੀ ਜਾ ਰਿਹਾ ਏ। ਸਾਡੇ ਵਿਚ ਸੈਕਸ ਪ੍ਰਤੀ ਦੂਹਰੇ ਤੀਹਰੇ ਮਿਆਰ ਵੀ ਬਥੇਰੇ ਹਨ ਜਿਹੜੇ ਕਿ ਗੋਰਿਆਂ ਵਿਚ ਬਹੁਤ ਹੀ ਘੱਟ ਹਨ। ਅਗਰ ਕਿਸੇ ਜਿਮੀਂਦਾਰ ਜਾਂ ਅਮੀਰ ਆਦਮੀ ਦੀਆਂ ਦੋ ਜਾਂ ਤਿੰਨ ਤੀਵੀਆਂ ਹੋਣ ਤਾਂ ਅਸੀਂ ਉਸਨੂੰ ਮਾੜਾ ਨਹੀਂ ਕਹਿੰਦੇ।ਜੇਕਰ ਕੋਈ ਵਿਆਹ ਤੋਂ ਰਿਹਾ ਖੁਹਾ ਤੀਵੀਂ ਕਿਧਰੋਂ ਕੱਢ ਲਿਆਵੇ ਤਾਂ ਅਸੀਂ ਉਸਨੂੰ ਬਹੁਤ ਹੀ ਘਟੀਆ ਕਹਿੰਦੇ ਹਾਂ। ਮਹਾਰਾਜਾ ਪਟਿਆਲਾ ਦੀਆਂ ਅੰਤਾਂ ਦੀਆ ਰਖੇਲਾਂ ਸਨ। ਉਸਨੂੰ ਫਿਰ ਵੀ ਸਮਾਜ ਵਿਚ ਆਦਰ ਦਿੱਤਾ ਜਾਂਦਾ ਏ ਕਿਉਂਕਿ ਉਹ ਅਮੀਰ ਸੀ। ਦੂਜੇ ਪਾਸੇ ਮੇਰੇ ਪਿੰਡ ਦਾ ਜਾਗਰ ਪਹਿਲਾਂ ਇਕ ਕੁੜੀ ਦਿੱਲੀ ਤੋਂ ਕੱਢ ਕੇ ਲਿਆਇਆ। ਉਹ ਮਹੀਨੇ ਕੁ ਬਾਦ ਦੌੜ ਗਈ। ਫਿਰ ਜਾਗਰ ਇਕ ਐਸੀ ਕੁੜੀ ਕੱਢ ਲਿਆਇਆ ਜਿਸਦਾ ਘਰਵਾਲਾ ਕਿਸੇ ਅਪਰਾਧ ਤਹਿਤ ਜੇਲ੍ਹ ਵਿਚ ਸੀ। ਉਹ ਅਜੇ ਜੇਲ੍ਹ ਚੋਂ ਮੁੜਿਆ ਵੀ ਨਹੀਂ ਸੀ, ਇਧਰ ਉਹਦੀ ਤੀਵੀਂ ਦੇ ਜਾਗਰ ਦਾ ਮੁੰਡਾ ਵੀ ਹੋ ਗਿਆ ਸੀ। ਲੋਕ ਜਾਗਰ ਮਗਰ ਕੂਰ ਕੂਰ ਕਰਦੇ ਫਿਰਦੇ ਸਨ। ਪਿੰਡ ਦੀਆਂ ਕੁੜੀਆਂ ਚਿੜੀਆਂ ਜਾਗਰ ਤੋਂ ਪਰੇ ਰਹਿ ਕੇ ਰਾਹ ਬਦਲ ਕੇ ਲੰਘਦੀਆਂ ਸਨ।

ਗਲੀਆਂ, ਮੁਹੱਲਿਆਂ ਅਤੇ ਘਰਾਂ ਦੇ ਨਾਮ ਰੱਖਣ ਵਿਚ ਵੀ ਗੋਰਾ ਈਥੋਸ (ਕਵੀਰਤ) ਅਤੇ ਪੰਜਾਬੀ ਈਥੋਸ (ਕਵੀਰਤ) ਬੜੇ ਨੇੜੇ ਨੇੜੇ ਹਨ ਜਿਵੇਂ:–

**Broadway**– ਚੌੜਾ ਬਾਜ਼ਾਰ, ਸੌ ਫੁੱਟੀ ਸੜਕ ਆਦਿ।
**Town Hall**– ਹਾਲ ਬਾਜ਼ਾਰ
**Blacktown**– ਕਾਲੇਕੇ, ਕਾਲਾ ਬੱਕਰਾ, ਕਾਲਾ ਅਫਗਾਨਾ, ਕਾਲਾ ਸੰਘੀਆਂ ਆਦਿ।
**Queen St**– ਰਾਣੀ ਬਾਜ਼ਾਰ
Cowpasture Rd– ਗਊਸ਼ਾਲਾ ਬਾਜ਼ਾਰ, ਰੋਡ ਆਦਿ।
**Goldsmith Dr.**– ਸੁਨਿਆਰਿਆਂ ਦੀ ਪੱਤੀ
**Pottery cct**– ਘੁਮਾਰ ਮੰਡੀ
**Narellan (Sydney)**– ਨਰੇਲਾ (ਦਿੱਲੀ)
**Rustic Pl**– ਘਸਿਆਰਿਆਂ ਮੁਹੱਲਾ
**Hobby Rd.**– ਮੌਜੀਆਂ ਦੀ ਗਲੀ
**Jury way**– ਕਾਨੂੰਨੀਆਂ ਮੁਹੱਲਾ
**Newtown**– ਨਵਾਂਸ਼ਹਿਰ
**Barbers Rd**– ਨਾਈਆਂ ਮਹੁੱਲਾ
**Artillery Ave**– ਤੋਪਖਾਨਾ ਬਾਜ਼ਾਰ
**Engravings trk**– ਘਰੋੜੀਆਂ ਮੁਹੱਲਾ

ਘਰਾਂ ਦੇ ਨਾ ਜਿਵੇਂ ਘਲਿਲ Gill Cottage, Walia Manson, Preet Villa, Canadian Cottage ਅਤੇ ਅਨੇਕਾਂ ਅਦਾਰਿਆਂ ਦੇ ਨਾਮ ਜਾਂ ਤਾਂ ਗੋਰਿਆਂ ਦੀ ਨਕਲ ਹਨ ਤੇ ਜਾਂ ਉਹਨਾਂ ਦੇ ਸੱਭਿਆਚਾਰ ਨਾਲ ਪੂਰੇ ਮੇਲ ਖਾਂਦੇ ਹਨ।

ਪਹਿਲੇ ਸਮਿਆਂ ਵਿਚ ਪੰਜਾਬੀ ਲੋਕ ਗੋਰਿਆਂ ਵਾਂਗ ਛੋਟੇ ਛੋਟੇ ਨਾਮ ਰੱਖਿਆ ਕਰਦੇ ਸਨ ਜਿਵੇਂ ਮਾਹੋਂ, ਸ਼ਿੰਦੋ, ਸਦੋ, ਪੂਰੋ, ਜਸੋ, ਭੂਰੀ, ਦੇਸ਼ੋ, ਗੇਲੋ, ਦੇਵ, ਨੰਦੂ, ਜੀਤੂ, ਅੱਛਰੂ, ਮਾਝੂ, ਭੀਲਾ, ਦੌਲਾ ਆਦਿ। ਕੀ ਇਹ ਨਿੱਕੇ ਨਾਮ ਗੋਰਿਆਂ ਦੇ ਨਿੱਕੇ ਨਾਵਾਂ ਟਿੱਮ, ਹੈਰੀ, ਸ਼ੈਰੀ, ਰੌਕ, ਬੌਬ, ਏਂਜਲਾ, ਕਾਇਲੀ ਜਿਹੇ ਨਹੀਂ ਹਨ? ਸ਼ਾਇਦ ਪੰਜਾਬ ਵਿਚ ਮੁਸਲਮਾਨਾਂ ਦੇ ਆਗਮਨ ਨਾਲ ਲੰਬੇ ਲੰਬੇ ਨਾਮ ਰੱਖਣ ਦਾ ਰਿਵਾਜ਼ ਸ਼ੁਰੂ ਹੋ ਗਿਆ ਜਿਵੇਂ ਸੰਤ ਸੁਰਿੰਦਰਪਾਲ ਸਿੰਘ ਮਹਿੰਦੀਰੱਤਾ, ਗੁਰਇਕਬਾਲ ਸਿੰਘ ਸੰਧਾਵਾਲੀਆ, ਕੰਵਰ ਅਨੰਤਦੀਪ ਸਿੰਘ ਸਰਾਓਕਾਲੇਕੇ, ਅਕਸੇ ਕਰਿਸਟੋਫਰ ਬਿਓਡਰ ਖਾਨ, ਹਰਸ਼ ਬਹਾਦਰ ਸਿੰਘ ਦੁਲਚੀਪੁਰੀਆ ਆਦਿ। ਜਦ ਇਹਨਾਂ ਲੰਬੇ ਲੰਬੇ ਨਾਵਾਂ ਨਾਲ ਵੀ ਨਾ ਸਰਿਆਂ ਤਾਂ ਪੰਜਾਬੀਆਂ ਨੇ ਵੱਡੇ ਨਾਮ ਨਾਲ ਇਕ ਛੋਟਾ ਨਾਮ (nickname) ਵੀ ਰੱਖਣਾ ਸ਼ੁਰੂ ਕਰ ਦਿੱਤਾ ਜਿਵੇਂ ਅਵਤਾਰ ਸਿੰਘ ਆਪਣੇ ਆਪ ਨੂੰ ਟੈਰੀ, ਹਰਿੰਦਰ ਆਪਣੇ ਆਪ ਨੂੰ ਹੈਰੀ ਤੇ ਗੁਰਦੇਵ ਆਪਣੇ ਆਪ ਨੂੰ ਗੈਰੀ ਅਖਵਾਉਣ ਲੱਗ ਪਏ। ਜੇ ਕੋਈ ਬੱਚਾ ਜਿਆਦਾ ਹੀ ਚਿੱਟਾ ਜਿਹਾ ਹੋਵੇ ਤਾਂ ਕਹਿ ਦਿੰਦੇ ਨੇ ਕਿ ਨਿਰਾ ਅੰਗਰੇਜ਼ ਹੀ ਲੱਗਦਾ ਏ।

ਇਕ ਹੋਰ ਹੈਰਾਨੀ ਵਾਲੀ ਗੱਲ ਇਹ ਹੈ ਕਿ ਪੰਜਾਬੀਆਂ ਨੇ ਆਪਣਾ ਅਮੀਰ ਨਾਮਨੇਕਲੇਚਰ (nomenclature) ਛੱਡ ਕੇ ਮੁਸਲਮਾਨੀ ਨਾਮਨੇਕਲੇਚਰ ਦੇ ਨਾਮ ਰੱਖਣੇ ਸ਼ੁਰੂ ਕਰ ਦਿੱਤੇ ਜਿਵੇਂ ਰੁਸਤਮ ਗਿੱਲ, ਗੁਲਬਾਨ ਵਿਰਕ, ਜ਼ੁਲਫਿਰਾਕ ਸਿੰਘ, ਆਫਤਾਬ ਸਿੰਘ, ਆਲਮ ਸੰਧੂ, ਸ਼ਾਹਬਾਜ਼ ਗਰੇਵਾਲ, ਜਸ਼ਨਜੀਤ, ਸੁਹੇਲ ਸਿੰਘ ਆਦਿ। ਇਸ ਪ੍ਰਵਿਰਤੀ ਤੋਂ ਇਹ ਜਾਹਰ ਹੁੰਦਾ ਏ ਕਿ ਇਸ ਪ੍ਰਕਾਰ ਦੇ ਨਾਮ ਰੱਖਣ ਵਾਲੇ ਲੋਕ ਪੰਜਾਬੀ ਈਥੋਸ ਤੇ ਨਾਨਮਨੇਕਲੇਚਰ ਤੋਂ ਸੰਤੁਸ਼ਟ ਨਹੀਂ ਹਨ ਅਤੇ ਪੰਜਾਬੀ ਸੱਭਿਆਚਾਰ ਦੇ ਅਮੀਰ ਹੋਣ ਦੀਆਂ ਐਵੇਂ ਡੀਂਘਾਂ ਹੀ ਮਾਰਦੇ ਹਨ। ਇਸਦੇ ਉਲਟ ਮੁਸਲਮਾਨਾਂ ਦੇ ਨਾਮ 99.9% ਉਰਦੂ, ਫਾਰਸੀ ਅਤੇ ਅਰਬੀ ਰੰਗ ਵਿਚ ਰੰਗੇ ਹੋਏ ਹਨ। ਉਹ ਕੌਮ ਗੁਰਮੁਖੀ ਨਾਮਨੇਕਲੇਚਰ ਨੂੰ ਚੱਜ ਨਾਲ ਮਾਨਤਾ ਹੀ ਨਹੀਂ ਦਿੰਦੀ, ਇਸ ਨਾਮਨੇਕਲੇਚਰ ਦੇ ਨਾਮ ਰੱਖਣੇ ਤਾਂ ਦੂਰ ਦੀ ਗੱਲ ਏ। ਜਦ ਸਿੱਖਾਂ ਅਤੇ ਹਿੰਦੂਆਂ ਦੇ ਧਰਮ ਗ੍ਰੰਥ ਬਹੁਤ ਹੀ ਸੁੰਦਰ ਸ਼ਬਦਾਵਲੀ ਨਾਲ ਭਰੇ ਪਏ ਹਨ ਤਾਂ ਮੈਨੂੰ ਸਮਝ ਨਹੀਂ ਆਉਂਦਾ ਕਿ ਸਿੱਖ ਅਤੇ ਹਿੰਦੂ ਇਸਲਾਮੀ ਸ਼ਬਦਾਵਲੀ ਵੱਲ ਨੂੰ ਕਿਉਂ ਖਿੱਚ ਹੁੰਦੇ ਜਾ ਰਹੇ ਹਨ।

ਕਿਸੇ ਸਮਾਜ ਸਾਸ਼ਤਰੀ ਨੇ ਕਿਹਾ ਹੈ ਕਿ ਸਭਿਆਚਾਰ ਉਹ ਹੁੰਦਾ ਹੈ ਜੋ ਮਨੁੱਖ ਹੈ ਤੇ ਸਭਿਅਤਾ ਉਹ ਹੁੰਦੀ ਏ ਜੋ ਮਨੁੱਖ ਪਾਸ ਹੈ। (Civilization is what we have and culture is what we are)। ਉਪਰ ਮੈਂ ਦੋਹਾਂ ਸੱਭਿਆਚਾਰਾਂ ਦੇ ਮੂਲ ਰੂਪ ਵਿਚ ਇਕੋ ਜਿਹੇ ਹੋਣ ਦੀਆਂ ਕੁਝ ਗੱਲਾਂ ਕੀਤੀਆਂ ਹਨ। ਜੋ ਕੁਝ ਆਧੁਨਿਕ ਯੁੱਗ ਵਿਚ ਅਸੀਂ ਹਾਂ ਉਸਤੇ ਗੋਰਿਆਂ ਦੇ ਸੱਭਿਆਚਾਰ ਅਤੇ ਈਥੋਸ (ਕਵੀਰਤ) ਦਾ ਅੰਤਾਂ ਦਾ ਪ੍ਰਭਾਵ ਪਿਆ ਹੈ। ਸਾਡੇ ਤਰੀਕੇ (Norms) ਲੋਕ ਤਰੀਕੇ (folkways) ਅਤੇ ਨੈਤਿਕ ਕਦਰਾਂ (mores) ਵੀ ਗੋਰੇ ਈਥੋਸ ਤੋਂ ਬਹੁਤ ਪ੍ਰਭਾਵਤ ਹਨ। ਸਾਡਾ ਭੋਜਨ, ਸਾਡਾ ਪਹਿਰਾਵਾ, ਸਾਡੇ ਗੀਤ ਸਭ ਗੋਰੇ ਸਭਿਆਚਾਰ ਤੋਂ ਪ੍ਰਭਾਵਤ ਹਨ। ਸਭਿਆਚਾਰ ਦੇ ਇਹਨਾਂ ਅੰਤਰ ਪ੍ਰਭਾਵਾਂ ਬਾਰੇ ਕਾਫੀ ਕੁਝ ਲਿਖਿਆ ਮਿਲ ਹੀ ਜਾਂਦਾ ਹੈ। ਮੈਨੂੰ ਇਸ ਬਾਰੇ ਹੋਰ ਬਹੁਤਾ ਕੁਝ ਕਹਿਣ ਦੀ ਲੋੜ ਨਹੀਂ।

# ਖੇਤੀ ਕਾਨੂੰਨਾਂ ‘ਤੇ ਚਰਚਾ ਹੁਣ ਸੰਭਵ ਨਹੀਂ



ਨਵੀਂ ਦਿੱਲੀ: ਸਿੰਘੂ ਬਾਰਡਰ ‘ਤੇ ਡਟੀਆਂ ਹੋਈਆਂ ਕਿਸਾਨ ਜਥੇਬੰਦੀਆਂ ਨੇ ਅੱਜ ਕਿਹਾ ਕਿ ਉਹ ਆਪਣੇ ਰੁਖ਼ ‘ਤੇ ਕਾਇਮ ਰਹਿਣਗੀਆਂ। ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਤਿੰਨ ਖੇਤੀ ਕਾਨੂੰਨਾਂ, ਆਰਡੀਨੈਂਸ ਤੇ ਪਾਵਰ ਐਕਟ ‘ਤੇ ਕਿਸੇ ਵੀ ਤਰ੍ਹਾਂ ਦੀ ਵਿਚਾਰ ਚਰਚਾ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਪ੍ਰਧਾਨ ਮੰਤਰੀ ਨੂੰ ਕਿਹਾ ਕਿ ਉਹ ਕਿਸਾਨਾਂ ਦੇ ‘ਮਨ ਦੀ ਗੱਲ’ ਸੁਣਨ ਜਾਂ ਫਿਰ ਨਤੀਜੇ ਭੁਗਤਣ ਲਈ ਤਿਆਰ ਰਹਿਣ। ਉੱਧਰ ਸਿੰਘੂ ਬਾਰਡਰ ‘ਤੇ ਕਿਸਾਨਾਂ ਦਾ ਧਰਨਾ ਪੰਜਵੇਂ ਦਿਨ ਜਾਰੀ ਰਿਹਾ ਅਤੇ ਅਗਲੇ ਦੋ-ਤਿੰਨਾਂ ਦਿਨਾਂ ਤੱਕ ਕੇਂਦਰ ਸਰਕਾਰ ਵੱਲੋਂ ਕਿਸਾਨਾਂ ਨੂੰ ਗੱਲਬਾਤ ਲਈ ਬੁਲਾਇਆ ਜਾ ਸਕਦਾ ਹੈ।

ਸੂਤਰਾਂ ਮੁਤਾਬਕ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਸੀਨੀਅਰ ਆਗੂਆਂ ਨਾਲ ਵਿਚਾਰ-ਵਟਾਂਦਰਾ ਜਾਰੀ ਹੈ। ਉਨ੍ਹਾਂ ਦੇ ਗ੍ਰਹਿ ਹੋਈ ਬੈਠਕ ਵਿੱਚ ਕੇਂਦਰੀ ਖੇਤੀ ਮੰਤਰੀ ਨਰਿੰਦਰ ਸਿੰਘ ਤੋਮਰ ਤੇ ਹੋਰ ਸੀਨੀਅਰ ਭਾਜਪਾ ਸ਼ਾਮਲ ਹੋਏ ਤੇ ਇਸ ਸੰਕੇਤ ਆ ਰਹੇ ਹਨ ਕਿ ਕੇਂਦਰ ਸਰਕਾਰ ਕਿਸਾਨ ਜਥੇਬੰਦੀਆਂ ਨਾਲ ਬਿਨਾਂ ਸ਼ਰਤ ਗੱਲਬਾਤ ਕਰਨ ਲਈ ਤਿਆਰ ਹੈ ਅਤੇ ਗ੍ਰਹਿ ਮੰਤਰੀ ਤੇ ਖੇਤੀਬਾੜੀ ਮੰਤਰੀ ਇਹ ਬੈਠਕ ਅਗਲੇ ਦੋ-ਤਿੰਨ ਦਿਨਾਂ ਦੌਰਾਨ ਕਰ ਸਕਦੇ ਹਨ। ਸੂਤਰਾਂ ਮੁਤਾਬਕ ਅੱਜ ਦੀ ਬੈਠਕ ਵਿੱਚ ਕਿਸਾਨਾਂ ਨੂੰ ਧਰਨੇ ਖ਼ਤਮ ਕਰਨ ਲਈ ਪ੍ਰੇਰਿਆ ਜਾ ਸਕੇ ਤੇ ਵਿਵਾਦ ਦਾ ਕਾਰਨ ਬਣੇ ਮੁੱਦਿਆਂ ਬਾਰੇ ਕਿਸੇ ਨਤੀਜੇ ‘ਤੇ ਨਿਕਲਣ ਦੀ ਕੋਸ਼ਿਸ਼ ਕਰਨ ਬਾਰੇ ਚਰਚਾ ਕੀਤੀ ਗਈ।

ਉੱਧਰ ਸਿੰਘੂ ਬਾਰਡਰ ‘ਤੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਸਾਨ ਜਥੇਬੰਦੀਆਂ ਨੇ ਕਿਹਾ, ‘ਇਨ੍ਹਾਂ ਕਾਨੂੰਨਾਂ ਬਾਰੇ ਵਿਚਾਰ-ਚਰਚਾ ਨਹੀਂ ਹੋ ਸਕਦੀ। ਸਾਡੀ ਮੰਗ ਇਹ ਕਾਨੂੰਨ ਵਾਪਸ ਲੈਣ ਦੀ ਹੈ ਅਤੇ ਸਾਨੂੰ ਯਕੀਨ ਹੈ ਕਿ ਅਜਿਹਾ ਹੋਵੇਗਾ।‘ ਆਗੂਆਂ ਨੇ ਕਿਹਾ ਕਿ ਉਨ੍ਹਾਂ ਨੂੰ ਅਜੇ ਕੇਂਦਰ ਸਰਕਾਰ ਵੱਲੋਂ ਮੀਟਿੰਗ ਲਈ ਕੋਈ ਲਿਖਤੀ ਸੱਦਾ ਨਹੀਂ ਮਿਲਿਆ ਹੈ। ਉਨ੍ਹਾਂ ਭਾਜਪਾ ਆਗੂਆਂ ਨੂੰ ਫਾਸ਼ੀਵਾਦੀ ਕਰਾਰ ਦਿੰਦਿਆਂ ਕਿਹਾ ਕਿ ਇਨ੍ਹਾਂ ਦਾ ਹਾਲ ਮੂੰਹ ਤੋਂ ਰਾਮ ਰਾਮ ਤੇ ਬਗਲ ‘ਚ ਛੁਰੀ ਜਿਹਾ ਹੈ। ਸਰਕਾਰ ਵੱਲੋਂ ਕਿਸਾਨਾਂ ਦੇ ਗੁੰਮਰਾਹ ਹੋਣ ਸਬੰਧੀ ਕੀਤੇ ਜਾ ਰਹੇ ਦਾਅਵਿਆਂ ਬਾਰੇ ਸਾਂਝਾ ਕਿਸਾਨ ਮੋਰਚਾ ਦੇ ਆਗੂ ਯੋਗੇਂਦਰ ਯਾਦਵ ਨੇ ਕਿਹਾ ਕਿ ਸਰਕਾਰ ਦੀ ਪੋਲ ਹੁਣ ਖੁੱਲ੍ਹ ਚੁੱਕੀ ਹੈ। ਉਨ੍ਹਾਂ ਕਿਹਾ ਕਿ ਇਸ ਅੰਦੋਲਨ ਦੀ ਅਗਵਾਈ ਪੰਜਾਬ ਦੇ ਕਿਸਾਨ ਕਰ ਰਹੇ ਹਨ ਪਰ ਸਾਰੇ ਦੇਸ਼ ਦੇ ਕਿਸਾਨ ਇਸ ਅੰਦੋਲਨ ‘ਚ ਸ਼ਾਮਲ ਹਨ। ਸਰਕਾਰ ਵੱਲੋਂ ਇਸ ਅੰਦੋਲਨ ਨੂੰ ਬਿਨਾਂ ਆਗੂਆਂ ਦੇ ਹੋਣ ਦੇ ਦਾਅਵੇ ਬਾਰੇ ਉਨ੍ਹਾਂ ਕਿਹਾ ਕਿ ਪੰਜਾਬ ਦੀਆਂ 30 ਜਥੇਬੰਦੀਆਂ ਰੋਜ਼ਾਨਾ ਮੀਟਿੰਗ ਕਰ ਰਹੀਆਂ ਹਨ ਤੇ ਸਾਂਝਾ ਕਿਸਾਨ ਮੋਰਚਾ ਇਸ ਅੰਦੋਲਨ ਨੂੰ ਕੋਆਰਡੀਨੇਟ ਕਰ ਰਿਹਾ ਹੈ। ਜਥੇਬੰਦੀ ਨੇ ਇਸ ਦਾਅਵੇ ਨੂੰ ਵੀ ਨਕਾਰ ਦਿੱਤਾ ਇਹ ਅੰਦੋਲਨ ਕਾਂਗਰਸ ਚਲਾ ਰਹੀ ਹੈ।

ਕਿਸਾਨ ਆਗੂ ਗੁਰਨਾਮ ਸਿੰਘ ਚੜੂਨੀ ਨੇ ਕਿਹਾ, ‘ਅਸੀਂ ਪ੍ਰਧਾਨ ਮੰਤਰੀ ਨੂੰ ਦੱਸਣਾ ਚਾਹੁੰਦੇ ਹਾਂ ਕਿ ਜੇਕਰ ਉਨ੍ਹਾਂ ਦੀ ਸਰਕਾਰ ਇਹ ਸੋਚਦੀ ਹੈ ਕਿ ਉਹ ਇਸ ਅੜਿੱਕੇ ਨੂੰ ਲੰਮਾ ਖਿੱਚ ਕੇ ਸੰਘਰਸ਼ ਨੂੰ ਕਮਜ਼ੋਰ ਕਰ ਸਕਦੀ ਹੈ ਤਾਂ ਇਹ ਸਾਡੀ ਚਿਤਾਵਨੀ ਹੈ ਕਿ ਉਹ ਜੇਕਰ ਜਲਦੀ ਇਹ ਮਸਲਾ ਹੱਲ ਨਹੀਂ ਕਰਦੇ ਤਾਂ ਉਹ ਤਿੱਖੇ ਕਦਮ ਚੁੱਕਣ ਲਈ ਮਜਬੂਰ ਹੋਣਗੇ।‘ ਕਿਸਾਨ ਆਗੂਆਂ ਨੇ ਵੱਡੇ ਪੱਧਰ ‘ਤੇ ਪ੍ਰਧਾਨ ਮੰਤਰੀ ਦੀ ਆਲੋਚਨਾ ਕਰਦਿਆਂ ਕਿਹਾ ਕਿ ਉਹ ਘਟੀਆ ਤੇ ਫਿਰਕੂ ਸਿਆਸਤ ਕਰਨੀ ਛੱਡ ਦੇਣ। ਬਲਬੀਰ ਸਿੰਘ ਰਾਜੇਵਾਲ ਨੇ ਦੇਸ਼ ਵਾਸੀਆਂ ਨੂੰ ਇਸ ਸ਼ਾਂਤਮਈ ਸੰਘਰਸ਼ ‘ਚ ਸ਼ਾਮਲ ਹੋਣ ਦਾ ਸੱਦਾ ਦਿੰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਕਹਿੰਦੇ ਕੁਝ ਹਨ ਪਰ ਕਰਦੇ ਕੁਝ ਹਨ। ਉਹ ਦੇਸ਼ ਨੂੰ ਕਾਰਪੋਰੇਟਾਂ ਕੋਲ ਵੇਚ ਰਹੇ ਹਨ।

# ਕੇਂਦਰ ਖ਼ਿਲਾਫ਼ ਡਟਣ ਲਈ ਪ੍ਰਸ਼ਾਂਤ ਭੂਸ਼ਣ ਵੱਲੋਂ ਪੰਜਾਬ ਦੇ ਕਿਸਾਨਾਂ ਦੀ ਸ਼ਲਾਘਾ



ਡੇਰਾ ਬਾਬਾ ਨਾਨਕ : ਸਮਾਜਿਕ ਕਾਰਕੁਨ ਅਤੇ ਵਕੀਲ ਪ੍ਰਸ਼ਾਂਤ ਭੂਸ਼ਣ ਨੇ ਡੇਰਾ ਬਾਬਾ ਨਾਨਕ ਵਿੱਚ ਗੁਰੂ ਨਾਨਕ ਦੇਵ ਦੇ 551ਵੇਂ ਜਨਮ ਦਿਹਾੜੇ ਮੌਕੇ ਸੂਬਾ ਸਰਕਾਰ ਵੱਲੋਂ ਕਰਵਾਏ ਗਏ ਸਮਾਗਮ ਵਿੱਚ ਸ਼ਿਰਕਤ ਕੀਤੀ। ਇਸ ਮੌਕੇ ਉਨ੍ਹਾਂ ਪੰਜਾਬ ਦੇ ਕਿਸਾਨਾਂ ਵੱਲੋਂ ਆਪਣੇ ਹੱਕਾਂ ਲਈ ਕੇਂਦਰ ਸਰਕਾਰ ਨਾਲ ਮੱਥਾ ਲਾਉਣ ਦੇ ਦ੍ਰਿੜ ਇਰਾਦਿਆਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨਾਲ ਮੱਥਾ ਲਾਉਣ ਲਈ ਅੱਜ ਕੋਈ ਵੀ ਸੂਬਾ ਸਰਕਾਰ, ਰਾਜਨੀਤਕ ਆਗੂ ਜਾਂ ਸਮਾਜਿਕ ਕਾਰਕੁਨ ਸੌ ਵਾਰ ਸੋਚਣਗੇ ਪਰ ਗੁਰੂ ਨਾਨਕ ਦੀ ਸਿੱਖਿਆ ‘ਤੇ ਚੱਲ ਕੇ ਕਿਸਾਨਾਂ ਨੇ ਇਹ ਕਾਰਜ ਕਰਕੇ ਦਿਖਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਸ ਵੇਲੇ ਗੁਰੂ ਨਾਨਕ ਨੇ ਵੀ ਬਾਬਰ ਨੂੰ ਵੰਗਾਰਿਆ ਸੀ।

ਸ੍ਰੀ ਭੂਸ਼ਣ ਨੇ ਕਿਹਾ ਕਿ ਉਹ ਆਪ ਭਾਵੇਂ ਸਿੱਖ ਨਹੀਂ ਪਰ ਉਨ੍ਹਾਂ ਦੀ ਪਤਨੀ ਸਿੱਖ ਪਰਿਵਾਰ ‘ਚੋਂ ਹੈ। ਇਸ ਲਈ ਉਨ੍ਹਾਂ ਨੇ ਪਤਨੀ ਕੋਲੋਂ ਸਿੱਖਾਂ ਦੀਆਂ ਨਾ-ਇਨਸਾਫੀ ਵਿਰੁੱਧ ਡਟਣ ਦੀਆਂ ਕਈ ਮਿਸਾਲਾਂ ਸੁਣੀਆਂ ਹਨ। ਉਨ੍ਹਾਂ ਦੱਸਿਆ ਕਿ ਅੱਜ ਕੇਂਦਰ ਸਰਕਾਰ ਵੱਲੋਂ ਕਾਰਪੋਰੇਟ ਘਰਾਣਿਆਂ ਨੂੰ ਅਸਿੱਧੇ ਲਾਭ ਪਹੁੰਚਾਉਣ ਲਈ ‘ਧੱਕੇ ਨਾਲ ਈਨ ਮਨਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪਰ ਪੰਜਾਬ ਦੇ ਕਿਸਾਨਾਂ ਨੇ ਜਿਸ ਤਰ੍ਹਾਂ ਦਿੱਲੀ ਵੱਲ ਜਾਣ ਦੌਰਾਨ ਅਨੇਕਾਂ ਅੜਿੱਕੇ ਪਾਰ ਕੀਤੇ ਹਨ, ਉਹ ਕੋਈ ਛੋਟੀ ਗੱਲ ਨਹੀਂ। ਉਨ੍ਹਾਂ ਗੁਰੂ ਨਾਨਕ ਦੇਵ ਵੱਲੋਂ ਲੰਗਰ ਪ੍ਰਥਾ ਚਲਾਉਣ ਅਤੇ ਅੱਜ ਸਿੱਖਾਂ ਵੱਲੋਂ ਇਸ ਪ੍ਰਥਾ ਨੂੰ ਪੰਜਾਬ ਤੋਂ ਭਾਰਤ ਅਤੇ ਹੁਣ ਵਿਸ਼ਵ ਵਿੱਚ ਲਿਜਾਣ ਦੀ ਸ਼ਲਾਘਾ ਕੀਤੀ।




# ਕਿਸਾਨਾਂ ਤੇ ਆੜ੍ਹਤੀਆਂ ਦਾ ਰਿਸ਼ਤਾ ਨਾ ਤੋੜੇ ਕੇਂਦਰ: ਕੈਪਟਨ

ਡੇਰਾ ਬਾਬਾ ਨਾਨਕ: ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਡੇਰਾ ਬਾਬਾ ਨਾਨਕ ਵਿੱਚ ਗੁਰੂ ਨਾਨਕ ਦੇਵ ਦੇ 550 ਸਾਲਾ ਸਮਾਗਮਾਂ ਦੇ ਸੰਪੂਰਨਤਾ ਸਮਾਗਮ ਵਿੱਚ ਸ਼ਿਰਕਤ ਕਰਦਿਆਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਉਹ ਕਿਸਾਨਾਂ ਅਤੇ ਆੜ੍ਹਤੀਆਂ ਦਾ ਸੌ ਸਾਲਾ ਰਿਸ਼ਤਾ ਨਾ ਤੋੜ ਕੇ ਦੇਸ਼ ਦੇ ਕਿਸਾਨਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਠੋਸ ਨੀਤੀਆਂ ਬਣਾਏ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਸਿਰਫ਼ ਕਾਰਪੋਰੇਟ ਘਰਾਣਿਆਂ ਨੂੰ ਖ਼ੁਸ਼ ਕਰਨ ਲਈ ਯਤਨਸ਼ੀਲ ਹੈ, ਇਸੇ ਕਾਰਨ ਅੱਜ ਕਿਸਾਨਾਂ ਨੇ ਆਪਣੀਆਂ ਹੱਕੀ ਮੰਗਾਂ ਲਈ ਦਿੱਲੀ ਡੇਰੇ ਲਾਏ ਹਨ। ਮੁੱਖ ਮੰਤਰੀ ਨੇ ਕਿਸਾਨਾਂ ‘ਤੇ ਕੀਤੇ ਗਏ ਤਸ਼ੱਦਦ ‘ਤੇ ਫ਼ਿਕਰਮੰਦੀ ਜ਼ਾਹਰ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਦੇਸ਼ ਦੇ ਕਿਸਾਨਾਂ ਦੀਆਂ ਮੰਗਾਂ ਵੱਲ ਧਿਆਨ ਦੇਵੇ। ਜੇ ਕਿਸਾਨਾਂ ਨੂੰ ਐੱਮਐੱਸਪੀ ਨਾ ਦਿੱਤੀ ਗਈ ਤਾਂ ਕਿਸਾਨ ਆਰਥਿਕ ਤੌਰ ‘ਤੇ ਤਬਾਹ ਹੋ ਜਾਣਗੇ।



ਇਸ ਮੌਕੇ ਉਨ੍ਹਾਂ ਕਿਹਾ ਕਿ ਦੇਸ਼ ਦੀ ਸਲਾਮਤੀ ਅਤੇ ਤਰੱਕੀ ਲਈ ਸਭ ਵਰਗਾਂ ਵਿੱਚ ਏਕਤਾ ਅਤੇ ਭਾਈਚਾਰਕ ਸਾਂਝ ਬਣਾਈ ਰੱਖਣੀ ਸਮੇਂ ਦੀ ਮੁੱਖ ਲੋੜ ਹੈ। ਉਨ੍ਹਾਂ ਨੇ ਗੁਰੂ ਨਾਨਕ ਦੇਵ ਦੇ ‘ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ’ ਦੇ ਸਿਧਾਂਤ ਦੀ ਗੱਲ ਕਰਦਿਆਂ ਆਖਿਆ ਕਿ ਅੱਜ ਦੇਸ਼ ਹੀ ਨਹੀਂ ਸਗੋਂ ਵਿਸ਼ਵ ਭਰ ਵਿੱਚ ਸਿੱਖ ਗੁਰੂ ਸਾਹਿਬ ਦੇ ਇਸ ਸਿਧਾਂਤ ‘ਤੇ ਪਹਿਰਾ ਦੇ ਰਹੇ ਹਨ, ਜਿਸ ਨਾਲ ਸਮੁੱਚੇ ਵਿਸ਼ਵ ਵਿੱਚ ਸਿੱਖਾਂ ਨੂੰ ਸਨਮਾਨ ਮਿਲ ਰਿਹਾ ਹੈ।

ਇਸ ਮੌਕੇ ਪਾਰਟੀ ਪ੍ਰਧਾਨ ਸੁਨੀਲ ਜਾਖੜ ਨੇ ਆਪਣੇ ਸੰਬੋਧਨ ਦੌਰਾਨ ਕਿਸਾਨਾਂ ਦੀ ਤੁਲਨਾ ਭਾਈ ਲਾਲੋ ਤੇ ਕਾਰਪੋਰੇਟ ਘਰਾਣਿਆਂ ਦੀ ਤੁਲਨਾ ਮਲਿਕ ਭਾਗੋ ਨਾਲ ਕਰਦਿਆਂ ਕਿਹਾ ਕਿ ਦੇਸ਼ ਦਾ ਅੰਨਦਾਤਾ ਅੱਜ ਦਿੱਲੀ ਦੀਆ ਸੜਕਾਂ ‘ਤੇ ਰੁਲ ਰਿਹਾ ਹੈ। ਹਲਕਾ ਡੇਰਾ ਬਾਬਾ ਨਾਨਕ ਦੇ ਵਿਧਾਇਕ ਅਤੇ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਪੰਜਾਬ ਸਰਕਾਰ ਵੱਲੋਂ ਪਹਿਲੀ ਪਾਤਸ਼ਾਹੀ ਦੇ 550 ਸਾਲਾ ਪ੍ਰਕਾਸ਼ ਦਿਹਾੜੇ ਦੌਰਾਨ ਗੁਰੂ ਜੀ ਦੇ ਚਰਨ ਛੋਹ ਪ੍ਰਾਪਤ ਨਗਰਾਂ ਦੀ ਨੁਹਾਰ ਬਦਲਣ ਦਾ ਵਿਸ਼ੇਸ਼ ਜ਼ਿਕਰ ਕਰਦਿਆਂ ਕਿਹਾ ਕਿ ਇਸ ਹਲਕੇ ਵਿੱਚ ਕਈ ਇਤਿਹਾਸਕ ਪ੍ਰਾਜੈਕਟ ਸ਼ੁਰੂ ਹੋਏ ਹਨ। ਉਨ੍ਹਾਂ ਲੰਘੇ ਸਾਲ ਕਰਤਾਰਪੁਰ ਲਾਂਘੇ ਦੌਰਾਨ ਸੂਬਾ ਸਰਕਾਰ ਦੇ ਵਿਸ਼ੇਸ਼ ਯੋਗਦਾਨ ਦੀ ਸ਼ਲਾਘਾ ਕੀਤੀ। ਇਸ ਮੌਕੇ ਕੈਬਨਿਟ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਚਰਨਜੀਤ ਸਿੰਘ ਚੰਨੀ, ਵਿਧਾਇਕ ਬਲਵਿੰਦਰ ਸਿੰਘ ਲਾਡੀ, ਫਤਹਿਜੰਗ ਸਿੰਘ ਬਾਜਵਾ, ਬਰਜਿੰਦਰ ਸਿੰਘ ਪਾਹੜਾ ਸਮੇਤ ਹੋਰ ਵਿਧਾਇਕ ਵੀ ਹਾਜ਼ਰ ਸਨ।

# ਕਿਸਾਨ ਅੰਦੋਲਨ ਦਾ ਨਿਰਣਾਇਕ ਮੋੜ

ਪਿਛਲੇ ਕੁਝ ਮਹੀਨਿਆਂ ਤੋਂ ਚੱਲ ਰਿਹਾ ਕਿਸਾਨ ਅੰਦੋਲਨ ਹੁਣ ਅਤਿ ਨਾਜ਼ੁਕ ਤੇ ਨਿਰਣਾਇਕ ਮੋੜ 'ਤੇ ਪੁੱਜ ਚੁੱਕਾ ਹੈ। ਇਸ ਤੋਂ ਅੱਗੇ ਹੁਣ ਇਸ ਅੰਦੋਲਨ ਦਾ ਅੰਤਮ ਸਿਰਾ ਹੈ, ਜਿਸ ਤੋਂ ਅੱਗੇ ਕਿਸਾਨ ਅੰਦੋਲਨਕਾਰੀਆਂ ਕੋਲ ਬਹੁਤੇ ਵਿਕਲਪ ਨਹੀਂ ਰਹਿ ਗਏ। ਹਰ ਅੰਦੋਲਨ ਦਾ ਅੰਤਮ ਪੜਾਅ ਤਾਂ ਗੱਲਬਾਤ ਦਾ ਮੇਜ਼ ਹੀ ਹੁੰਦਾ ਹੈ। ਇਹ ਵੀ ਕਾਬਿਲ-ਏ-ਫ਼ਖਰ ਮੁਕਾਮ ਹੈ ਕਿ

**ਬੀਰ ਦਵਿੰਦਰ ਸਿੰਘ**

ਕਿਸਾਨ ਅੰਦੋਲਨ ਹਰਿਆਣਾ ਸਰਕਾਰ ਅਤੇ ਮੋਦੀ ਸਰਕਾਰ ਦੀ ਹਰ ਦਰਿੰਦਗੀ ਅਤੇ ਅੱਤਿਆਚਾਰ ਦਾ ਸਾਹਮਣਾ ਕਰਦਾ ਹੋਇਆ, ਹਰ ਕਿਸਮ ਦੀਆਂ ਰੁਕਾਵਟਾਂ ਨੂੰ ਲਤਾੜਦਾ ਤੇ ਸਰ ਕਰਦਾ ਹੋਇਆ ਆਖਿਰ ਦਿੱਲੀ ਅੱਪੜ ਗਿਆ ਹੈ। ਕਿਸਾਨ ਆਗੂਆਂ ਦੇ ਬੁੱਧੀ-ਵਿਵੇਕ ਲਈ ਇਹ ਆਖਰੀ ਮੋੜ ਬੜਾ ਨਾਜ਼ੁਕ ਹੈ। ਇਸ ਨਾਜ਼ੁਕ ਸਥਿਤੀ ਵਿਚ ਗੱਲ ਨਿਬੇੜਨ ਦੇ ਮਨਸ਼ੇ ਨਾਲ ਸਰਕਾਰ ਵੱਲੋਂ ਕਿਸਾਨ ਆਗੂਆਂ ਕੋਲ ਤਰ੍ਹਾਂ-ਤਰ੍ਹਾਂ ਦੇ ਪ੍ਰਸਤਾਵ ਆ ਸਕਦੇ ਹਨ। ਇਹ ਕਿਸਾਨ ਆਗੂਆਂ ਦੀ ਦਾਨਾਈ, ਦ੍ਰਿੜਤਾ, ਏਕਤਾ, ਪਾਰਦਰਸ਼ਤਾ ਅਤੇ ਸਪੱਸ਼ਟਤਾ ਲਈ ਬਹੁਤ ਵੱਡੀ ਪਰਖ ਦੀ ਘੜੀ ਹੈ। ਇਕ ਖਦਸ਼ਾ ਇਹ ਵੀ ਹੈ ਕਿ ਇਸ ਖ਼ਤਰਨਾਕ ਅਤੇ ਸੰਕਟਮਈ ਮੋੜ 'ਤੇ ਸਾਰੀ ਬਾਜ਼ੀ ਜਿੱਤ ਕੇ ਹਾਰੀ ਵੀ ਜਾ ਸਕਦੀ ਹੈ। ਦੂਜਾ ਭਰੋਸਾ ਇਹ ਵੀ ਹੈ ਇਸ ਸਦੀ ਦੇ ਮਹਾਨ ਕਿਸਾਨ ਅੰਦੋਲਨ ਨੂੰ ਪਾਇਆ-ਏ-ਤਕਮੀਲ ਤਕ ਪਹੁੰਚਾ ਕੇ ਇਕ ਸਦੀਵੀ ਜਿੱਤ ਵੀ ਪ੍ਰਾਪਤ ਕੀਤੀ ਜਾ ਸਕਦੀ ਹੈ। ਇਤਿਹਾਸ ਗਵਾਹ ਹੈ ਕਿ ਪਿਛਲੇ ਸੌ ਸਾਲਾਂ ਵਿਚ ਪੰਜਾਬੀਆਂ ਨੇ ਵੱਡੇ ਇਤਿਹਾਸਕ ਮੋਰਚੇ ਲਾਏ, ਬੇਪਨਾਹ ਕੁਰਬਾਨੀਆਂ ਕੀਤੀਆਂ, ਪਰ ਪ੍ਰਾਪਤੀਆਂ ਵਧੇਰੇ ਉਤਸ਼ਾਹਜਨਕ ਨਹੀਂ ਰਹੀਆਂ। ਇਹ ਵੀ ਕੌੜਾ ਸੱਚ ਹੈ ਕਿ ਅਸੀਂ ਮੈਦਾਨ ਵਿਚ ਤਾਂ ਸਦਾ ਜਿੱਤਦੇ ਰਹੇ ਹਾਂ, ਪਰ ਮੇਜ਼ 'ਤੇ ਬੈਠ ਕੇ ਗੱਲਬਾਤ ਕਰਨ ਸਮੇਂ ਜਿੱਤੀ ਬਾਜ਼ੀ ਹਾਰਦੇ ਰਹੇ ਹਾਂ। ਪ੍ਰਾਪਤੀਆਂ ਵੱਜੋਂ ਸਾਡੀ ਝੋਲੀ ਸਦਾ ਸੱਖਣੀ ਹੀ ਰਹੀ ਹੈ।

ਮੈਂ ਰਾਜਨੀਤੀ ਸ਼ਾਸਤਰ ਅਤੇ ਸਿੱਖ ਇਤਿਹਾਸ ਦਾ ਨਿਮਾਣਾ ਜਿਹਾ ਵਿਦਿਆਰਥੀ ਹਾਂ, ਪਿਛਲੀ ਲਗਪਗ ਇਕ ਸਦੀ ਦੇ ਸਿੱਖ ਸੰਘਰਸ਼ਾਂ, ਅਕਾਲੀ ਮੋਰਚਿਆਂ, ਦੇਸ਼ ਦੇ ਬਟਵਾਰੇ ਅਤੇ ਉਸ ਤੋਂ ਬਾਅਦ ਦੇ ਸਮਿਆਂ ਵਿਚ ਹੋਏ ਧਰੋਹ ਤੇ



ਵਿਸਾਹਘਾਤਾਂ ਦੀ ਪੀੜਾ ਹਰ ਸਿੱਖ ਦੇ ਹਿਰਦੇ ਵਿਚ ਸਮਾਈ ਹੋਈ ਹੈ, ਜਿਸਦਾ ਚੇਤਾ ਆਉਂਦਿਆਂ ਹੀ ਕੌਮੀ ਸੰਵੇਦਨਸ਼ੀਲਤਾ ਤੇ ਸੁਚੇਤਤਾ ਭਾਵਕਤਾ ਵੱਸ ਕੰਬ ਉੱਠਦੀ ਹੈ। ਸਰਕਾਰਾਂ ਨੇ ਇਤਿਹਾਸ ਦੇ ਹਰ ਨਾਜ਼ੁਕ ਮੋੜ 'ਤੇ ਪੰਜਾਬ ਨਾਲ ਜੋ ਧਰੋਹ ਕਮਾਇਆ, ਉਸ ਬਦਨੀਤੀ ਪਿੱਛੇ ਪੰਜਾਬ ਪ੍ਰਤੀ ਅਨਾਦਰ ਅਤੇ ਨਫ਼ਰਤ ਭਰਪੂਰ ਰਵੱਈਆ ਹੀ ਬੇਈਮਾਨੀਆਂ ਦਾ ਕਾਰਨ ਬਣਦਾ ਰਿਹਾ ਹੈ। ਇਸ ਲਈ ਪੰਜਾਬ ਨਾਲ ਬਾਰ-ਬਾਰ ਵਿਸ਼ਵਾਸਘਾਤ ਹੋਇਆ ਅਤੇ ਹਰ ਉਸ ਮੁਕਾਮ 'ਤੇ ਹੋਇਆ ਜਦੋਂ ਪੰਜਾਬ ਦੀ ਲੀਡਰਸ਼ਿਪ ਨੂੰ ਸਾਰੇ ਵਿਕਲਪ ਸਾਹਮਣੇ ਰੱਖ ਕੇ ਸੰਜੀਦਗੀ ਅਤੇ ਸਿਆਣਪ ਨਾਲ ਵਿਚਰਨ ਤੇ ਵਿਚਾਰਨ ਦੀ ਲੋੜ ਸੀ। ਸਾਡੇ ਆਗੂ ਉਸ ਵੇਲੇ ਜਾਂ ਤਾਂ ਵਕਤ ਤੋਂ ਖੁੰਝਦੇ ਰਹੇ ਜਾਂ ਰਾਜਨੀਤਕ ਸੌਦੇਬਾਜ਼ੀਆਂ ਕਰਕੇ ਰਾਜ-ਭਾਗ ਮਾਣਦੇ ਰਹੇ, ਜਿਸਦੀ ਤ੍ਰਾਸਦੀ ਦਾ ਸੰਤਾਪ ਅਸੀਂ ਅੱਜ ਭੋਗ ਰਹੇ ਹਾਂ।

ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਕਿਸਾਨ ਅੰਦੋਲਨ ਦੇ ਦਿੱਲੀ ਪੁੱਜਣ ਤੋਂ ਬਾਅਦ ਦਿੱਤਾ ਗਿਆ ਬਿਆਨ ਕੇਂਦਰ ਸਰਕਾਰ ਦੀ ਘਬਰਾਹਟ ਨੂੰ ਪ੍ਰਗਟਾਉਂਦਾ ਹੈ। ਇਸ ਤੋਂ ਇਕ ਗੱਲ ਤਾਂ ਤਸਦੀਕ ਹੁੰਦੀ ਹੈ ਕਿ ਹਾਲਾਤ ਦੀ ਨਾਜ਼ੁਕਤਾ ਦੇ ਮੱਦੇਨਜ਼ਰ ਕਿਸਾਨ ਅਗੂਆਂ ਨਾਲ ਗੱਲਬਾਤ ਕਰਨ ਲਈ ਮਿਥੀ 3 ਦਸੰਬਰ ਦੀ ਮਿਤੀ ਨੂੰ ਬਦਲ ਕੇ ਹੋਰ ਪਹਿਲਾਂ ਵੀ ਕੀਤਾ ਜਾ ਸਕਦਾ ਹੈ। ਇਸ ਲਈ ਕਿਸਾਨ ਆਗੂਆਂ ਨੂੰ ਆਪਸੀ ਸਹਿਮਤੀ ਨਾਲ ਗੱਲਬਾਤ ਲਈ ਸਪੱਸ਼ਟ ਏਜੰਡਾ ਤਿਆਰ ਕਰਨਾ ਚਾਹੀਦਾ ਹੈ। ਕੇਂਦਰ ਸਰਕਾਰ ਨੂੰ ਕਿਸਾਨ ਅੰਦੋਲਨ ਦੀ ਦ੍ਰਿੜਤਾ ਅਤੇ ਵਿਆਪਕਤਾ ਨੂੰ ਦੇਖਦੇ ਹੋਏ ਕਿਸਾਨਾਂ ਨਾਲ ਗੱਲਬਾਤ ਕਰਨ ਦਾ ਸੱਦਾ ਉਦੋਂ ਹੀ ਦੇਣਾ ਚਾਹੀਦਾ ਹੈ, ਜੇ ਉਨ੍ਹਾਂ ਦੇ ਇਰਾਦਿਆਂ ਵਿਚ ਕਿਸਾਨਾਂ ਦੀਆਂ ਮੰਗਾਂ ਪ੍ਰਤੀ ਕੋਈ ਹਾਂ-ਪੱਖੀ ਲਚਕੀਲਾਪਣ ਜਾ ਸੁਹਿਰਦਤਾ ਆਈ ਹੋਵੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਜਿਸ ਢੰਗ ਨਾਲ ਆਪਣੇ ਮਾਸਿਕ ਰੇਡਿਓ ਪ੍ਰਸਾਰਣ 'ਮਨ ਕੀ ਬਾਤ' ਵਿਚ 29 ਨਵੰਬਰ ਨੂੰ ਨਵੇਂ ਖੇਤੀ ਕਾਨੂੰਨਾਂ ਨੂੰ ਖੇਤੀ ਸੁਧਾਰਾਂ ਨਾਲ ਜੋੜ ਕੇ ਉਨ੍ਹਾਂ ਦੀ ਬੇਬਾਕ ਵਕਾਲਤ ਕੀਤੀ ਗਈ ਹੈ, ਉਸ ਤੋਂ ਤਾਂ ਸਪੱਸ਼ਟ ਜਾਪਦਾ ਹੈ ਕਿ ਸਰਕਾਰ ਆਪਣੀ ਕਿਸਾਨ ਵਿਰੋਧੀ ਨੀਤੀ ਸੁਧਾਰਨ ਦੇ ਰੌਂਅ ਵਿਚ ਨਹੀਂ। ਜੇ ਸਰਕਾਰ ਦੀ ਹੱਠਧਰਮੀ ਏਸੇ ਤਰ੍ਹਾਂ ਕਾਰਪੋਰੇਟ ਘਰਾਣਿਆਂ ਦਾ ਪੱਖ ਪੂਰਦੀ ਰਹੀ ਤਾਂ ਮੈਨੂੰ ਡਰ ਹੈ ਕਿ ਇਨ੍ਹਾਂ ਇਨਕਾਰੀ ਸਥਿਤੀਆਂ ਕਾਰਨ ਕਿਸਾਨ ਅੰਦੋਲਨ ਕੋਈ ਨਵੀਂ ਕਰਵਟ ਵੀ ਲੈ ਸਕਦਾ ਹੈ, ਜਿਸ ਦੀ ਵਿਕਰਾਲਤਾ ਦਾ ਅਨੁਮਾਨ ਲਾ ਸਕਣਾ ਸੰਭਵ ਨਹੀਂ ਹੈ।

ਜੇ ਸਰਕਾਰ ਕਿਸਾਨ ਮਸਲੇ ਨੂੰ ਹੱਲ ਕਰਨ ਲਈ ਸੁਹਿਰਦ ਹੋਵੇ ਤਾਂ ਇਸਨੂੰ ਫੌਰੀ ਤੌਰ 'ਤੇ ਤਿੰਨ-ਚਾਰ ਅਧਿਆਦੇਸ਼ ਜਾਰੀ ਕਰਨ ਦਾ ਫ਼ੈਸਲਾ ਕਰ ਲੈਣਾ ਚਾਹੀਦਾ ਹੈ। ਪਹਿਲਾ ਆਰਡੀਨੈਂਸ ਤਾਂ ਕਿਸਾਨ ਦੀਆਂ ਫ਼ਸਲਾਂ ਦਾ ਘੱਟੋ-ਘੱਟ ਖ਼ਰੀਦ ਮੁੱਲ ਤੈਅ ਕਰਨ ਦੀ ਵਿਵਸਥਾ ਨੂੰ ਪੁਖਤਾ ਕਾਨੂੰਨੀ ਜਾਮਾ ਪਹਿਨਾਉਣ ਦਾ ਬਣਦਾ ਹੈ। ਦੂਸਰਾ ਜ਼ਰੂਰੀ ਵਸਤਾਂ (ਸੋਧ) ਕਾਨੂੰਨ 2020 ਵਿਚ ਕੀਤੀ ਗਈ ਉਸ ਤਰਮੀਮ ਨੂੰ ਰੱਦ ਕਰਨ ਦਾ ਹੋਵੇਗਾ, ਜਿਸ ਰਾਹੀਂ ਬੜੀ ਚਲਾਕੀ ਨਾਲ ਵਪਾਰੀ ਦੀ ਜ਼ਖੀਰੇਬਾਜ਼ੀ ਨੂੰ ਇਸ ਕਾਨੂੰਨ ਦੇ ਅਧਿਕਾਰ ਖੇਤਰ ਤੋਂ ਮੁਕਤ ਕਰਕੇ ਉਲਟਾ ਕਿਸਾਨ ਨੂੰ ਇਸ ਕਾਨੂੰਨ ਦੀ ਜੱਦ ਹੇਠ ਲਿਆਂਦਾ ਗਿਆ ਹੈ। ਤੀਸਰਾ ਖੇਤੀ ਲਾਗਤ ਅਤੇ ਮੁੱਲ ਕਮਿਸ਼ਨ ਨੂੰ ਵਿਧਾਨਕ ਮਾਨਤਾ ਦੇ ਕੇ ਪੁਨਰ ਸਥਾਪਤ ਕਰਨਾ ਅਤੇ ਇਸ ਕਮਿਸ਼ਨ ਨੂੰ ਤੈਅਸ਼ੁਦਾ ਖੇਤੀ ਜਿਣਸਾਂ ਦਾ ਘੱਟੋ-ਘੱਟ ਖ਼ਰੀਦ ਮੁੱਲ ਤੈਅ ਕਰਨ ਦਾ ਪੂਰਨ ਅਧਿਕਾਰ ਦੇਣਾ ਹੈ, ਜਿਸ ਦੇ ਫ਼ੈਸਲਿਆਂ ਨੂੰ ਮੰਨਣਾ ਕੇਂਦਰ ਸਰਕਾਰ ਦੇ ਖੁਰਾਕ, ਖੇਤੀ ਅਤੇ ਵਿੱਤ ਮੰਤਰਾਲਿਆਂ ਲਈ ਜ਼ਰੂਰੀ ਹੋਵੇਗਾ। ਇਸ ਭਾਵਨਾ ਅਨੁਸਾਰ ਹੀ ਬਾਕੀ ਦੇ ਕਿਸਾਨ ਵਿਰੋਧੀ ਕਾਨੂੰਨਾਂ ਵਿਚ ਵੀ ਕਿਸਾਨਾਂ ਦੀਆਂ ਮੰਗਾਂ ਅਨੁਸਾਰ ਦੇਸ਼ ਦੀ ਸੰਸਦ ਦੀ ਅਗਲੀ ਬੈਠਕ ਵਿਚ ਲੋੜੀਂਦੀ ਸੋਧ ਕਰਨ ਲਈ ਲਿਖਤੀ ਸਮਝੌਤਾ ਹੋ ਸਕਦਾ ਹੈ, ਜਿਸ ਵਿਚ ਖੇਤੀ ਜਿਣਸਾਂ ਦੇ ਮੰਡੀਕਰਨ ਦੀ ਪਹਿਲਾਂ ਤੋਂ ਚੱਲ ਰਹੀ ਪੁਖਤਾ ਵਿਵਸਥਾ ਨੂੰ ਲਾਗੂ ਰੱਖਣ ਲਈ ਕੇਂਦਰ ਸਰਕਾਰ ਅਤੇ ਸੂਬਾਈ ਸਰਕਾਰਾਂ ਪਾਬੰਦ ਹੋਣ।

ਕਿਸਾਨ ਅੰਦੋਲਨ ਦੀ ਸਿਲਸਿਲੇਵਾਰ ਲੜਾਈ ਅਤੇ ਪੂਰੀ ਦ੍ਰਿੜਤਾ ਨਾਲ ਦਿੱਲੀ ਅਪੜਨ ਤਕ ਦੇ ਸਫ਼ਰ ਦੇ ਬੇਸ਼ੁਮਾਰ ਪਹਿਲੂ ਹਨ। ਕਿਸਾਨ ਅੰਦੋਲਨ ਦੀ ਰੂਹ ਅਤੇ ਧੜਕਣ ਨੂੰ ਅੱਖੋਂ ਪਰੋਖੇ ਕਰਕੇ ਇਸਦੀ ਸਮੁੱਚੀ ਸ਼ਕਤੀ ਦੇ ਸਰੂਪ ਦਾ ਸਹੀ ਵਿਸ਼ਲੇਸ਼ਣ ਨਹੀਂ ਹੋ ਸਕਦਾ। ਕਿਸਾਨ ਅੰਦੋਲਨ ਦੇ ਸਾਰੇ ਸੂਖਮ ਪਹਿਲੂਆਂ ਦਾ ਧਿਆਨ ਰੱਖਣਾ ਬਣਦਾ ਹੈ।

ਕਿਸਾਨ ਅੰਦੋਲਨ ਨਿਰਣਾਇਕ ਮੋੜ 'ਤੇ ਪੁੱਜ ਚੁੱਕਾ ਹੈ। ਸਮੁੱਚਾ ਕਿਸਾਨ ਜਗਤ ਚੰਗੇ ਸਿੱਟਿਆਂ ਦੀ ਬੇਸਬਰੀ ਨਾਲ ਉਡੀਕ ਕਰ ਰਿਹਾ ਹੈ। ਸ਼ਾਲਾ ਤੁਹਾਡੇ ਨੇਕ ਇਰਾਦਿਆਂ ਨੂੰ ਫਤਿਹ ਨਸੀਬ ਹੋਵੇ। ਹਾਸ਼ਮ ਸ਼ਾਹ ਦੇ ਬੋਲ ਹਨ:

*ਹਾਸ਼ਮ ਫਤਿਹ ਨਸੀਬ ਤਿਨ੍ਹਾਂ ਨੂੰ,*
*ਜਿਨ੍ਹਾਂ ਹਿੰਮਤ ਯਾਰ ਬਣਾਈ।*

# ਰਾਸ਼ਟਰਪਤੀ ਬਾਇਡਨ ਦਾ ਦਮਖ਼ਮ ਤੇ ਚੁਣੌਤੀਆਂ



ਦੂਜੇ ਮੁਲਕਾਂ ਵਿਚ ਅਮਰੀਕਾ ਦੀਆਂ ਸਾਮਰਾਜੀ ਦਖ਼ਲਅੰਦਾਜ਼ੀ ਵਾਲੀਆਂ ਵਿਦੇਸ਼ ਤੇ ਰੱਖਿਆ ਨੀਤੀਆਂ ਦੇ ਸਭ ਤੋਂ ਲੰਮੀ ਉਮਰ ਦੇ ਆਲੋਚਕ ਰਹੇ ਉੱਘੇ ਦਾਨਿਸ਼ਵਰ ਨੋਮ ਚੌਮਸਕੀ ਨੇ ਇਕ ਵਾਰ ਡੂੰਘੀ ਬੌਧਿਕ ਟਿੱਪਣੀ ਕਰਦਿਆਂ ਕਿਹਾ ਸੀ ਕਿ ਡੈਮੋਕਰੈਟਿਕ ਰਾਸ਼ਟਰਪਤੀ ਅਤੇ ਰਿਪਬਲਿਕਨ ਰਾਸ਼ਟਰਪਤੀ ਵਿਚ ਫ਼ਰਕ ਬਹੁਤ ਮਾਮੂਲੀ ਹੈ, ਪਰ ਅਮਰੀਕਾ ਦੀ ਆਰਥਿਕ ਅਤੇ ਫ਼ੌਜੀ ਤਾਕਤ ਇੰਨੀ ਵਿਸ਼ਾਲ ਹੈ ਕਿ ਇਹ ਮਾਮੂਲੀ ਫ਼ਰਕ ਵੀ ਦੁਨੀਆਂ ਤੇ ਅਮਰੀਕਾ ਲਈ ਬਹੁਤ ਅਹਿਮ ਬਣ ਜਾਂਦਾ ਹੈ। ਉਂਜ, 2020 ਦੀ ਰਾਸ਼ਟਰਪਤੀ ਦੀ ਚੋਣ ਵਿਚ ਰਿਪਬਲਿਕਨ ਟਰੰਪ ਅਤੇ ਡੈਮੋਕਰੈਟਿਕ ਬਾਇਡਨ ਵਿਚਕਾਰ ਅੰਤਰ ਮਾਮੂਲੀ ਨਾਲੋਂ ਥੋੜ੍ਹਾ ਜ਼ਿਆਦਾ ਹੀ ਹੈ ਅਤੇ ਇਸ ਲਈ ਬਾਇਡਨ ਦੀ ਜਿੱਤ ਡੈਮੋਕਰੈਟਾਂ ਦੀਆਂ ਪਿਛਲੀਆਂ ਜਿੱਤਾਂ ਜਿਨ੍ਹਾਂ 'ਚ 2008 ਦੀ ਓਬਾਮਾ ਦੀ ਜਿੱਤ ਵੀ ਸ਼ਾਮਲ ਹੈ, ਨਾਲੋਂ ਵੀ ਬਹੁਤ ਜ਼ਿਆਦਾ ਅਹਿਮੀਅਤ ਦਾ ਸਬੱਬ ਬਣ ਗਈ ਹੈ।

ਇਹ ਤਬਦੀਲੀ ਅਜਿਹੇ ਮੋੜ 'ਤੇ ਵਾਪਰ ਰਹੀ ਹੈ ਜਦੋਂ ਵੰਗਾਰਾਂ ਇਕ ਬੇਮਿਸਾਲ ਜੁੱਟ ਦੇ ਰੂਪ ਵਿਚ ਸਾਹਮਣੇ ਆ ਰਹੀਆਂ ਹਨ: ਕੋਵਿਡ-

**ਪ੍ਰੋ. ਪ੍ਰੀਤਮ ਸਿੰਘ**

19 ਦੀ ਮਹਾਮਾਰੀ ਕਾਰਨ ਅਮਰੀਕਾ ਵਿਚ ਹੋਰ ਕਿਸੇ ਵੀ ਮੁਲਕ ਨਾਲੋਂ ਜ਼ਿਆਦਾ ਮੌਤਾਂ ਹੋਈਆਂ ਹਨ, ਬਦਤਰ ਹੁੰਦੇ ਜਾ ਰਹੇ ਆਰਥਿਕ ਸੰਕਟ ਕਾਰਨ ਅਜਿਹੀ ਵਿਆਪਕ ਬੇਕਾਰੀ ਫੈਲ ਰਹੀ ਹੈ ਜੋ 1929-33 ਦੀ ਮਹਾਮੰਦੀ ਤੋਂ ਲੈ ਕੇ ਹੁਣ ਤਕ ਕਦੇ ਨਹੀਂ ਦੇਖੀ ਗਈ ਸੀ, ਆਲਮੀ ਜਲਵਾਯੂ ਸੰਕਟ ਇੰਨਾ ਭਿਆਨਕ ਰੂਪ ਅਖ਼ਤਿਆਰ ਕਰਦਾ ਜਾ ਰਿਹਾ ਹੈ ਕਿ ਇਸ ਨੇ ਸਮੁੱਚੇ ਧਰਤ ਗ੍ਰਹਿ ਦੀ ਹੋਂਦ ਲਈ ਖ਼ਤਰਾ ਖੜ੍ਹਾ ਕਰ ਦਿੱਤਾ ਹੈ, ਅਮਰੀਕਾ ਅਤੇ ਚੀਨ ਵਿਚਕਾਰ ਤਣਾਅ ਅਤੇ ਅਮਰੀਕਾ-ਇਰਾਨ ਟਕਰਾਅ ਤੇਜ਼ ਹੋਣ ਕਰ ਕੇ ਪਰਮਾਣੂ ਹਥਿਆਰਾਂ ਦਾ ਖ਼ਤਰਾ ਵਧ ਗਿਆ ਹੈ। ਡੋਨਲਡ ਟਰੰਪ ਕੋਵਿਡ-19 ਦੀ ਮਹਾਮਾਰੀ ਤੋਂ ਮੁਨਕਰ ਹੀ ਹੁੰਦਾ ਰਿਹਾ ਅਤੇ ਉਸ ਨੇ ਅਮਰੀਕਾ ਨੂੰ ਉਸ ਪੈਰਿਸ ਜਲਵਾਯੂ ਸਮਝੌਤੇ ਤੋਂ ਲਾਂਭੇ ਕਰ ਦਿੱਤਾ ਜੋ ਆਪਣੀਆਂ ਕੁਝ ਕਮਜ਼ੋਰੀਆਂ ਦੇ ਬਾਵਜੂਦ ਦੁਨੀਆਂ ਦੇ ਸਿਰ 'ਤੇ ਮੰਡਰਾਅ ਰਹੇ ਵਾਤਾਵਰਨੀ ਸੰਕਟ ਨਾਲ ਸਿੱਝਣ ਦਾ ਸਾਡੇ ਕੋਲ ਇਕੋ ਇਕ ਆਲਮੀ ਸਮਝੌਤਾ ਹੈ। ਟਰੰਪ ਅਜਿਹਾ ਰਾਸ਼ਟਰ ਮੁਖੀ ਸੀ ਜਿਸ ਨੂੰ ਆਲਮੀ ਆਰਥਿਕ ਸੰਕਟ ਦੇ ਕਾਰਨਾਂ ਅਤੇ ਇਸ ਨਾਲ ਸਿੱਝਣ ਦੀਆਂ ਰਣਨੀਤੀਆਂ ਬਾਰੇ ਸਭ ਤੋਂ ਘੱਟ ਸਮਝ ਸੀ। ਚੀਨ ਅਤੇ ਇਰਾਨ ਪ੍ਰਤੀ ਉਸ ਦੀ ਪਹੁੰਚ ਕਰ ਕੇ ਆਲਮੀ ਵਪਾਰ ਅਤੇ ਪਰਮਾਣੂ ਹਥਿਆਰਾਂ ਦੇ ਸਵਾਲਾਂ 'ਤੇ ਟਕਰਾਅ ਹੋਰ ਤੇਜ਼ ਹੋ ਗਏ ਹਨ।

ਅਮਰੀਕਾ ਦੇ ਬਾਹਰਲੀ ਦੁਨੀਆਂ ਨਾਲ ਸਬੰਧਾਂ ਨੂੰ ਲੈ ਕੇ ਅਲੱਗਵਾਦੀ ਤੇ ਸਾਂਝ ਭਿਆਲੀ ਵਾਲੀਆਂ ਪਹੁੰਚਾਂ ਮੁਤੱਲਕ ਅਮਰੀਕਾ ਦੇ ਅੰਦਰ ਮੁੱਢ ਤੋਂ ਹੀ ਵਾਦ ਵਿਵਾਦ ਚੱਲਦਾ ਰਿਹਾ ਹੈ। ਇਨ੍ਹਾਂ ਦੋਵੇਂ ਪਹੁੰਚਾਂ ਦੇ ਖੱਬੇਪੱਖੀ ਅਤੇ ਸੱਜੇਪੱਖੀ ਦੋਵੇਂ ਪਹਿਲੂ ਹਨ। ਖੱਬੇਪੱਖੀ ਅਲੱਗਵਾਦੀ ਪਹੁੰਚ ਦੁਨੀਆਂ ਵਿਚ ਅਮਰੀਕਾ ਦੀ ਸਾਮਰਾਜਵਾਦੀ ਦਖ਼ਲਅੰਦਾਜ਼ੀਆਂ ਦੀ ਤਿੱਖੀ ਆਲੋਚਨਾ ਕਰਦੀ ਹੈ ਜਦੋਂਕਿ ਸੱਜੇਪੱਖੀ ਅਲੱਗਵਾਦੀ ਪਹੁੰਚ ਬਾਕੀ ਦੁਨੀਆਂ ਪ੍ਰਤੀ ਬੇਮੁਖਤਾ ਦੀ ਖੁੱਲ੍ਹ ਕੇ ਪੈਰਵੀ ਕਰਦੀ ਹੈ। ਖੱਬੇਪੱਖੀ ਆਲਮੀ ਸਾਂਝ ਭਿਆਲੀ ਦੀ ਪਹੁੰਚ ਦੁਨੀਆਂ ਵਿਚ ਮਾਨਵੀ ਕਾਰਜਾਂ ਤੇ ਲੋਕਸ਼ਾਹੀ ਦੇ ਹੱਕ ਵਿਚ ਅਮਰੀਕਾ ਦੇ ਯਤਨਾਂ ਦੀ ਪੈਰਵੀ ਕਰਦੀ ਹੈ ਅਤੇ ਸੱਜੇਪੱਖੀ ਆਲਮੀ ਸਾਂਝ ਭਿਆਲੀ ਦੀ ਪਹੁੰਚ ਦੁਨੀਆਂ ਵਿਚ ਸਮਤਾਪੂਰਨ ਅਤੇ ਸਮਾਜਵਾਦੀ ਤਬਦੀਲੀਆਂ ਲਈ ਚੱਲ ਰਹੀਆਂ ਸਿਆਸੀ ਤਹਿਰੀਕਾਂ ਨੂੰ ਕੁਚਲਣ ਵਿਚ ਅਮਰੀਕਾ ਨੂੰ ਮੋਹਰੀ ਕਿਰਦਾਰ ਨਿਭਾਉਣ ਲਈ ਹੱਲਾਸ਼ੇਰੀ ਦਿੰਦੀ ਹੈ। ਡੋਨਲਡ ਟਰੰਪ ਸਿਰੇ ਦੀ ਸੱਜੇਪੱਖੀ ਅਲੱਗਵਾਦੀ ਪਹੁੰਚ ਦਾ ਅਜਿਹਾ ਤਰਜਮਾਨ ਰਿਹਾ ਹੈ ਜਿਸ ਦੀ ਸਾਡੀ ਜਾਚੇ ਕਿਸੇ ਹੋਰ ਅਮਰੀਕੀ ਰਾਸ਼ਟਰਪਤੀ ਤੋਂ ਮਿਸਾਲ ਨਹੀਂ ਮਿਲ ਸਕਦੀ। ਜਲਵਾਯੂ ਸੰਕਟ ਨੂੰ ਮਹਿਜ਼ ਅਫ਼ਵਾਹ ਕਰਾਰ ਦੇਣਾ ਉਸ ਪਹੁੰਚ ਦੀ ਸਭ ਤੋਂ ਬੇਬਾਕ ਮਿਸਾਲ ਹੈ ਜੋ ਵਿਗਿਆਨ ਪ੍ਰਤੀ ਮੂੜ੍ਹਤਾ ਅਤੇ ਆਲਮੀ ਤਪਸ਼ ਵਿਚ ਸਭ ਤੋਂ ਵੱਧ ਵਾਧਾ ਕਰਨ ਵਾਲੀ ਘਰੇਲੂ ਤੇਲ ਸਨਅਤ ਦੀ ਨੰਗੀ ਚਿੱਟੀ ਤਰਫ਼ਦਾਰੀ ਦਾ ਜੋੜ ਕਾਇਮ ਕਰਦੀ ਹੈ।

ਟਰੰਪ ਦੀ ਸੱਜੇਪੱਖੀ ਅਲੱਗਵਾਦੀ ਪਹੁੰਚ ਨੇ ਵਾਰ ਵਾਰ ਅਮਰੀਕਾ ਨੂੰ ਮੁੜ ਮਹਾਨ ਬਣਾਉਣ ਦੇ ਨਾਅਰੇ ਉਭਾਰ ਕੇ ਸੱਜੇਪੱਖੀ ਗੋਰੇ ਨਸਲਵਾਦੀ ਗਰੋਹਾਂ ਤੇ ਬਿਰਤੀਆਂ ਨੂੰ ਪਨਪਣ ਲਈ ਹੱਲਾਸ਼ੇਰੀ ਦਿੱਤੀ ਹੈ। ਇਨ੍ਹਾਂ 'ਚੋਂ ਬਹੁਤ ਸਾਰੇ ਗਰੋਹਾਂ ਕੋਲ ਬਹੁਤ ਜ਼ਿਆਦਾ ਹਥਿਆਰ ਹਨ ਅਤੇ ਉਹ ਇਨ੍ਹਾਂ ਦਾ ਬੇਸ਼ਰਮੀ ਨਾਲ ਮੁਜ਼ਾਹਰਾ ਵੀ ਕਰਦੇ ਰਹਿੰਦੇ ਹਨ। ਸ਼ਕਤੀਸ਼ਾਲੀ ਗੰਨ ਲਾਬੀ ਇਨ੍ਹਾਂ ਗਰੋਹਾਂ ਦੀ ਪਿੱਠ ਪੂਰਦੀ ਹੈ ਅਤੇ ਇਹ ਗੁੰਡਾ ਗਰੋਹ ਨਸਲੀ ਘੱਟਗਿਣਤੀਆਂ 'ਤੇ ਵਧ ਰਹੇ ਹਮਲਿਆਂ ਲਈ ਸਿੱਧੇ ਜਾਂ ਅਸਿੱਧੇ ਤੌਰ 'ਤੇ ਕਸੂਰਵਾਰ ਹਨ। 'ਬਲੈਕ ਲਾਈਵਜ਼ ਮੈਟਰ' ਅੰਦੋਲਨ ਜਿਸ ਨੇ ਡਰਾਈਆਂ ਧਮਕਾਈਆਂ ਜਾਂਦੀਆਂ ਘੱਟਗਿਣਤੀਆਂ ਨੂੰ ਲਾਮਬੰਦ ਕੀਤਾ ਹੈ, ਇਸੇ ਵਧ ਰਹੀ ਨਸਲਪ੍ਰਸਤੀ ਦਾ ਸਿੱਧਮ-ਸਿੱਧਾ ਸਿੱਟਾ ਹੈ ਜਿਸ ਨੂੰ ਟਰੰਪ ਪ੍ਰਸ਼ਾਸਨ ਦੌਰਾਨ ਹੁਲਾਰਾ ਮਿਲਿਆ ਸੀ।

ਬਾਇਡਨ-ਹੈਰਿਸ ਦੀ ਜੇਤੂ ਟੀਮ ਨੇ ਜਿਹੜੇ ਤਿੰਨ ਸ਼ੁਰੂਆਤੀ ਐਲਾਨ ਕੀਤੇ ਹਨ ਉਹ ਟਰੰਪ ਦੀ ਅਗਵਾਈ ਵਾਲੇ ਪ੍ਰਸ਼ਾਸਨ ਦੀ ਪਹੁੰਚ ਨਾਲੋਂ ਅੰਸ਼ਕ ਵਖਰੇਵੇਂ ਤੋਂ ਰਤਾ ਜ਼ਿਆਦਾ ਫ਼ਰਕ ਦਰਸਾਉਂਦੇ ਹਨ। ਜੋਅ ਬਾਇਡਨ ਨੇ ਕੋਵਿਡ-19 ਮਹਾਮਾਰੀ ਨਾਲ ਸਿੱਝਣ ਲਈ ਸਾਇੰਸਦਾਨਾਂ ਤੇ ਮੈਡੀਕਲ ਮਾਹਿਰਾਂ ਦੀ ਇਕ ਹੰਗਾਮੀ ਟਾਸਕ ਫੋਰਸ ਕਾਇਮ ਕਰਨ ਦਾ ਐਲਾਨ ਕੀਤਾ ਹੈ ਤੇ ਇਹ ਵੀ ਕਿਹਾ ਹੈ ਕਿ ਅਮਰੀਕਾ ਪੈਰਿਸ ਸਮਝੌਤੇ ਨਾਲ ਮੁੜ ਜੁੜੇਗਾ। ਆਪਣੀਆਂ ਜੇਤੂ ਮਾਨਤਾ ਤਕਰੀਰਾ ਵਿਚ ਜੋਅ ਬਾਇਡਨ ਤੇ ਕਮਲਾ ਹੈਰਿਸ ਦੋਵਾਂ ਨੇ ਸਪੱਸ਼ਟ ਐਲਾਨ ਕੀਤਾ ਹੈ ਕਿ ਉਹ ਅਮਰੀਕੀ ਸਮਾਜ ਅਤੇ ਸੰਸਥਾਵਾਂ ਵਿਚ ਘਰ ਕਰ ਚੁੱਕੀ 'ਨਸਲਪ੍ਰਸਤੀ ਦੀ ਅਲਾਮਤ' ਨੂੰ ਜੜ੍ਹੋਂ ਪੁੱਟ ਕੇ ਸੁੱਟ ਦੇਣਗੇ।

ਜੌਰਜੀਆ ਅਤੇ ਐਰੀਜ਼ੋਨਾ ਜਿਹੇ ਰਾਜਾਂ ਜਿੱਥੇ ਦਹਾਕਿਆਂ ਤੋਂ ਰਿਪਬਲਿਕਨਾਂ ਦਾ ਦਬਦਬਾ ਬਣਿਆ ਹੋਇਆ ਸੀ, ਵਿਚ ਬਾਇਡਨ ਤੇ ਹੈਰਿਸ ਦੀਆਂ ਜਿੱਤਾਂ ਬਦਲ ਰਹੇ ਅਮਰੀਕੀ ਰਾਜਸੀ ਧਰਾਤਲ ਦਾ ਸੰਕੇਤ ਹਨ। ਇਸ ਦੇ ਨਾਲ ਹੀ ਡੈਮੋਕਰੈਟਿਕ ਪਾਰਟੀ ਦੀ ਵਧੇਰੇ ਰਸਾਈ ਹੋਣ ਸਦਕਾ ਜੋਅ ਬਾਇਡਨ ਨੂੰ ਹੁਣ ਤਕ ਦੇ ਕਿਸੇ ਵੀ ਅਮਰੀਕੀ ਰਾਸ਼ਟਰਪਤੀ ਨਾਲੋਂ ਜ਼ਿਆਦਾ ਵੋਟਾਂ ਹਾਸਲ ਹੋਈਆਂ ਹਨ, ਪਰ ਨਾਲ ਹੀ ਇਹ ਮੰਨਣਾ ਪਵੇਗਾ ਕਿ ਟਰੰਪ ਨੇ ਆਪਣਾ ਵੋਟ ਆਧਾਰ ਖੁਰਨ ਨਹੀਂ ਦਿੱਤਾ।

2019 ਦੇ ਅਮਰੀਕੀ ਮਰਦਮਸ਼ੁਮਾਰੀ ਅੰਕੜਿਆਂ ਮੁਤਾਬਕ 60 ਫੀਸਦ ਆਬਾਦੀ ਗੈਰ-ਹਿਸਪਾਨੀ ਗੋਰੀ ਆਬਾਦੀ ਹੈ। ਚਾਰ ਨਵੰਬਰ ਨੂੰ ਕੀਤੇ ਇਕ ਐਗਜ਼ਿਟ ਪੋਲ ਵਿਚ ਦਰਸਾਇਆ ਗਿਆ ਸੀ ਕਿ 55 ਫ਼ੀਸਦ ਗੋਰੀਆਂ ਔਰਤਾਂ ਅਤੇ 58 ਫ਼ੀਸਦ ਗੋਰੇ ਪੁਰਸ਼ਾਂ ਨੇ ਟਰੰਪ ਨੂੰ ਵੋਟਾਂ ਪਾਈਆਂ ਹਨ। ਬਿਨ੍ਹਾਂ ਸ਼ੱਕ ਇਹ ਗੋਰੇ ਵੋਟਰਾਂ ਅੰਦਰ ਟਰੰਪ ਦੇ ਪ੍ਰਭਾਵ ਦਾ ਝਲਕਾਰਾ ਹੈ, ਪਰ ਇਸ ਨੂੰ ਦੂਜੇ ਪਾਸਿਓਂ ਵੇਖਿਆ ਪਤਾ ਚੱਲਦਾ ਹੈ ਕਿ 45 ਫ਼ੀਸਦ ਗੋਰੀਆਂ ਔਰਤਾਂ ਤੇ 42 ਫ਼ੀਸਦ ਗੋਰੇ ਪੁਰਸ਼ਾਂ ਨੇ ਟਰੰਪ ਦੇ ਖ਼ਿਲਾਫ਼ ਵੋਟਾਂ ਪਾਈਆਂ ਹਨ।

ਇਹ ਗੋਰੇ ਵੋਟਰਾਂ ਦੀ ਕੋਈ ਛੋਟੀ ਮੋਟੀ ਸੰਖਿਆ ਨਹੀਂ ਹੈ ਜਿਸ ਨੇ ਪਿਛਲੇ ਚਾਰ ਸਾਲਾਂ ਦੇ ਅਜਿਹੇ ਸਮਿਆਂ ਦੌਰਾਨ ਨਸਲੀ ਪਛਾਣ ਦੇ ਪਾਰ ਜਾ ਕੇ ਦੇਖਣ ਦਾ ਸਾਹਸ ਦਿਖਾਇਆ ਹੈ ਜਦੋਂ ਨਸਲੀ ਸਫ਼ਬੰਦੀ ਤਿੱਖੀ ਕਰਨ ਲਈ ਲੱਕ ਬੰਨ੍ਹ ਕੇ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਸਨ। ਬਹੁਤੇ ਕਾਲਜ ਗ੍ਰੈਜੂਏਟਾਂ ਨੇ ਡੈਮੋਕਰੈਟਾਂ (ਬਾਇਡਨ) ਨੂੰ ਵੋਟਾਂ ਪਾਈਆਂ ਜਦਕਿ ਕਾਲਜ ਡਿਗਰੀਆਂ ਤੋਂ ਬਗ਼ੈਰ ਬਹੁਤੇ ਯੁਵਕਾਂ ਨੇ ਰਿਪਬਲਿਕਨਾਂ (ਖ਼ਾਸਕਰ ਟਰੰਪ) ਨੂੰ ਵੋਟਾਂ ਪਾਈਆਂ ਹਨ। ਇਹ ਲੋਕਸ਼ਾਹੀ ਵਿਚ ਵਿਸ਼ਵਾਸ ਰੱਖਣ ਵਾਲੇ ਗੋਰੇ ਪੁਰਸ਼ਾਂ ਤੇ ਔਰਤਾਂ (ਜੋ ਸ਼ਾਇਦ ਕਾਲਜੀਏਟ ਸਨ) ਅਤੇ ਨਸਲੀ ਘੱਟਗਿਣਤੀਆਂ ਦੀ ਜੁਗਲਬੰਦੀ ਹੀ ਹੈ ਜਿਸ ਸਦਕਾ ਡੈਮੋਕਰੈਟ ਸੱਤਾ ਵਿਚ ਪਰਤੇ ਹਨ।

ਬਰਨੀ ਸੈਂਡਰਸ ਅਤੇ ਉਨ੍ਹਾਂ ਦੇ ਹਮਾਇਤੀਆਂ ਨੇ ਡੈਮੋਕਰੈਟਿਕ ਪਾਰਟੀ ਨੂੰ ਖੱਬੀ ਧਿਰ ਵੱਲ ਖਿਸਕਾਉਣ ਅਤੇ ਨਸਲੀ ਘੱਟਗਿਣਤੀਆਂ ਤੇ ਗੋਰੇ ਵੋਟਰਾਂ ਦੀ ਉਸ ਯੁਵਾ ਪੀੜ੍ਹੀ ਦੀ ਹਮਾਇਤ ਹਾਸਲ ਕਰਨ ਵਿਚ ਬਹੁਤ ਅਹਿਮ ਭੂਮਿਕਾ ਨਿਭਾਈ ਹੈ ਜੋ ਘੱਟੋਘੱਟ ਉਜਰਤ, ਸਰਬਵਿਆਪੀ ਸਿਹਤ ਸੁਵਿਧਾਵਾਂ, ਜਲਵਾਯੂ ਸੰਕਟ ਅਤੇ ਆਰਥਿਕ, ਲਿੰਗਕ ਤੇ ਨਸਲੀ ਨਾਬਰਾਬਰੀਆਂ ਘਟਾਉਣ ਬਾਰੇ ਅਗਾਂਹਵਧੂ ਸਮਤਾਵਾਦੀ ਨਜ਼ਰੀਏ ਦੀ ਹਮਾਇਤ ਕਰਦੀ ਹੈ। ਪ੍ਰਤੀਨਿਧ ਸਭਾ ਵਿਚ ਚੁਣੇ ਗਏ ਬਹੁਤ ਸਾਰੇ ਅਗਾਂਹਵਧੂ ਮੈਂਬਰਾਂ ਵਿਚ ਨਿਊ ਯਾਰਕ ਤੋਂ ਅਲੈਗਜ਼ੈਂਡਰੀਆ ਓਕੇਸੀਓ ਕਾਰਟੇਜ਼ ਤੇ ਜਮਾਲ ਬੋਅਮੈਨ, ਮਿਨੇਸੋਟਾ ਤੋਂ ਇਲਹਾਨ ਉਮਰ, ਮੈਸਾਚੁਸੈਟਸ ਤੋਂ ਅਯਾਨਾ ਪ੍ਰੈਸਲੀ, ਮਿਸ਼ੀਗਨ ਤੋਂ ਰਾਸ਼ਿਦਾ ਤਲੇਬ, ਵਾਸ਼ਿੰਗਟਨ ਤੋਂ ਪ੍ਰਮਿਲਾ ਜਯਾਪਾਲ, ਵਿਸਕੌਨਸਿਨ ਤੋਂ ਮਾਰਕ ਪੋਕਾਨ ਅਤੇ ਮਿਸੂਰੀ ਤੋਂ ਕੋਰੀ ਬੁਸ਼ ਸ਼ਾਮਲ ਹਨ।

ਇਸ ਕਿਸਮ ਦੀ ਪ੍ਰਤਿਭਾ ਤੇ ਵੰਨ-ਸੁਵੰਨਤਾ ਸਦਕਾ ਡੈਮੋਕਰੈਟ ਜੌਰਜੀਆ ਵਿਚ ਸੈਨੇਟ ਦੀਆਂ ਦੋ ਸੀਟਾਂ ਲਈ 5 ਜਨਵਰੀ ਨੂੰ ਮੁੜ ਹੋਣ ਵਾਲੀਆਂ ਚੋਣਾਂ ਵਿਚ ਜਿੱਤ ਹਾਸਲ ਕਰਨ ਦੇ ਯੋਗ ਬਣ ਸਕਦੇ ਹਨ ਤੇ ਇਨ੍ਹਾਂ ਜਿੱਤਾਂ ਨਾਲ ਸੈਨੇਟ ਵਿਚ ਵੀ ਡੈਮੋਕਰੈਟਾਂ ਨੂੰ ਕੰਮ ਚਲਾਊ ਵਾਧਾ ਹਾਸਲ ਹੋ ਜਾਵੇਗਾ ਚੂੰਕਿ ਕਮਲਾ ਹੈਰਿਸ ਉਪ ਰਾਸ਼ਟਰਪਤੀ ਵਜੋਂ ਆਪਣੀ ਫ਼ੈਸਲਾਕੁਨ ਵੋਟ ਦਾ ਇਸਤੇਮਾਲ ਕਰ ਸਕਣਗੇ। ਲਿਹਾਜ਼ਾ, ਇਸ ਗੱਲ ਦੇ ਕਾਫ਼ੀ ਆਸਾਰ ਹਨ ਕਿ ਜੋਅ ਬਾਇਡਨ ਦੀ ਸਦਰੀਅਤ ਅਮਰੀਕੀ ਰਾਜਸੀ ਇਤਿਹਾਸ ਦੀ ਸਭ ਤੋਂ ਅਗਾਂਹਵਧੂ ਸਦਰੀਅਤ ਅਤੇ ਇਹ ਆਲਮੀ ਰਾਜਸੀ ਨਿਜ਼ਾਮ ਲਈ ਕੋਈ ਮਾਮੂਲੀ ਨਹੀਂ ਸਗੋਂ ਇਕ ਵੱਡਾ ਫੇਰਬਦਲ ਸਾਬਤ ਹੋ ਸਕਦੀ ਹੈ।

# ਧੰਨ ਧੰਨ ਸਾਹਿਬ ਸ੍ਰੀ ਗੁਰੁ ਨਾਨਕ ਦੇਵ ਜੀ ਮਹਾਰਾਜ ਦੇ ਪ੍ਰਕਾਸ਼ ਉਤਸਵ ਵਿਖੇ ਦੀਵਾਨ ਅਤੇ ਜੋੜ ਮੇਲਾ

ਸਿਡਨੀ ਸ਼ਹਿਰ ਦੇ ਸਬ ਅਰਬ ਗਲੈਨਵੁੱਡ ਦੇ ਗੁਰਦੁਆਰਾ ਸਾਹਿਬ ਸਿੱਖ ਸੈਂਟਰ ਵਿਖੇ, ਹਮੇਸ਼ਾਂ ਵਾਂਗ ਏ. ਐਸ. ਏ. ਦੀ ਪ੍ਰਬੰਧਕ ਕਮੇਟੀ ਦੇ ਅਧੀਨ ਅਤੇ ਸੰਗਤਾਂ ਦੇਸ ਹਿਯਗ ਸਹਿਤ, ਸਿੱਖ ਧਰਮ ਦੇ ਬਾਨੀ ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਂਰਾਜ ਦਾ ਪ੍ਰਕਾਸ਼ ਉਤਸਵ ਅਤੇ ਜੋੜ ਮੇਲਾ ੩੦. ੧੧. ੨੦੨੦ ਦਿਨ ਸੋਮਵਾਰ ਨੂੰ ਬੜੀ ਧੂੰਮ ਧਾਮ ਨਾਲ ਮਨਾਇਆ ਗਿਆ।

ਅੰਮ੍ਰਿਤ ਵੇਲੇ ਚਾਰ ਵਜੇ ਤੋਂ ਸ਼ੁਰੂ ਹੋ ਕੇ, ਰਾਤ ਦੇ ਸਾਡੇ ਦੱਸ ਵਜੇ ਤੱਕ ਸੰਗਤਾਂ ਦੀ ਗਹਿਮਾ ਗਹਿਮੀ ਰਹੀ। ਸਜੇ ਹੋਏ ਦੀਵਾਨ ਵਿੱਚ ਭਾਈ ਸ਼ਾਹਬੇਗ ਸਿੰਘ ਅਤੇ ਭਾਈ ਜਤਿੰਦਰ ਸਿੰਘ ਦੇ ਹਜੂਰੀ ਰਾਗੀ ਜਥਿਆਂ ਨੇ "ਧੁਰ ਕੀ ਬਾਣੀ ਆਈ" ਦੇ ਰਸਭਿੰਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

ਸਜੇ ਦੀਵਾਨਾ ਵਿੱਚ ਕੀਰਤਨ, ਕਥਾ ਅਤੇ ਸ਼ਬਦ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ।ਸਿੱਖ ਪੰਥ ਦੇ ਪ੍ਰਸਿਧ ਵਿਦਵਾਨ ਗਿਆਨੀ ਸੰਤੋਖ ਸਿੰਘ ਜੀ ਨੇ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦੇ ਵਡ ਮੁਲੇ ਜੀਵਨ ਨਾਲ ਸਬੰਧਤ ਇਤਹਾਸਕ ਪਿਛੋਕੜ ਬਾਰੇ ਗਿਆਨ ਭਰਪੂਰ ਇਤਹਾਸ ਸੁਣਾ ਕੇ ਸੰਗਤਾਂ ਨੂੰ ਨੀਹਾਲ ਕੀਤਾ।

ਇਸ ਤੋਂ ਇਲਾਵਾ ਕਥਾ ਵਾਚਕ ਭਾਈ ਜਗਦੀਪ ਸਿੰਘ ਜੀ ਨੇ ਸਮੇਅ ਨੂੰ ਸਾਰਕਥਾ, ਅਤੇ ਵਡਮੁਲੇ ਸ਼ਬਦ ਵੀਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਉਪ੍ਰੰਤ ਸਾਡੀ ਆਉਂਣ ਵਾਲੀ ਪਨੀਰੀ ਜਿਨ੍ਹਾਂ ਤੇ ਸਾਨੂੰ ਮਾਣ ਅਤੇ ਵੱਡੀਆਂ ਉਮੀਦਾਂ ਹਨ ਜਿਨ੍ਹਾਂ ਨੇ ਸਾਡੇ ਵਿਰਸੇ ਨੂੰ ਸੰਭਾਲਨਾ ਹੈ, ਬੱਚੇ ਅਤੇ ਬਚੀਆਂ ਨੇ ਰਸਭਿੰਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

ਸਜੇ ਹੋਏ ਦੀਵਾਨਾ ਵਿੱਚ ਸਿਡਨੀ ਦੇ ਮੰਨੇ ਪਰਵੰਨੇ ਗੀਤਕਾਰ ਸ. ਦਵਿੰਦਰ ਸਿੰਘ ਜੀ ਧਾਰੀਆ ਨੇ ਧੰਨ ਧੰਨ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦੇ ਸਭੰਦਤ ਮਿਠਾਸ ਭਰੇਗੀ ਤਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ।

ਏਸੇ ਤਰ੍ਹਾਂ ਰਾਤ ਦੇ ਦਸ ਵਜੇ ਤਕ ਸਮੂੰਹ ਸੰਗਤਾਂ ਨੇ ਇਲਾਹੀ ਬਾਣੀ ਦੇ ਕੀਰਤਨ ਸਰਵਨ ਕਰਕੇ ਆਪਣਾ ਜੀਵਨ ਸਫਲ ਕੀਤਾ।ਗੁਰੂ ਘਰ ਦੇ ਰਾਗੀ ਸਿੰਘ ਭਾਈ ਪਤ੍ਰਿਪਾਲ ਸਿੰਘ ਜੀ ਨੇ ਸਮਾਪਤੀ ਦੀ ਅਰਦਾਸ ਵਿੱਚ ਸਰਬੱਤ ਦੇ ਭਲੇ ਅਤੇ ਸ਼ੂਭ ਕਾਮਨਾ ਹੋਵੇ ਦੀ ਕਾਮਨਾ ਕੀਤੀ, ਮੁਖਵਾਕ ਤੋਂ ਬਾਅਦ " ਬੋਲੇ ਸੋ ਨਿਹਾਲ " ਦੇ ਜੈਕਾਰਿਆਂ ਨਾਲ ਰਾਤ ਦੇ ਦੀਵਾਨ ਦੀ ਸਮਾਪਤੀ ਕੀਤੀ ਗਈ। ਸਜੇ ਹੋਏ ਦੀਵਾਨਾ ਵਿੱਚ ਦਾਸ "ਮੋਹਨ ਸਿੰਘ ਵਿਰਕ" ਨੇ ਸਟੇਜ ਦੀ ਸੇਵਾ ਨਿਭਾਈ। ਸਟੇਜ ਦੀ ਸੇਵਾ ਤੋਂ ਇਲਾਵਾ ਵੀ ਲੰਗਰ ਅਤੇ ਦੀਵਾਨ ਹਾਲ ਦੀਆਂ ਲੋੜ ਅਨੂੰਸਾਰ ਸੇਵਾਵਾਂ ਨਿਭਾਈਆਂ। ਦੀਵਾਨ ਦੀ ਸਮਾਪਤੀ ਤੇ ਜਿਥੇ ਦਾਸ ਨੇ ਇਸ ਵਡਮੁਲੇ ਦਿਵਸ ਤੇ ਸੰਗਤਾਂ ਨੂੰ ਵਧਾਈਆਂ ਦਿਤੀਆਂ ਓਥੇ ਸਾਰੇ ਹੀ ਕੀਰਤਨੀਆਂ, ਕਥਾਕਾਰਾਂ, ਸੇਵਾਦਾਰਾਂ, ਏ.ਐਸ. ਏ. ਧੇਸ ਮੂੰਹ ਪ੍ਰਬੰਧਕ ਵੀਰਾਂ ਅਤੇ ਸਰਬੱਤ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਸ. ਅਮਰਿੰਦਰ ਸਿੰਘ (ਸੋਨੂੰ), ਗੁਰਜੀਤ ਸਿੰਘ, ਮਨਜੀਤ ਸਿੰਘ ਅਤੇ ਉਹਨਾ ਦੇ ਸਾਥੀਆਂ ਦੀ ਪੂਰੀ ਟੀਮ ਦਾ ਧੰਨਵਾਦ ਕੀਤਾ ਜਾਂਦਾ ਹੈ ਜਿਨ੍ਹਾਂ ਦੀ ਸੇਵਾ ਅਤੇ ਅਗਵਾਈ ਹੇਠ, ਤਿਨੇਂ ਦਿਨ ਗੁਰੂ ਕਾ ਲੰਗਰ ਅਤੁਟ ਵਰਤਦਾ ਰਿਹਾ।

ਅੰਤ ਵਿੱਚ ਦਾਸ ਇਕ ਵਾਰੀ ਫੇਰ ਸਮੂੰਹ ਸੰਗਤਾਂ ਨੂੰ, ਪ੍ਰਬੰਧਕਾਂ ਨੂੰ ਸੇਵਾਦਾਰਾਂ ਨੂੰ ਸਾਹਿਬ ਸ੍ਰੀ ਗੁਰੂ ਨਨਾਨਕ ਦੇਵ ਜੀ ਮਹਾਂਰਾਜ ਦੇ ਪਰਕਾਸ਼ ਉਤਸਵ ਦੀ ਵਧਾਈ ਦਿੰਦਾ ਹਾਂ ਅਤੇ ਪ੍ਰਬੰਧ ਵਿੱਚ ਰਹਿ ਗਈਆਂ ਤਰੁਟੀਆਂ ਵਾਸਤੇ ਖਿਮਾ ਦਾ ਜਾਚਕ ਹਾਂ।

ਮੋਹਨ ਸਿੰਘ ਵਿਰਕ
ਸਿਡਨੀ (ਆਸਟਰੇਲੀਆ)
ਫੋਨ: +610409660701



















# ਨਾਮ ਵਿਚ ਕੀ/ ਕੀ ਨਹੀਂ ਪਿਆ ਹੈ ?

***ਕਈ ਵਾਰ ਅਸੀਂ ਕਿਸੇ ਇਨਸਾਨ ਨੂੰ ਵੇਖੇ ਪਰਖੇ ਬਿਨਾਂ ਬਗੈਰ ਉਸਦੇ ਨਾਮ ਜਾਂ ਬਾਹਰੀ ਦਿੱਖ ਤੋਂ ਹੀ ਉਸਦੇ ਵਿਅਕਤੀਤਵ ਦਾ ਅਨੁਮਾਨ ਲਗਾਉਣ ਲਗਦੇ ਹਾਂ। ਡੀਲ ਡੌਲ ਜਾਂ ਸ਼ਕਲ ਸੂਰਤ ਤੋਂ ਖ਼ੂੰਖਾਰ ਜਾਂ ਕੁਰਖਤ ਜਾਪਦੇ ਬੰਦੇ ਵਾਰੇ ਸਾਡਾ ਵਿਚਾਰ ਕਈ ਵਾਰ ਗਲਤ ਸਾਬਤ ਹੁੰਦਾ ਹੈ, ਜਦੋਂ ਉਸਦੇ ਕੋਮਲ ਸੁਭਾਓ, ਨੇਕ ਨੀਤੀ ਜਾਂ ਹੋਰ ਗੁਣਾਂ ਦੀ ਜਾਣਕਾਰੀ ਮਿਲਦੀ ਹੈ। ਮਾਪਿਆਂ ਨੇ ਨਾਮ ਆਪਣੀ ਸੋਚ ਸਮਝ ਜਾਂ ਹਾਲਾਤਾਂ ਅਨੁਸਾਰ ਰੱਖੇ ਹੁੰਦੇ ਹਨ- ਇਸ ਵਿਚ ਕੋਈ ਕੀ ਕਰ ਸਕਦਾ ਹੈ। ਅਜੀਬ ਜਾਪਦੇ ਨਾਮ ਜਿਵੇਂ ਨਰਾਤਾ ਸਿੰਘ, ਨੱਥੂ ਸਿੰਘ ਫੌਜ ਵਿਚ ਬ੍ਰਿਗੇਡੀਅਰ ਅਤੇ ਲੈਫਟੀਨੈਂਟ ਜਰਨਲ ਰਹੇ ਹਨ। ਇਕ ਵਾਰ ਸੁਲਝੇ ਹੋਏ ਤੇ ਅੱਛੀ ਦਿੱਖ ਵਾਲੇ ਕਾਬਲ ਹਕੀਮ ਨੂੰ ਦੇਖੇ ਬਗੈਰ ਮੇਰਾ ਉਹਨਾਂ ਬਾਰੇ ਕਾਲਪਨਿਕ ਚਿੱਤਰ ਗਲਤ ਨਿਕਲਿਆ, ਜੋ ਮੈਂ ਉਹਨਾਂ ਦੇ ਨਾਮ ਮੱਛਰ ਸਿੰਘ ਤੋਂ ਉਕਰਿਆ ਸੀ। ਇਸੇ ਤਰ੍ਹਾਂ ਸਾਡੇ ਪ੍ਰਾਇਮਰੀ ਸਕੂਲ ਦੇ ਅਤਿ ਮਾਨਯੋਗ ਅਧਿਆਪਕ ਦਾ ਨਾਮ ਸ. ਤੇਲਾ ਸਿੰਘ ਸੀ।***

ਅਕਸਰ ਸੁਣਨ ਵਿਚ ਆਉਂਦਾ ਹੈ 'ਨਾਮ ਵਿਚ ਕੀ ਪਿਆ ਹੈ ?' ਪਰ ਦੇਖਿਆ ਜਾਵੇ ਤਾਂ ਇਸਦੀ ਜ਼ਿੰਦਗੀ ਵਿਚ ਬੜੀ ਮਹੱਤਤਾ ਹੈ; ਕਿਉਂਕਿ ਕਿਸੇ ਜੀਵ ਨਿਰਜੀਵ ਦੀ ਪਛਾਣ ਵਿਚ ਇਸਦੀ ਅਹਿਮ ਭੂਮਕਾ ਹੈ। ਇਨਸਾਨ ਨੂੰ ਜਨਮ ਉਪਰੰਤ ਸੰਬੋਧਨ ਕਰਨ ਵਾਸਤੇ ਉਸਦੇ ਮਾਪਿਆਂ ਰਾਂਹੀ ਸਮਾਜਕ ਰਵਾਇਤਾਂ ਅਨੁਸਾਰ ਨਾਮ ਦਿੱਤਾ ਜਾਂਦਾ ਹੈ ਜੋ ਆਮ ਕਰਕੇ ਜ਼ਿੰਦਗੀ ਭਰ ਵੀ ਤੇ ਉਸ ਤੋਂ ਉਪਰੰਤ ਵੀ ਚੱਲਦਾ ਰਹਿੰਦਾ ਹੈ। ਕਈ ਇਲਾਕਿਆਂ ਵਿਚ ਪਿਤਾ ਦਾ ਨਾਮ ਵੀ ਨਾਲ ਜੋੜਨ ਦੀ ਰਿਵਾਇਤ ਹੈ; ਇਥੋਂ ਤੱਕ ਕਿ ਭਾਰਤ ਦੇ ਦੱਖਣੀ ਪ੍ਰਾਂਤਾਂ ਵਿਚ ਅਲੱਗ ਅਲੱਗ ਪਛਾਣ ਲਈ ਕਈ ਰਿਹਾਇਸ਼ੀ ਬਿਲਡਿੰਗ ਦਾ ਨਾਮ ਵੀ ਨਾਲ ਜੋੜਦੇ ਹਨ। ਪੱਛਮੀ ਸੱਭਿਅਤਾ ਦੇ ਅਸਰ ਨਾਲ ਸਰਨਾਮ (surname) ਵੀ ਅਜੋਕੇ ਸਮੇਂ ਵਿਚ ਪ੍ਰਚਲਤ ਹੈ ਜੋ ਗੋਤਰ, ਜਾਤ ਬਿਰਾਦਰੀ ਜਾਂ ਪਿੰਡ ਕਸਬੇ ਤੇ ਆਧਾਰਤ ਹੁੰਦਾ ਹੈ। ਤੇ ਜਾਂ ਫਿਰ ਮਨ ਭਾਉਂਦਾ ਤਖੱਲਸ ਬਾਦ ਵਿਚ ਕਵੀ ਜਾਂ ਲੇਖਕ ਅਪਣਾ ਲੈਂਦੇ ਹਨ। ਪਰ ਗਲਤ ਉਸ ਵੇਲੇ ਲੱਗਦਾ ਹੈ ਜਦੋਂ ਕਿਸੇ ਪ੍ਰਸਿੱਧ ਸਖਸ਼ੀਅਤ ਤੇ ਅਜਿਹਾ ਸਰਨਾਮ ਕਦੀ ਵਰਤਿਆ ਨਹੀਂ ਹੁੰਦਾ, ਪਰ ਬਾਦ ਵਿਚ ਸੌੜੀ ਸੋਚ ਵਾਲੇ ਲਿਖਣ ਲਗਦੇ ਹਨ। ਅੱਜਕੱਲ ਸੋਸ਼ਲ ਮੀਡੀਆ ਉਤੇ ਸ਼ਹੀਦ ਬਾਬਾ ਦੀਪ ਸਿੰਘ, ਮਾਰਸ਼ਲ ਆਫ ਏਅਰ ਫੋਰਸ ਅਰਜਨ ਸਿੰਘ ਜਾਂ ਸ਼ਹੀਦ ਭਗਤ ਸਿੰਘ - ਜਿਹਨਾਂ ਦੀ ਆਪਣੀ

ਵਿੰਗ ਕਮਾਂਡਰ
ਕੁਲਦੀਪ ਸਿੰਘ
91 8544883865



ਵਿਲੱਖਣ ਪਛਾਣ ਹੈ। ਕਈ ਉਹਨਾਂ ਦੇ ਨਾਮ ਨਾਲ ਸੰਧੂ ਜਾਂ ਔਲਖ ਜੋੜਨ ਲੱਗੇ ਹਨ। ਉਹਨਾਂ ਦਾ ਵੱਸ ਚੱਲੇ ਤਾਂ ਸਮਾਜਕ ਵੰਡ ਪਾਊ ਮਨੂਵਾਦੀ ਵਿਚਾਰਧਾਰਾ ਅਨੁਸਾਰ ਗੁਰੂ ਨਾਨਕ ਦੇਵ ਜੀ, ਗੁਰੂ ਗੋਬਿੰਦ ਸਿੰਘ ਜੀ ਤੇ ਸ੍ਰੀ ਕ੍ਰਿਸ਼ਨ ਜੀ ਵਰਗੇ ਅਵਤਾਰੀ ਪੁਰਖਾਂ ਨਾਲ ਵੀ ਬੇਦੀ, ਸੋਢੀ ਤੇ ਯਾਦਵ ਲਿਖਣਾ ਚਾਹੁਣਗੇ।

ਪਹਿਲੇ ਸਿੱਧੇ ਸਮਾਜ ਵਿਚ ਜੇ ਪਿੰਡਾਂ ਦੀ ਗੱਲ ਕਰੀਏ ਤਾਂ ਨਾਮ ਜਿਆਦਾਤਰ ਸਰਲ ਹੋਇਆ ਕਰਦੇ ਸਨ। ਪੂਰੇ ਨਾਮ ਦੀ ਥਾਂ ਅੱਧਾ ਜਾਂ ਉਸਦੇ ਬਰਾਬਰ ਦਾ ਕੋਈ ਹੋਰ ਨਾਮ ਵਖਰੇਵਾਂ ਦਰਸਾਉਣ ਲਈ ਵਰਤ ਲਿਆ ਜਾਂਦਾ ਸੀ। ਹਰ ਘਰ ਵਿਚ ਸੁੱਖ ਨਾਲ ਬੱਚੇ ਵੀ ਆਮ ਕਰਕੇ 5-7 ਹੋਇਆ ਹੀ ਕਰਦੇ ਸਨ। ਸੋ ਇਕ ਨਾਮ ਦੇ ਵੀ ਪਿੰਡ ਵਿਚ ਕਈ ਕਈ ਪੁਰਸ਼ ਇਸਤਰੀਆਂ ਹੁੰਦੇ ਸਨ। ਇਹਨਾਂ ਦਾ ਜਿਕਰ ਵਿਚ ਅੱਡਰਾਪਣ ਕਰਨ ਲਈ ਮਾਂ ਜਾਂ ਪਿਤਾ ਦਾ ਨਾਮ ਲਾ ਕੇ, ਗੋਤਰ ਜਾਂ ਜਾਤ ਬਿਰਾਦਰੀ ਜੋੜ ਕੇ, ਉਸ ਪ੍ਰਵਾਰ ਨਾਲ ਚਲੀ ਆ ਰਹੀ ਅੱਲ ਲਗਾਕੇ ਤੇ ਜਾਂ ਛੋਟੇ (Nickname) ਨਾਮ ਦਾ ਹਵਾਲਾ ਦਿਤਾ ਜਾਂਦਾ ਸੀ। ਇਸ ਨਾਲ ਦੂਜਾ ਬੰਦਾ ਝੱਟ ਸਮਝ ਜਾਂਦਾ ਸੀ ਕਿ ਕਿਸ ਬਾਰੇ ਗੱਲ ਹੋ ਰਹੀ ਹੈ। ਨਾਮ ਵੀ ਅੱਧਾ ਹੀ ਪ੍ਰਚੱਲਤ ਸੀ— ਸਿੰਘ, ਰਾਮ, ਨਾਥ, ਚੰਦ, ਮੱਲ ਜਿਹਾ ਪਿਛੇਤਰ ਘਟ ਹੀ ਵਰਤਿਆ ਜਾਂਦਾ ਸੀ। ਇਥੇ ਮੈਂ 5-6 ਦਹਾਕੇ ਪਹਿਲਾਂ ਆਪਣੇ ਪਿੰਡ ਵਿਚ ਚਲਦੇ ਨਾਮ ਤੰਤਰ ਦਾ ਵਨਗ ਦੇਵਾਂਗਾ। ਜਿਕਰ ਕਰਦੇ ਸਮੇਂ ਕਿਹਾ ਜਾਂਦਾ ਸੀ:

**'ਕਿਹੜਾ ਮਹਿੰਗਾ'** – ਨੱਕ, ਰਲੇ ਦਾ , ਸਰੇਵੜਾ, ਵਾਹਿਗੁਰੂ ?

**'ਕਿਹੜਾ ਜੀਤ'** – ਘਾਥੋ, ਕੈਪਟਨ, ਝੱਜਾਂ ਦਾ, ਹੁਸਨੇ ਦਾ, ਬੱਤੂ ਦਾ ?

**'ਕਿਹੜਾ ਗੁਰਮੇਲ'** – ਕਰਤੀ ਦਾ , ਦੌਲੇ ਦਾ, ਦੇਵੇ ਦਾ, ਮੋਟਾ, ਟੋਭੇ ਵਾਲਾ ?

**'ਕਿਹੜਾ ਲੈਂਬਰ'** – ਪੂਰੋ ਦਾ, ਟਿੱਡਿਆਂ ਦਾ, ਕਾਲਾ, ਦੌਲੇ ਦਾ, ਮੋਟਾ, ਰਬਟੀ ?

**'ਕਿਹੜੀ ਮਿੰਦੋ'** - ਕਾਲੀਆਂ ਦੀ,ਰੱਖੀ ਦੀ, ਗੁਰਮੇਲ ਦੀ, ਹੁਸਨੇ ਦੀ।

ਕੁਛ ਵਿਰਲੇ ਹੀ ਹੁੰਦੇ ਸਨ ਜਿਹਨਾਂ ਨੂੰ ਪੂਰੇ ਨਾਮ ਨਾਲ ਬੁਲਾਇਆ ਜਾਂਦਾ ਸੀ ਜਿਹੜੇ ਜਾਂ ਤਾਂ ਅੰਮ੍ਰਿਤਧਾਰੀ ਸਿੰਘ ਸਨ ਜਾਂ ਉਂਜ ਪੜ੍ਹੇ ਲਿਖੇ ਜਿਆਦਾ ਮੁਲਾਜਮ ਜਾਂ ਸੇਵਾ ਮੁਕਤ ਤੇ ਜਾਂ ਜਰਾ ਮਾਲੀ ਤੌਰ ਤੇ ਜਿਆਦਾ ਖੁਸ਼ਹਾਲ।

ਪਿੰਡਾਂ ਵਿਚ ਇਕੋ ਨਾਮ ਦੇ ਕਈ ਕਈ ਮੁੰਡੇ ਕੁੜੀਆਂ ਅੱਡ ਅੱਡ ਘਰਾਂ ਵਿਚ ਹੋਣ ਕਰਕੇ ਕਈ ਆਟਾ ਦਾਣਾ ਮੰਗਣ ਵਾਲੇ ਮੰਗਤੇ ਵੀ ਇਸਦੀ ਆਪਣੇ ਤਰੀਕੇ ਨਾਲ ਮਨੋਵਿਗਿਆਨਕ ਵਰਤੋਂ ਕਰ ਲੈਂਦੇ ਸਨ। ਹੈਰਾਨੀ ਉਸ ਵੇਲੇ ਹੁੰਦੀ ਜਦੋਂ ਕੋਈ ਦਸਤਕ ਦੇ ਕੇ ਕਹਿੰਦਾ: ਲਿਆ ਕੁੜੇ ਮਿੰਦੋ ਕਿ ਛਿੰਦੋ ਸੁੱਕਾ ਸੀਧਾ। ਕਿਸੇ ਘਰ ਵਿਚ ਬੜੇ ਬੇਧਿਆਨੇ ਜਿਹੇ ਅੰਦਾਜ ਵਿਚ ਕਹਿੰਦਾ ਲਿਆ ਬਈ ਸੋਹਣ ਕਿ ਮੋਹਣ ਜਾਂ ਲੈਂਬਰ ਜਾਂ ਗੁਰਮੇਲ—ਪਾ ਭਗਤਾਂ ਨੂੰ ਖੈਰ। ਜੇ ਨਿਸ਼ਾਨਾ ਸਹੀ ਲੱਗੇ ਤਾਂ ਘਰਵਾਲੇ ਸੋਚਦੇ ਕਿ ਫਕੀਰ ਵਾਕਈ ਪਹੁੰਚਿਆ ਹੋਇਆ ਹੈ ਜਿਸਨੂੰ ਸਾਡੇ ਘਰਵਾਲਿਆਂ ਦੇ ਨਾਮ ਤੱਕ ਪਤਾ ਹਨ। ਜਿਥੇ ਇਹ ਨਾਮ ਨਾ ਵੀ ਹੁੰਦੇ ਤਦ ਵੀ ਇਹ ਅਪਣੱਤ ਜਿਹੀ ਦਾ ਫਾਰਮੂਲਾ ਭਿੱਖਿਆ ਪ੍ਰਾਪਤ ਕਰਨ ਵਾਸਤੇ ਬੜਾ ਕਾਮਯਾਬ ਰਹਿੰਦਾ।

ਬਚਪਨ ਦੇ ਛੋਟੇ ਨਾਮ ਹਮੇਸ਼ਾ ਸਾਡੇ ਨਾਲ ਰਹਿੰਦੇ ਹਨ ਭਾਵੇਂ ਇਹਨਾਂ ਦੀ ਵਰਤੋਂ ਕਦੀ ਕਦਾਈਂ ਤੱਕ ਸੀਮਤ ਹੋ ਜਾਂਦੀ ਹੈ। ਸਾਡੇ ਇਕ ਦੋਸਤ ਫੌਜ ਤੋਂ ਸੇਵਾ ਮੁਕਤ ਹੋ ਕੇ ਜੱਦੀ ਪਿੰਡ ਦੀ ਥਾਂ ਸ਼ਹਿਰ ਵਿਚ ਵਸ ਗਏ। ਮੁੱਢਲੀ ਪੜ੍ਹਾਈ ਤੋਂ ਬਾਦ ਕਦੀ ਘੱਟ ਵੱਧ ਹੀ ਪਿੰਡ ਗਏ ਹੋਣਗੇ ਤੇ 30-35 ਸਾਲ ਸਰਵਿਸ ਵਿਚ ਰਹਿਣ ਕਾਰਨ ਜੰਮਣ ਭੋਂ ਦੇ ਲੰਗੋਟੀਏ ਯਾਰਾਂ ਨਾਲ ਘੱਟ ਹੀ ਰਾਬਤਾ ਰੱਖ ਸਕੇ।ਇਸ ਦੌਰਾਨ ਬਚਪਨ ਤੋਂ ਜਵਾਨੀ ਤੇ ਅਮੀਰੀ ਅਵਸਥਾ ਤਕ ਪਹੁੰਚਦੇ ਚਿਹਰੇ ਮੂਹਰੇ ਬਦਲਕੇ ਦਾਹੜੀਆਂ ਵੀ ਚਾਕ ਨੁਮਾ ਹੋ ਗਈਆਂ। ਇੰਨੇ ਅਰਸੇ ਬਾਦ ਕਿਸੇ ਨਜ਼ਦੀਕੀ ਦੇ ਭੋਗ ਤੇ ਪਿੰਡ ਗਏ। ਲੰਗਰ ਛਕਣ ਬੈਠੇ ਉਨਾਂ ਦੀ ਨਜ਼ਰ ਨਾਲ ਬੈਠੇ ਬਜ਼ੁਰਗ ਜਿਹੇ ਜਾਪਦੇ ਬੰਦੇ ਨਾਲ ਮਿਲੀ। ਅਚਾਨਕ ਉਹਨਾਂ ਨੂੰ ਆਪਣੇ ਸਕੂਲੀ ਜੂਨੀਅਰ ਦੀ ਆਵਾਜ਼ ਤੇ ਮੂੰਹ ਮੜੰਗਾ ਯਾਦ ਆ ਗਿਆ। ਅਕਸਰ ਇਕੋ ਸਕੂਲ ਕਾਲਜ ਵਿਚ ਪੜ੍ਹੇ ਜਾਂ ਕੋਰਸ ਮੇਟ ਰਹੇ ਸਾਥੀ ਭਾਂਵੇਂ ਕਿਸੇ ਵੀ ਰੁਤਵੇ ਜਾਂ ਉਮਰ ਦੇ ਪੜਾਅ ਉੱਤੇ ਪਹੁੰਚ ਜਾਣ - ਉਸੀ ਪੁਰਾਣੇ ਮੁੰਡੇ ਖੁੰਡੇ ਅੰਦਾਜ ਵਿਚ ਮਿਲਿਆ ਕਰਦੇ ਹਨ। ਸੋ ਆਪਸ ਵਿਚ ਅਜਨਬੀ ਦੀ ਤਰ੍ਹਾਂ ਸਰਸਰੀ ਗਲਬਾਤ ਤੋਂ ਬਾਦ ਉਹਨਾਂ ਧੀਮੀ ਆਵਾਜ਼ ਵਿਚ ਪੁੱਛ ਹੀ ਲਿਆ, 'ਤੁਹਾਡਾ ਨਾਮ ਬਿੰਦੀ ਬਾਂਦਰ ਤਾਂ ਨਹੀਂ ?' ਉਹ ਬੰਦਾ ਹੈਰਾਨ ਹੋ ਕੇ ਕਹਿਣ ਲੱਗਾ, 'ਨਾਮ ਤੇ ਮੇਰਾ ਬਲਵਿੰਦਰ ਸਿੰਘ ਹੀ ਹੈ, ਪਰ ਤੁਸੀਂ ਕੌਣ ਹੋ ?' ਉਹਨਾਂ ਯਾਦ ਕਰਾਇਆ ਕਿ ਉਹ ਪ੍ਰਾਇਮਰੀ ਸਕੂਲ ਵਿਚ ਅੱਗੜ ਪਿੱਛੜ ਕਲਾਸਾਂ ਵਿਚ ਪੜ੍ਹਦੇ ਸਨ ਤੇ ਸਕੂਲ ਦੇ ਮਾਸਟਰ ਕਈ ਵਾਰ ਸਕੂਲੋਂ ਭੱਜੇ ਜਾਂ ਰਾਸਤੇ ਵਿਚ ਲੁਕੇ ਮੁੰਡਿਆਂ ਨੂੰ ਫੜ੍ਹ ਲਿਆਉਣ ਦੀ ਡਿਊਟੀ ਉਹਨਾਂ ਦੀ ਲਗਾਉਂਦੇ ਸਨ। ਇਹਨਾਂ ਭਗੌੜਿਆਂ ਵਿਚ ਬਲਵਿੰਦਰ ਉਰਫ ਬਿੰਦੀ ਬਾਂਦਰ ਮੁਹਰੀ ਹੁੰਦਾ ਸੀ।

ਮਨੁੱਖਾ ਜਾਤੀ ਤੋਂ ਇਲਾਵਾ ਪਾਲਤੂ ਜਾਨਵਰਾਂ ਦੇ ਨਾਮ ਵੀ ਮਾਲਕਾਂ ਰਾਹੀਂ ਚੁਣ ਕੇ ਰੱਖੇ ਜਾਂਦੇ ਹਨ ਤਾਂ ਜੋ ਉਹ ਉਹਨਾਂ ਦੇ ਸੰਬੋਧਨ ਨੂੰ ਇਕਦਮ ਸਮਝ ਜਾਣ। ਹਾਲਾਂਕਿ ਕੁੱਤਿਆਂ ਦੇ ਅੰਗਰੇਜ਼ੀ ਨਾਮ ਰੱਖਣ ਦਾ ਰੁਝਾਨ ਆਮ ਹੈ, ਪਰ ਦੇਸੀ ਨਾਮ ਵੀ ਚੱਲਦੇ ਹਨ—ਜਿਵੇਂ ਜੈਕੀ, ਟੌਮੀ, ਟਾਈਗਰ, ਬ੍ਰੂਜ਼ੋ, ਬਰੈਂਡੋ, ਡੌਨੀ ਤੋਂ ਇਲਾਵਾ ਡੱਬੂ, ਭੋਰੂ, ਕਾਲੂ, ਜੰਗੀ, ਜੋਗੀ, ਚੰਗੇਜ਼ੀ ਆਦਿ। ਪਸ਼ੂਆਂ ਦੇ ਨਾ, ਜਿਵੇਂ ਨਾਰਾ, ਬਲ੍ਹਾ, ਮੀਣਾ, ਬੂਰੀ, ਪੰਜਕਲਿਆਣੀ ਆਦਿ ਆਪਸੀ ਗਲਬਾਤ ਵਿਚ ਜਿਕਰ ਕਰਨ ਲਈ– ਨਾ ਕਿ ਸੰਬੋਧਨ ਕਰਨ ਲਈ ਰੱਖੇ ਜਾਂਦੇ ਹਨ। ਹੱਦ ਉਸ ਵੇਲੇ ਹੁੰਦੀ ਹੈ ਜਦੋਂ ਕਿਸੇ ਨਾ ਪਸੰਦ ਬੰਦੇ ਨੂੰ ਚਿੜਾਉਣ ਲਈ ਪਾਲਤੂ ਜਾਨਵਰ ਦਾ ਅਜਿਹਾ ਨਾਮ ਪੁਕਾਰਿਆ ਜਾਂਦਾ ਹੈ। ਬੰਗਲੌਰ ਦੀ ਇਕ ਅਫਸਰ ਮੈੱਸ ਦੇ ਪ੍ਰਸਾਰ ਵਿਚ ਇਕ ਸਾਂਝਾ ਜਿਹਾ ਕੁੱਤਾ ਹੁੰਦਾ ਸੀ, ਜਿਸਨੂੰ ਉਥੇ ਰਹਿੰਦੇ ਯੰਗ ਅਫਸਰ ਰੋਟੀ ਬੋਟੀ ਪਾ ਦਿੰਦੇ ਸਨ। ਪਰ ਇਸਦਾ ਨਾਮ 'ਮੂਰਤੀ' ਮੈਨੂੰ ਅਜੀਬ ਪ੍ਰਤੀਤ ਹੋਇਆ। ਪੁੱਛਣ ਤੇ ਪਤਾ ਲੱਗਾ ਕਿ ਇਸ ਪਿੱਛੇ ਇਕ ਦਿਲਚਸਪ ਕਹਾਣੀ ਜੁੜੀ ਹੋਈ ਸੀ। ਹੋਇਆ ਇੰਜ ਕਿ ਕੁਝ ਸਾਲ ਪਹਿਲਾਂ ਕਿਸੇ ਅਫਸਰ ਨੇ ਇਹ ਕਤੂਰਾ ਲਿਆਂਦਾ ਹੀ ਸੀ ਕਿ ਉਸਦੀ ਅਚਾਨਕ ਦੂਰ ਦੁਰਾਡੇ ਬਦਲੀ ਹੋ ਗਈ। ਇਸਨੂੰ ਨਾਲ ਲਿਜਾਉਣ ਦੀ ਥਾਂ ਸਾਥੀਆਂ ਦੇ ਸਪੁਰਦ ਕਰਕੇ ਉਹ ਚਲਾ ਗਿਆ। ਇਤਫਾਕ ਨਾਲ ਉਸ ਸਮੇਂ ਇਕ ਮੂਰਤੀ ਨਾਮ ਦਾ ਥੋੜ੍ਹਾ ਸੀਨੀਅਰ ਅਫਸਰ ਮਜਬੂਰੀ ਵੱਸ ਫੈਮਲੀ ਕੁਆਰਟਰ ਦੀ ਬਜਾਏ ਮੈਸ ਵਿਚ ਇਕੱਲਾ ਰਹਿੰਦਾ ਸੀ। ਉਸਨੂੰ ਐਵੇਂ ਹੀ ਆਪਣੇ ਰੈਂਕ ਦੀ ਸੀਨੀਆਰਟੀ ਦਾ ਰੋਅਬ ਝਾੜ ਕੇ ਨਵੇਂ ਅਲ੍ਹੜ ਅਫਸਰਾਂ ਨੂ ਤੰਗ ਪਰੇਸ਼ਾਨ ਕਰਕੇ ਮਾਨੋ ਮਜ਼ਾ ਆਉਂਦਾ ਸੀ। ਇਸ ਵਤੀਰੇ ਤੋਂ ਸਤਾਏ ਇਹਨਾਂ ਛੋਟੇ ਅਫਸਰਾਂ ਨੇ ਹਿਸਾਬ ਬਰਾਬਰ ਕਰਨ ਲਈ ਪਾਲਤੂ ਦਾ ਨਾਮ ਹੀ ਮੂਰਤੀ ਰੱਖ ਦਿਤਾ। ਜਾਨਵਰ ਵੀ ਸਿਆਣਾ ਸੀ- ਉਚੀ ਆਵਾਜ ਵਿਚ ਆਪਣੇ ਨਾਮ ਦਾ ਹੋਕਾ ਸੁਣਦੇ ਸਾਰ ਹੀ, ਜਿੱਥੇ ਕਿਤੇ ਵੀ ਹੋਵੇ ਭੱਜਿਆ ਆਵੇ। ਕੁਦਰਤੀ ਸੀ ਕਿ ਇਸਤੋਂ ਸੀਨੀਅਰ ਅਫਸਰ ਨੂੰ ਨਮੋਸ਼ੀ ਮਹਿਸੂਸ ਹੋਣ ਲੱਗੀ। ਉਹਨਾਂ ਆਪਣਾ ਨਾਮ ਜਿਆਦਾ ਹੀ ਮਸ਼ਹੂਰ ਹੋਣ ਕਰਕੇ ਜਲਦੀ ਹੀ ਆਪਣੀ ਬਦਲੀ ਕਿਸੇ ਹੋਰ ਥਾਂ ਕਰਵਾ ਲਈ। ਸਮਾਂ ਪਾ ਕੇ ਇਹਨਾਂ ਸਮਕਾਲੀ ਅਫਸਰਾਂ ਦੀ ਬਦਲੀ ਹੁੰਦੀ ਗਈ; ਪਰ ਮੂਰਤੀ ਮੈੱਸ ਵਿਚ ਆਉਣ ਵਾਲੇ ਨਵੇਂ ਮਾਲਕਾਂ ਰਾਂਹੀ ਪੁਕਾਰੇ ਜਾਣ ਤੇ ਪੂਛ ਜਿਹੀ ਹਿਲਾ ਕੇ ਜੀ ਹਜ਼ੂਰੀ ਕਰਦਾ ਰਿਹਾ। ਇਸੇ ਤਰ੍ਹਾਂ ਕਈ ਥਾਂ ਜਿਥੇ ਗੁਆਂਢੀਆਂ ਦੀ ਨਹੀਂ ਬਣਦੀ, ਉੱਥੇ ਅਜਿਹੇ ਵਾਕਿਆਤ ਸਾਹਮਣੇ ਆਉਂਦੇ ਹਨ ਜਿਥੇ ਪਾਲਤੂਆਂ ਰਾਂਹੀ ਆਪਸੀ ਰੰਜਸ਼ ਨੂੰ ਹਵਾ ਦਿਤੀ ਜਾਂਦੀ ਹੈ।

ਮਿਲਟਰੀ ਵਿਚ ਵੱਡੇ ਨਾਵਾਂ ਨੂੰ ਸੰਖੇਪ ਕਰਕੇ ਵਰਤਿਆ ਜਾਂਦਾ ਹੈ। 1971 ਦੀ ਭਾਰਤ ਪਾਕ ਜੰਗ ਸਮੇਂ ਦੇ ਆਰਮੀ ਮੁਖੀ ਦਾ ਨਾਮ ਕਾਫੀ ਲੰਬਾ ਸੀ– ਸਿਆਮਜੀ ਹਰੇਮਜੀ ਫਰਾਮਜੀ ਜਮਸ਼ੇਦਜੀ (SHFS) ਮਾਨਿਕਸ਼ਾ। ਪਰ ਉਹਨਾਂ ਨੂੰ ਛੋਟੇ ਨਾਮ ਸੈਮ ਨਾਲ ਸੰਬੋਧਨ ਕੀਤਾ ਜਾਂਦਾ ਸੀ। ਏਅਰ ਫੋਰਸ ਵਿਚ ਜਿਆਦਾਤਰ ਪਾਇਲਟਾਂ ਦੇ ਵੀ ਅਕਸਰ ਛੋਟੇ ਨਿੱਕਨੇਮ ਵੀ ਹੁੰਦੇ ਹਨ। ਇਹਨਾਂ ਦਾ ਪਿਛੋਕੜ ਕੁਛ ਵੀ ਹੋਵੇ, ਪਰ ਇਹ ਅਨਿਖੜਵਾਂ ਅੰਗ ਬਣ ਜਾਂਦੇ ਹਨ। ਭਾਰਤੀ ਹਵਾਈ ਫੌਜ ਦੇ ਕੁਝ ਮੁਖੀਆਂ ਦੇ ਨਿੱਕਨੇਮ ਇਸ ਤਰ੍ਹਾਂ ਹਨ: ਏਅਰ ਚੀਫ ਮਾਰਸ਼ਲ ਪੌਲੀ (SK) ਮੈਹਰਾ, ਨਿੰਮੀ (NC) ਸੂਰੀ, ਸੂਪੀ (ਸ਼ਖ) ਕੌਲ, ਬਰੂਨੋ (SK) ਸਰੀਨ, ਟਿੱਪੀ (AY) ਬ੍ਰਾਊਨ, ਬੰਡਲ (SP) ਤਿਆਗੀ, ਫਲੀ (FH) ਮੇਜਰ ਤੇ ਟੋਨੀ (BS) ਧਨੋਆ। ਵੈਸੇ ਭਾਰਤੀ ਹਵਾਈ ਫੌਜ ਅਮਰੀਕਾ,ਰੂਸ ਤੇ ਚੀਨ ਪਿਛੋਂ ਸੰਸਾਰ ਦੀ ਚੌਥੀ ਵਿਸ਼ਾਲਤਮ ਫੋਰਸ ਹੈ। ਦੇਸ ਵਿਚ ਤਿਆਰ ਕੀਤੇ ਥੋੜ੍ਹੇ ਝੇਨਰ, ਲੜਾਕੂ, ਭਾਰ ਵਾਹਕ ਤੇ ਹੈਲੀਕਾਪਟਰਾਂ ਤੋਂ ਇਲਾਵਾ ਜਿਆਦਾਤਰ ਸੋਵੀਅਤ ਰੂਸ ਤੇ ਪੱਛਮੀ ਮੂਲ ਦੇ ਜਹਾਜ ਹਨ। ਰੂਸੀ ਮੂਲ ਦੇ ਜਹਾਜਾਂ ਦੇ ਨਾ ਉਹਨਾਂ ਦਟ ਨਿਰਮਾਤਾਵਾਂ ਨਾਲ ਸੰਬੰਧਤ ਹਨ। ਜਿਵੇਂ ਮਿੱਗ (ਮਿਕੋਯਾਨ ਗ੍ਰੇਵਿਚ), ਸਯੂ (ਸੁਖੋਈ), IL (ਇਲਿਊਸ਼ਨ), AN (ਐਨਟੋਨੋਵ), TU (ਟੁਪੋਲੋਵ) ਤੇ MI (ਮਿਲ) ਆਦਿ।

ਪੱਛਮ ਮੂਲ ਵਾਲੇ ਉਹਨਾਂ ਦੀ ਕੰਪਨੀ ਨੂੰ ਦਰਸਾਉਣ ਦੇ ਨਾਲ ਉਹਨਾਂ ਦੇ ਰੋਲ (ਕਾਰਜਖੇਤਰ) ਵਲ ਸੰਕੇਤ ਕਰਦੇ ਹਨ, ਜਿਵੇਂ ਲਿਬਰੇਟਰ, ਪੈਕਟ, ਕੈਰੀਬੋ, ਡਕੋਟਾ. ਹਕੁਲੀਸ, ਗਲੋਬਮਾਸਟਰ, ਕੈਨਬਰਾ, ਹੰਟਰ, ਵੈਮਪਾਇਰ, ਨੈੱਟ, ਮਿਸਟੀਅਰ, ਹੂਰੀਕੇਨ ਜਗੂਆਰ, ਮਿਰਾਜ, ਰਾਫੇਲ, ਚਿਨੂਕ, ਅਪਾਚੀ ਆਦਿ।

ਦੇਸ਼ ਵਿਚ ਬਣੇ HT-2 (ਦੀਪਕ), HJT-16 (ਕਿਰਨ) ਟ੍ਰੇਨਰ, ਧਰੁਵ ਹੈਲੀਕਾਪਟਰ ਤੇ ਤੇਜਸ ਲੜਾਕੂ ਤੋਂ ਇਲਾਵਾ ਕੁਝ ਸਾਲ ਪਹਿਲਾਂ ਆਯਾਤ ਕੀਤੇ ਜਹਾਜਾਂ ਦੇ ਨਾਮਾ ਦਾ ਦੇਸੀਕਰਨ ਕਰਕੇ ਉਹਨਾਂ ਨੂੰ ਵੀ ਤੂਫਾਨੀ, ਬਾਦਲ, ਵਰਜ, ਰਕਸ਼ਕ, ਬਹਾਦਰ, ਸਤਲੁਜ, ਗਜਰਾਜ, ਅਜੀਤ, ਚੀਤਾ, ਚੇਤਕ ਤੇ ਅਕਬਰ ਆਦਿ ਕਿਹਾ ਜਾਣ ਲਗਾ ਸੀ ਪਰ ਇਹ ਪ੍ਰੰਪਰਾ ਸਰਲਤਾ ਨੂੰ ਮੁੱਖ ਰਖਦੇ ਹੋਏ ਤਿਆਗ ਦਿਤੀ ਗਈ ਸੀ।

ਕਈ ਵਾਰ ਅਸੀਂ ਕਿਸੇ ਇਨਸਾਨ ਨੂੰ ਵੇਖੇ ਪਰਖੇ ਬਿਨਾਂ ਬਗੈਰ ਉਸਦੇ ਨਾਮ ਜਾਂ ਬਾਹਰੀ ਦਿੱਖ ਤੋਂ ਹੀ ਉਸਦੇ ਵਿਅਕਤੀਤਵ ਦਾ ਅਨੁਮਾਨ ਲਗਾਉਣ ਲਗਦੇ ਹਾਂ। ਡੀਲ ਡੌਲ ਜਾਂ ਸ਼ਕਲ ਸੂਰਤ ਤੋਂ ਖ਼ੂੰਖਾਰ ਜਾਂ ਕੁਰਖਤ ਜਾਪਦੇ ਬੰਦੇ ਵਾਰੇ ਸਾਡਾ ਵਿਚਾਰ ਕਈ ਵਾਰ ਗਲਤ ਸਾਬਤ ਹੁੰਦਾ ਹੈ, ਜਦੋਂ ਉਸਦੇ ਕੋਮਲ ਸੁਭਾਓ, ਨੇਕ ਨੀਤੀ ਜਾਂ ਹੋਰ ਗੁਣਾਂ ਦੀ ਜਾਣਕਾਰੀ ਮਿਲਦੀ ਹੈ। ਮਾਪਿਆਂ ਨੇ ਨਾਮ ਆਪਣੀ ਸੋਚ ਸਮਝ ਜਾਂ ਹਾਲਾਤਾਂ ਅਨੁਸਾਰ ਰੱਖੇ ਹੁੰਦੇ ਹਨ– ਇਸ ਵਿਚ ਕੋਈ ਕੀ ਕਰ ਸਕਦਾ ਹੈ। ਅਜੀਬ ਜਾਪਦੇ ਨਾਮ ਜਿਵੇਂ ਨਰਾਤਾ ਸਿੰਘ, ਨੱਥੂ ਸਿੰਘ ਫੌਜ ਵਿਚ ਬ੍ਰਿਗੇਡੀਅਰ ਅਤੇ ਲੈਫਟੀਨੈਂਟ ਜਰਨਲ ਰਹੇ ਹਨ। ਇਕ ਵਾਰ ਸੁਲਝੇ ਹੋਏ ਤੇ ਅੱਛੀ ਦਿੱਖ ਵਾਲੇ ਕਾਬਲ ਹਕੀਮ ਨੂੰ ਦੇਖੇ ਬਗੈਰ ਮੇਰਾ ਉਹਨਾਂ ਬਾਰੇ ਕਾਲਪਨਿਕ ਚਿੱਤਰ ਗਲਤ ਨਿਕਲਿਆ, ਜੋ ਮੈਂ ਉਹਨਾਂ ਦੇ ਨਾਮ ਮੱਛਰ ਸਿੰਘ ਤੋਂ ਉਕਰਿਆ ਸੀ। ਇਸੇ ਤਰ੍ਹਾਂ ਸਾਡੇ ਪ੍ਰਾਇਮਰੀ ਸਕੂਲ ਦੇ ਅਤਿ ਮਾਨਯੋਗ ਅਧਿਆਪਕ ਦਾ ਨਾਮ ਸ. ਤੇਲਾ ਸਿੰਘ ਸੀ। ਪਰ ਅਜਕੱਲ ਕਿਸੇ ਨੂੰ ਆਪਣਾ ਪਹਿਲਾ ਨਾਮ ਨਾਪਸੰਦਗੀ ਦੀ ਸੂਰਤ ਵਿਚ ਬਲਣਾ ਕੋਈ ਮੁਸ਼ਕਿਲ ਦੀ ਗੱਲ ਨਹੀਂ ਹੈ। ਅਖਬਾਰਾਂ ਵਿਚ ਆਏ ਦਿਨ ਨਾਮ ਬਦਲੀ ਦੇ ਇਸ਼ਤਿਹਾਰ ਛਪਦੇ ਹਨ ਜਿਨ੍ਹਾਂ ਵਾਸਤੇ ਸਿਰਫ ਤਸਦੀਕ ਸ਼ੁਦਾ ਹਲਫੀਆ ਬਿਆਨ ਦੀ ਜ਼ਰੂਰਤ ਹੁੰਦੀ ਹੈ।ਧਰਮ ਪ੍ਰੀਵਰਤਨ ਸਮੇਂ ਵੀ ਆਮ ਤੌਰ ਤੇ ਅੰਸ਼ਕ ਜਾਂ ਪੂਰੇ ਨਾਮ ਬਦਲੇ ਜਾਂਦੇ ਹਨ। ਕਈ ਇਕ ਤੋਂ ਵੱਧ ਵਿਆਹ ਕਰਵਾਉਣ ਵਾਸਤੇ ਵੀ ਧਰਮ ਪ੍ਰੀਵਰਤਨ ਕਰਕੇ ਇਸਲਾਮਕ ਨਾਮ ਰੱਖ ਲੈਂਦੇ ਹਨ। ਇਸੇ ਤਰ੍ਹਾਂ ਕੁਛ ਇਕੋ ਧਰਮ ਵਿਚ ਰਹਿੰਦੇ ਹੋਏ ਕੋਈ ਦੂਸਰਾ ਫਿਰਕਾ ਅਪਣਾ ਕੇ ਵੀ ਨਾਮ ਬਦਲਦੇ ਹਨ ਜਿਵੇਂ ਸਵਾਮੀ ਵਿਵੇਕਾਨੰਦ ਦਾ ਮੁੱਢਲਾ ਨਾਮ ਨਰਿੰਦਰ ਨਾਥ ਦੱਤਾ, ਸਵਾਮੀ ਅਗਨੀਵੇਸ਼ ਦਾ ਵੈਧਾ ਸ਼ਿਆਮ ਰਾਓ ਤੇ ਯੋਗੀ ਅਦਿਤਿਆਨਾਥ ਦਾ ਅਜੇ ਮੋਹਨ ਬਿਸ਼ਟ ਸੀ।

ਅੱਜ ਕੱਲ ਭਾਰਤ ਦੇ ਸ਼ਹਿਰਾਂ ਦੇ ਸਦੀਆਂ ਤੋਂ ਚਲੇ ਆ ਰਹੇ ਨਾਮ ਵੀ ਬਦਲ ਦਿਤੇ ਗਏ ਹਨ। ਮਦਰਾਸ ਨੂੰ ਚੈਨਈ, ਬੰਗਲੌਰ ਨੂੰ ਬੰਗਲੁਰੂ, ਮੈਸੂਰ ਨੂੰ ਮਈਸੂਰੂ, ਤਰੀਵੈਂਦਰਮ ਨੂੰ ਥਿਰੂਵੈਂਤਾਪੁਰਮ, ਬੰਬਈ ਨੂੰ ਮੁੰਬਈ, ਪੂਨਾ ਨੂੰ ਪੁਣੇ ਕਲਕੱਤਾ ਨੂੰ ਕੋਲਕੋਤਾ ਤੇ ਨਵਾਂਸ਼ਹਿਰ ਨੂੰ ਸ਼ਹੀਦ ਭਗਤ ਸਿੰਘ ਨਗਰ ਕਿਹਾ ਜਾਣ ਲੱਗਾ ਹੈ। ਇਥੋਂ ਤੱਕ ਕਿ ਮੁਗਲ ਸਮੇਂ ਤੋਂ ਚਲੇ ਆ ਰਹੇ ਨਾਮ ਅਲਾਹਾਬਾਦ ਤੇ ਮੁਗਲ ਸਰਾਇ ਜੰਕਸ਼ਨ ਨੂੰ ਬਦਲ ਕੇ ਪ੍ਰਯਾਗ ਤੇ ਦੀਨ ਦਿਆਲ ਉਪਾਧਿਆ ਜੰਕਸ਼ਨ ਨਵੇਂ ਨਾਮ ਦਿਤੇ ਗਏ ਹਨ। ਪਰ ਪਿੰਡਾਂ ਦੇ ਵੀ ਕਈ ਨਾਮ ਅਜਿਹੇ ਹਨ ਜਿਹਨਾਂ ਨੂੰ ਉਥੋਂ ਦੇ ਵਸਨੀਕ ਵੀ ਪਸੰਦ ਨਹੀਂ ਕਰਦੇ। ਕਈਆਂ ਦਾ ਸਵੇਰੇ ਸਵੇਰੇ ਨਾਮ ਲੈਣਾ ਵੀ ਅਪਸ਼ਗਨ ਸਮਝਿਆ ਜਾਂਦਾ ਹੈ। ਇਕ ਵਾਰ ਉਸ ਸਮੇਂ ਦੇ ਮੁੱਖ ਮੰਤਰੀ ਪੰਜਾਬ ਨੇ ਇਕ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹਨਾਂ ਪਾਸ ਮਾਲਵੇ ਦੇ ਕੁਝ ਪਿੰਡਾਂ ਦੇ ਨੁਮਾਇੰਦੇ ਆਪਣੀ ਸਮੱਸਿਆ ਲੈ ਕੇ ਆਏ। ਕਹਿਣ ਲੱਗੇ ਕਿ ਸਾਡੇ ਪੰਡ ਉਂਝ ਤਾਂ ਰੱਜਦੇ ਪੁੱਜਦੇ ਖੁਸ਼ਹਾਲ ਹਨ। ਪਰ ਇਹਨਾਂ ਦੇ ਨਾਮ ਐਸੇ ਹਨ ਕਿ ਜਦੋਂ ਕਿਸੇ ਜਦੋਂ ਕਿਸੇ ਬੱਚੇ ਦੇ ਰਿਸ਼ਤੇ ਦੀ ਗਲ ਚੱਲਦੀ ਹੈ ਤਾਂ ਅੜ੍ਹਚਣ ਖੜ੍ਹੀ ਹੋ ਜਾਂਦੀ ਹੈ। ਬਣਨ ਵਾਲੇ ਰਿਸ਼ਤੇਦਾਰ ਪਿੰਡ ਦਾ ਨਾਮ ਕੁੱਤਿਆਂ ਵਾਲੀ, ਝੋਟਿਆਂ ਵਾਲੀ ਸੱਪਾਂਵਾਲੀ ਜਾਂ ਕੱਟਿਆਂਵਾਲੀ ਸੁਣਦੇ ਸਾਰ ਹੀ ਰਿਸ਼ਤਾ ਕਰਨ ਤੋਂ ਕਤਰਾਉਣ ਲਗਦੇ ਹਨ ਤੇ ਕਹਿ ਦਿੰਦੇ ਹਨ 'ਸੋਚ ਕੇ ਦੱਸਾਂਗੇ।' ਇਸਤੇ ਉਹਨਾਂ ਇਕਦਮ ਸਮੱਸਿਆ ਦੇ ਹੱਲ ਪ੍ਰਤੀ ਹਾਂ ਕਰ ਦਿੱਤੀ। ਉਹਨਾਂ ਨੇ ਪਸੰਦੀਦਾ ਨਾਮਾਂ ਦੀ ਲਿਸਟ ਜਦੋਂ ਮੁੱਖ ਸਕੱਤਰ ਨੂੰ ਯੋਗ ਤੇ ਤੁਰੰਤ ਕਾਰਵਾਈ ਲਈ ਦਿੱਤੀ ਤਾਂ ਪਤਾ ਲੱਗਾ ਕਿ ਪਿੰਡਾਂ ਦੇ ਨਾਂ ਬਦਲਨਾ ਪੇਚੀਦਾ ਮਸਲਾ ਹੈ !

ਅਜੋਕੇ ਸਮੇ ਵਿਚ ਅਕਸਰ ਨਾਮ ਅਰਥ ਭਰਪੂਰ ਰਖੇ ਜਾਂਦੇ ਹਨ, ਕਿਉਂਕਿ ਪਹਿਲੇ ਜਮਾਨੇ ਤੋ ਉਲਟ ਪਰਵਾਰਾਂ ਵਿਚ ਮਸਾਂ ਦੋ ਕੁ ਬੱਚੇ ਹੁੰਦੇ ਹਨ ਖਾਸ ਕਰ ਪੜ੍ਹੇ ਲਿਖੇ ਵਰਗ ਵਿਚ। ਵਿੱਦਿਆ ਦਾ ਪ੍ਰਭਾਵ ਸਰਵਜਾਨਕ ਹੋ ਜਾਣ ਕਰਕੇ ਕਾਫੀ ਸੋਚ ਵਿਚਾਰ ਤੇ ਛਾਣਬੀਣ ਕਰਕੇ ਨਾਮ ਤਹਿ ਕੀਤਾ ਜਾਂਦਾ ਹੈ। ਪਾਂਧੇ ਦੀ ਪੱਤਰੀ ਜਾਂ ਧਾਰਮਿਕ ਗ੍ਰੰਥਾਂ ਦੀ ਸੇਧ ਦੇ ਨਾਲ ਨਾਲ ਕਈ ਮਾਪੇ ਕੰਪਿਊਟਰ ਰਾਂਹੀ ਖੋਜ ਕਰਕੇ ਵਿਲੱਖਣ ਜਿਹੇ ਜਾਪਦੇ ਨਾਮ ਰੱਖ ਲੈਂਦੇ ਹਨ। ਇਸੇ ਕਰਕੇ ਪਹਿਲਾਂ ਵਾਲੇ ਨੱਥੂ, ਨਰਾਤਾ, ਕਿੱਕਰ ਸਿੰਘ, ਮੱਛਰ ਸਿੰਘ, ਬੋਹੜ ਜਾਂ ਬਗੀਚਾ ਸਿੰਘ ਨਹੀਂ ਮਿਲਦੇ ਹਨ। ਅਜਕਲ ਇਹ ਸਮਝਿਆ ਜਾਂਦਾ ਹੈ ਕਿ ਨਾਮ ਵਿਚ ਵੀ ਬਹੁਤ ਕੁਝ ਛੁਪਿਆ ਹੁੰਦਾ ਹੈ ਜੋ ਕਈ ਵਾਰ ਉਸਦੇ ਧਾਰਨੀ ਦਾ ਅਕਸ ਝਲਕਾਉਂਦਾ ਹੈ।

# ਕਿਸਾਨੀ ਸੰਘਰਸ਼ ਦੀ ਅਨੋਖੀ ਦਾਸਤਾਨ

## ਭਾਈ ਘਨ੍ਹੱਈਆ ਦੀ 'ਪਿਰਤ' ਨੂੰ ਅਪਣਾਕੇ ਲੜਿਆ ਜਾ ਰਿਹੈ ਕਿਸਾਨੀ ਸੰਘਰਸ਼



ਹਰਿਆਣੇ ਦੇ ਪਿੱਪਲੀ ਸ਼ਹਿਰ ਨੇੜੇ ਇਕ ਨੌਜਵਾਨ ਕਿਸਾਨ ਖ਼ੂਨ ਨਾਲ ਲੱਥਪੱਥ ਜਿਸ ਦੇ ਸਰੀਰ ਤੇ ਬੇ-ਤਹਾਸੇ ਜ਼ਖ਼ਮ ਸਰਕਾਰੀ ਜਬਰ ਦੀ ਮੂੰਹ ਬੋਲਦੀ ਤਸਵੀਰ ਸਨ , ਖ਼ੂਨ ਨਾਲ ਲੱਥਪੱਥ ਇਸ ਮੰਜ਼ਰ ਦੀ ਸਭ ਤੋਂ ਹੈਰਾਨੀਜਨਕ ਤਸਵੀਰ ਇਹ ਸੀ ਕਿ ਉਹ ਨੌਜਵਾਨ ਆਪਣੇ ਜ਼ਖ਼ਮਾਂ ਦੀ ਪ੍ਰਵਾਹ ਨਾ ਕਰਦਿਆਂ 'ਜ਼ਖ਼ਮ ਦੇਣ ਵਾਲਿਆਂ' ਨੂੰ ਹੀ ਆਪਣੀ ਟਰਾਲੀ ਵਿੱਚੋਂ ਲਿਆ ਕੇ ਲੰਗਰ ਛਕਾਉਣ ਤੋਂ ਬਾਅਦ ਆਪਣੀ ਮੰਜ਼ਿਲ ਦਿਲੀ ਵੱਲ ਜਾਣ ਲਈ ਬਜ਼ਿੱਦ ਸੀ। ਇਸ ਤੋਂ ਇਲਾਵਾ ਇੱਕ ਬਜ਼ੁਰਗ ਫੌਜੀ ਜਿਸ ਦੀ ਇੱਕ ਲੱਤ ਦੇਸ਼ ਖ਼ਾਤਰ ਲੜੀ ਜੰਗ ਦੀ ਭੇਟ ਚੜ੍ਹ ਗਈ ਸੀ ਉਸ ਵੱਲੋਂ ਬੜੀ ਬੇਬਾਕੀ ਨਾਲ ਸੋਟੀ ਦਾ ਸਹਾਰਾ ਲੈਂਦਿਆਂ ਕਿਸਾਨੀ ਸੰਘਰਸ਼ ਵਿਚ ਪਹੁੰਚ ਕੇ ਨੌਜਵਾਨਾਂ ਨੂੰ ਸਬਰ ਸੰਤੋਖ ਅਤੇ ਠਰ੍ਹੰਮੇ ਨਾਲ ਇਸ ਸੰਘਰਸ਼ ਦੀ ਅਗਵਾਈ ਕਰਨ ਲਈ ਪ੍ਰੇਰਿਆ ਜਾ ਰਿਹਾ ਸੀ। ਇਹ ਆਪਣੇ ਆਪ ਵਿੱਚ ਕਿਸਾਨੀ ਸੰਘਰਸ਼ ਦੀਆਂ ਕੁਝ ਉਹ ਮੂੰਹ ਬੋਲਦੀਆਂ ਤਸਵੀਰਾਂ ਸਨ ਜੋ ਸਰਕਾਰੀ ਜਬਰ ਦਾ ਮੁਕਾਬਲਾ ਸਬਰ ਨਾਲ ਕਰਨ ਦੀ ਦਾਸਤਾਂ ਬਿਆਨ ਕਰ ਰਹੀਆਂ ਸੀ।

ਕੇਂਦਰ ਦੀ ਹਕੂਮਤ ਦੇ ਖ਼ਿਲਾਫ਼ ਕਿਸਾਨ ਭਾਈਚਾਰੇ ਵੱਲੋਂ ਵਿੱਢਿਆ ਸੰਘਰਸ਼ ਆਪਣੀ ਚਰਮ ਸੀਮਾ ਨੂੰ ਪਹੁੰਚ ਚੁੱਕਿਆ ਹੈ। ਇਨਕਲਾਬੀ ਨਾਅਰਿਆਂ ਨਾਲ ਗੂੰਜਦੀਆਂ ਅਵਾਜ਼ਾਂ ਦਿੱਲੀ ਦੇ ਤਖ਼ਤ ਨੂੰ ਹਿਲਾਉਣ ਦੇ ਲਈ ਵਾਹੋ-ਦਾਹੀ ਮੈਦਾਨ ਵਿਚ ਨਿੱਤਰ ਕੇ ਆਪਣੇ ਹੱਕਾਂ ਲਈ ਜੱਦੋ-ਜਹਿਦ ਕਰਦੀਆਂ ਵਿਖਾਈ ਦੇ ਰਹੀਆਂ ਹਨ। ਨੌਜਵਾਨ ਬੱਚੇ ਅਤੇ ਬਜ਼ੁਰਗਾਂ ਤੋਂ ਬਾਅਦ ਬਜ਼ੁਰਗ ਬੀਬੀਆਂ ਅਤੇ ਨੌਜਵਾਨ ਲੜਕੀਆਂ ਵੀ ਕਿਸਾਨੀ ਸੰਘਰਸ਼ ਵਿੱਚ ਮੋਹਰੀ ਰੋਲ ਨਿਭਾ ਕੇ ਆਪਣੀ ਹੋਂਦ ਨੂੰ ਬਚਾਉਣ ਦੇ ਲਈ ਸਿਰਧੜ ਦੀ ਬਾਜ਼ੀ ਲਾਉਣ ਨੂੰ ਤਿਆਰ ਹਨ। ਪੰਜਾਬ ਦੇ ਕੋਨੇ-ਕੋਨੇ ਤੋਂ ਪੂਰੀ ਵਿਉਂਤਬੰਦੀ ਦੇ ਤਹਿਤ ਨੌਜਵਾਨਾਂ ਦੇ ਨਾਲ ਬੀਬੀਆਂ ਦੇ ਕਾਫ਼ਲਿਆਂ ਨੇ ਵੀ ਦਿੱਲੀ ਵੱਲ ਨੂੰ ਵਹੀਰਾਂ ਘੱਤ ਦਿੱਤੀਆਂ ਹਨ। ਪੂਰੇ ਜਾਹੋ ਜਲਾਲ ਅਤੇ ਸਾਜ਼ੋ ਸਾਮਾਨ ਦੇ ਨਾਲ ਲੈਸ ਟਰਾਲੀਆਂ ਵਿਚ ਬੀਬੀਆਂ ਦਾ ਉਤਸ਼ਾਹ ਆਪਣੇ ਹੱਕ ਲੈਣ ਦੇ ਲਈ ਠਾਠਾਂ ਮਾਰਦਾ ਦਿਖਾਈ ਦੇ ਰਿਹਾ ਹੈ।

ਸ਼ਾਇਦ ਵਰ੍ਹਿਆਂ ਬਾਅਦ ਆਪਣੀ ਹੋਂਦ ਨੂੰ ਬਚਾਈ ਰੱਖਣ ਦੇ ਲਈ ਲੜੇ ਜਾ ਰਹੇ ਸੰਘਰਸ਼ ਵਿਚ ਬਜ਼ੁਰਗ ਬੀਬੀਆਂ ਅਤੇ ਨੌਜਵਾਨ ਲੜਕੀਆਂ ਦੀ ਵੱਡੀ ਸ਼ਮੂਲੀਅਤ ਨੇ 'ਏਕੇ ਦੀ ਕਵਾਇਦ' ਤੇ ਮੋਹਰ ਲਾ ਕੇ ਇਹ ਸਿੱਧ ਕਰ ਦਿੱਤਾ ਹੈ ਹੁਣ ਇਹ ਲੜਾਈ ਆਰ ਜਾਂ ਪਾਰ ਦੀ ਹੋਵੇਗੀ , ਆਪਣੇ ਘਰ ਪਰਿਵਾਰਾਂ ਨੂੰ ਤਿਆਗ ਦ੍ਰਿੜ ਇਰਾਦੇ ਤੇ ਉੱਚੀ ਸੋਚ ਦੀਆਂ ਮਾਲਕ ਇਹ ਸੰਘਰਸ਼ੀ ਬੀਬੀਆਂ ਇਸ ਜੰਗ ਦਾ ਹਿੱਸਾ ਬਣ ਕੇ ਆਉਣ ਵਾਲੇ ਭਵਿੱਖ ਦੀ ਰੂਪ ਰੇਖਾ ਤੇ 'ਮੋਹਰ' ਲਾ ਰਹੀਆਂ ਹਨ ਇਸ ਤੋਂ ਪਹਿਲਾਂ ਜਿੰਨੇ ਵੀ ਸੰਘਰਸ਼ ਕਿਸਾਨ ਜਥੇਬੰਦੀਆਂ ਵੱਲੋਂ ਲੜੇ ਗਏ ਉਨ੍ਹਾਂ ਵਿੱਚ ਆਮ ਲੋਕਾਂ ਦੀ ਸ਼ਮੂਲੀਅਤ ਘੱਟ ਹੀ ਵੇਖੀ ਜਾਂਦੀ ਸੀ ਪਰ ਹੁਣ ਖੇਤੀ ਸਬੰਧੀ ਨਵੇਂ ਬਣੇ ਤਿੰਨ ਕਾਨੂੰਨਾਂ ਨੇ ਬਹੁਗਿਣਤੀ ਕਿਸਾਨ ਭਾਈਚਾਰੇ ਨੂੰ ਏਕੇ ਦੀ ਕਤਾਰ ਵਿੱਚ ਖੜ੍ਹਾ ਕਰਕੇ ਸੰਘਰਸ਼ ਦੇ ਰਾਹ ਤੋਰ ਲਿਆ ਹੈ।

ਇਸ ਤੋਂ ਬਾਅਦ ਕਾਫ਼ਲਿਆਂ ਦੇ ਵਿੱਚ ਨੌਜਵਾਨ ਲੜਕੀਆਂ ਦਾ ਪਹੁੰਚਣਾ ਕਿਤੇ ਨਾ ਕਿਤੇ 'ਸੰਘਰਸ਼ ਦੀ ਯੋਗ ਵਿਉਂਤਬੰਦੀ' ਨੂੰ ਦਰਸਾਉਂਦਾ ਹੈ , ਮੋਰਚਿਆਂ ਵਿੱਚ ਪਹੁੰਚੀਆਂ ਕਿਸਾਨ ਬੀਬੀਆਂ ਦਾ ਆਖਣਾ ਹੈ ਕਿ ਹੁਣ ਉਨ੍ਹਾਂ ਨੂੰ ਆਪਣੇ ਘਰ ਘਾਟ ਦੀ ਕੋਈ ਪਰਵਾਹ ਨਹੀਂ ਪਰ ਹੁਣ ਆਪਣੀ ਹੋਂਦ ਦੀ ਲੜੀ ਜਾ ਰਹੀ ਲੜਾਈ ਜਿੱਤ ਕੇ ਹੀ ਵਾਪਸ ਘਰਾਂ ਨੂੰ ਪਰਤਣਗੀਆਂ ਇਸ ਸੰਘਰਸ਼ ਦਾ ਇੱਕ ਹੋਰ ਅਹਿਮ ਪਹਿਲੂ ਇਹ ਵੀ ਹੈ ਕਿ ਇਸ ਵਾਰ ਨੌਜਵਾਨਾਂ ਵੱਲੋਂ ਇਸ ਸੰਘਰਸ਼ ਨੂੰ ਬਹੁਤ ਹੀ ਜ਼ਾਬਤੇ ਅਤੇ ਦਾਇਰੇ ਵਿੱਚ ਰਹਿ ਕੇ ਲੜਿਆ ਜਾ ਰਿਹਾ ਹੈ ਸਿਆਣੇ ਬਜ਼ੁਰਗ ਆਗੂਆਂ ਦੇ ਸਲਾਹ ਮਸ਼ਵਰੇ ਅਤੇ ਉਨ੍ਹਾਂ ਦੀ ਦੇਖ ਰੇਖ ਹੇਠ ਨੂੰ ਅਪਣਾਕੇ ਨੌਜਵਾਨ ਸਬਰ ਅਤੇ ਜੋਸ਼ ਤੋਂ ਕੰਮ ਲੈਂਦਿਆਂ ਬੇਬਾਕੀ ਨਾਲ ਅੱਗੇ ਵਧ ਰਹੇ ਹਨ।

ਜਿੱਥੇ ਸਰਕਾਰਾਂ ਨੇ ਇਸ ਸੰਘਰਸ਼ ਨੂੰ ਤਾਰਪੀਡੋ ਕਰਨ ਅਤੇ ਆਪਣੇ ਜ਼ੁਲਮ ਦੀ ਇੰਤਹਾ ਮੁਕਾ ਦਿੱਤੀ ਹੈ ਉਥੇ ਹੀ ਕਿਸਾਨਾਂ ਵੱਲੋਂ ਜਬਰ ਦਾ ਮੁਕਾਬਲਾ ਸਬਰ ਨਾਲ ਕਰਨ ਦਾ ਫ਼ੈਸਲਾ ਲੈਂਦਿਆਂ ਸਰਕਾਰ ਦੇ ਹਰ ਛੜਯੰਤਰ ਨੂੰ ਨਾਕਾਮ ਕਰਨ ਦੀ ਪੱਕੀ ਧਾਰੀ ਹੋਈ ਹੈ। ਕਿਸਾਨੀ ਮੋਰਚਿਆਂ ਵਿੱਚ ਮਹੀਨੇ ਭਰ ਦਾ ਰਾਸ਼ਨ ਲੈ ਕੇ ਆਪਣੇ ਘਰਾਂ ਤੋਂ ਨਿਕਲੇ ਬਹੁਤੇ ਕਿਸਾਨਾਂ ਨੇ ਆਪਣੀ ਨਵੀਂ ਮਸ਼ੀਨਰੀ ਦੀ ਵੀ ਕੋਈ ਪ੍ਰਵਾਹ ਨਹੀਂ ਕੀਤੀ ਇਸ ਤੋਂ ਇਲਾਵਾ ਮਹਿੰਗੀਆਂ ਗੱਡੀਆਂ ਨੂੰ ਵੀ ਕਿਸਾਨੀ ਸੰਘਰਸ਼ ਦਾ ਹਿੱਸਾ ਬਣਾ ਕੇ ਇਕ ਨਵਾਂ ਇਤਿਹਾਸ ਰਚਿਆ ਜਾ ਰਿਹਾ ਹੈ। ਬਿਨਾਂ ਸ਼ੱਕ ਕਿਸਾਨ ਇਨ੍ਹਾਂ ਤਿੰਨ ਖੇਤੀ ਕਾਨੂੰਨ ਨੂੰ ਲੈ ਕੇ ਹੁਣ ਆਰ - ਪਾਰ ਦੀ ਲੜਾਈ ਦੇ ਰਾਹ ਪੈ ਚੁੱਕੇ ਹਨ। ਜੇਕਰ ਕਿਸਾਨ ਇਸੇ ਤਰ੍ਹਾਂ ਜ਼ਾਬਤੇ ਵਿੱਚ ਰਹਿ ਕੇ ਆਪਣੇ ਸੰਘਰਸ਼ ਨੂੰ ਮੰਜ਼ਿਲ ਵੱਲ ਲਿਜਾਣ ਦੇ ਲਈ ਸਹੀ ਦਿਸ਼ਾ ਵੱਲ ਕਦਮ ਪੁੱਟਦੇ ਰਹੇ ਤਾਂ ਸਰਕਾਰ ਨੂੰ ਇੱਕ ਵਾਰ ਖੇਤੀ ਕਾਨੂੰਨਾਂ ਤੇ ਜ਼ਰੂਰ ਨਜ਼ਰਸਾਨੀ ਕਰਨੀ ਹੀ ਪਵੇਗੀ।

ਮਨਜਿੰਦਰ ਸਿੰਘ ਸਰੌਂਦ
Manjinder Singh Saroud
919463463136



# ਸ਼ਹੀਦ ਰਤਨ ਸਿੰਘ ਮੰਡੀ ਕਲਾਂ



ਪੰਜਾਬ ਦੇ ਪਿੰਡਾਂ ਦਾ ਇਤਿਹਾਸ ਕ੍ਰਾਂਤੀਕਾਰੀ ਯੋਧਿਆਂ ਦੀਆਂ ਕੁਰਬਾਨੀਆਂ ਨਾਲ ਭਰਿਆ ਪਿਆ ਹੈ। ਇਸੇ ਤਰ੍ਹਾਂ ਦੇਸ਼ ਦੀ ਮੰਡੀ ਕਲਾਂ ਦੇ ਗਿਆਨੀ ਰਤਨ ਸਿੰਘ ਨੇ ਵੀ ਦੇਸ਼ ਦੀ ਆਜ਼ਾਦੀ ਲਈ ਵਡਮੁੱਲਾ ਯੋਗਦਾਨ ਪਾਇਆ। ਮੰਡੀ ਕਲਾਂ (ਬਠਿੰਡਾ) ਵਿੱਚ ਜਨਮੇ ਰਤਨ ਸਿੰਘ ਨੇ ਮੁੱਢਲੀ ਵਿਦਿਆ ਪਿੰਡ ਦੀ ਤਾਜੋ ਪੱਤੀ ਵਿੱਚ ਬਣੇ ਡੇਰੇ 'ਚੋਂ ਬਾਬਾ ਆਂਚਲ ਸਿੰਘ ਤੋਂ ਲਈ। ਤੇਜ਼ ਬੁੱਧੀ ਬਾਲਕ ਹੋਣ ਕਰਕੇ ਬਾਬਾ ਆਂਚਲ ਸਿੰਘ ਦੇ ਕਹਿਣ 'ਤੇ ਰਤਨ ਸਿੰਘ ਨੂੰ ਲਾਹੌਰ ਪੜ੍ਹਨ ਭੇਜਿਆ ਗਿਆ। ਉੱਥੇ ਉਹ ਗੁਰਬਾਣੀ ਅਤੇ ਸੰਸਕ੍ਰਿਤ ਦਾ ਅਧਿਐਨ ਕਰਕੇ ਉੱਚਕੋਟੀ ਦੇ ਵਿਦਵਾਨ ਬਣੇ ਅਤੇ ਗਿਆਨੀ ਸਿੰਘ ਦੇ ਨਾਂ ਨਾਲ ਪ੍ਰਸਿੱਧ ਹੋਏ। ਗਿਆਨੀ ਰਤਨ ਸਿੰਘ ਦੀ ਪ੍ਰਤਿਸ਼ਠਾ ਪੰਜਾਬ ਵਿੱਚ ਦੂਰ-ਦੂਰ ਤੱਕ ਫੈਲ ਗਈ, ਜਿਸ ਦੀ ਚਰਚਾ ਸੁਣ ਕੇ ਉਨ੍ਹਾਂ ਨੂੰ ਪਟਿਆਲੇ ਦੇ ਰਾਜ ਘਰਾਣੇ ਵਿੱਚ ਬੁਲਾ ਲਿਆ ਗਿਆ। ਉਥੇ ਉਨ੍ਹਾਂ ਨੇ ਸ਼ਾਹੀ ਘਰਾਣਿਆਂ ਵਿੱਚ ਗੁਰਬਾਣੀ ਅਤੇ ਗੁਰ ਇਤਿਹਾਸ ਦਾ ਪ੍ਰਚਾਰ ਕੀਤਾ।

ਪਿੰਡ ਮੰਡੀ ਕਲਾਂ ਵਿੱਚ ਬਾਬਾ ਆਂਚਲ ਸਿੰਘ ਦੀ ਮੌਤ ਹੋਣ ਤੋਂ ਬਾਅਦ ਪਿੰਡ ਵਾਸੀ ਪਟਿਆਲੇ ਰਾਜ ਘਰਾਣੇ ਵਿੱਚ ਗਏ ਅਤੇ ਗਿਆਨੀ ਰਤਨ ਸਿੰਘ ਨੂੰ ਪਟਿਆਲੇ ਤੋਂ ਮੰਡੀ ਕਲਾਂ ਲੈ ਆਏ। ਗਿਆਨੀ ਰਤਨ ਸਿੰਘ ਨੂੰ ਡੇਰੇ ਦਾ ਮਹੰਤ ਥਾਪ ਦਿੱਤਾ ਗਿਆ। ਇਹ ਉਹ ਸਮਾਂ ਸੀ ਜਦੋਂ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਪੰਜਾਬ ਬਸਤੀਵਾਦੀ ਅੰਗਰੇਜ਼ ਦਾ ਗੁਲਾਮ ਹੋ ਚੁੱਕਿਆ ਸੀ। ਦੇਸ਼ੀ ਰਾਜੇ-ਮਹਾਰਾਜੇ ਅੰਗਰੇਜ਼ਾਂ ਦੀ ਕਠਪੁਤਲੀ ਬਣ ਗਏ ਸਨ। ਮੰਦਰਾਂ, ਗੁਰਦੁਆਰਿਆਂ ਵਿੱਚ ਵੀ ਅੰਗਰੇਜ਼ਾਂ ਦੇ ਸੋਹਲੇ ਗਾਏ ਜਾਣ ਲੱਗ ਪਏ ਸਨ। ਅਜਿਹੇ ਅੰਧਕਾਰ ਦੇ ਸਮੇਂ ਵਿੱਚ ਲੋਕਾਂ ਨੂੰ ਗੁਰਸਿੱਖੀ, ਆਪਣੀ ਅਮੀਰ ਵਿਰਾਸਤ ਨਾਲ ਜੋੜਨ ਅਤੇ ਅੰਗਰੇਜ਼ਾਂ ਤੋਂ ਮੁਕਤੀ ਦਿਵਾਉਣ ਲਈ ਕੂਕਾ ਅੰਦੋਲਨ ਦਾ ਉਥਾਨ ਹੋਇਆ। ਕੂਕਾ ਲਹਿਰ ਦੇ ਬਾਨੀ ਗੁਰੂ ਰਾਮ ਸਿੰਘ ਨੇ ਜਿੱਥੇ ਸਮਾਜ ਸੁਧਾਰ ਲਈ ਕ੍ਰਾਂਤੀਕਾਰੀ ਕਦਮ ਉਠਾਏ, ਉੱਥੇ ਹੀ ਉਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਨਾ-ਮਿਲਵਰਤਨ ਅਤੇ ਸਵਦੇਸ਼ੀ ਦਾ ਅਜਿਹਾ ਹਥਿਆਰ ਵਰਤਿਆ, ਜਿਸ ਨਾਲ ਅੰਗਰੇਜ਼ ਅੰਦਰ ਤੱਕ ਕੰਬ ਗਏ।

ਨਾਮਧਾਰੀ ਲਹਿਰ ਦੀ ਵਧਦੀ ਲੋਕਪ੍ਰਿਅਤਾ ਦੇਖ ਕੇ ਮੰਡੀ ਕਲਾਂ ਦੇ ਗਿਆਨੀ ਰਤਨ ਸਿੰਘ ਭੈਣੀ ਸਾਹਿਬ ਗਏ ਅਤੇ ਗੁਰੂ ਰਾਮ ਸਿੰਘ ਵੱਲੋਂ ਗੁਰਸਿੱਖੀ ਪ੍ਰਚਾਰ, ਪ੍ਰਸਾਰ ਅਤੇ ਆਜ਼ਾਦੀ ਦੀ ਪ੍ਰਾਪਤੀ ਲਈ ਆਰੰਭੇ ਸੰਘਰਸ਼ ਕੂਕਾ ਅੰਦੋਲਨ ਵਿੱਚ ਕੁੱਦ ਪਏ। ਗੁਰੂ ਰਾਮ ਸਿੰਘ ਨੇ ਗਿਆਨੀ ਰਤਨ ਸਿੰਘ ਦੀ ਵਿਦਵਤਾ ਨੂੰ ਵੇਖਦਿਆਂ ਉਨ੍ਹਾਂ ਨੂੰ ਕੂਕਾ ਅੰਦੋਲਨ ਦਾ 'ਸੂਬਾ' ਥਾਪ ਦਿੱਤਾ। ਸੂਬਾ ਗਿਆਨੀ ਰਤਨ ਸਿੰਘ ਸਿੱਖੀ ਸਿਧਾਂਤਾਂ ਅਤੇ ਅੰਗਰੇਜ਼ਾਂ ਵਿਰੁੱਧ ਨਾ-ਮਿਲਵਰਤਣ ਦਾ ਪ੍ਰਚਾਰ ਕਰਨ ਵਾਲੇ ਪ੍ਰਮੁੱਖ ਸੂਬਿਆਂ 'ਚੋਂ ਸਰਗਰਮ ਹੋ ਕੇ ਨਿੱਤਰੇ। ਅੰਗਰੇਜ਼ ਸਰਕਾਰ ਦੀਆਂ ਜ਼ਿਆਦਤੀਆਂ ਵਿਰੁੱਧ ਸਖ਼ਤ ਪ੍ਰਚਾਰ ਕਰਨ ਕਰਕੇ ਸੂਬਾ ਗਿਆਨੀ ਰਤਨ ਸਿੰਘ ਅੰਗਰੇਜ਼ਾਂ ਦੀਆਂ ਨਜ਼ਰਾਂ 'ਚ ਰੜਕਣ ਲੱਗੇ।

15 ਜੁਲਾਈ 1871 ਨੂੰ ਰਾਏਕੋਟ ਦੇ ਬੁੱਚੜਖਾਨੇ 'ਤੇ ਹਮਲਾ ਹੋ ਗਿਆ, ਜੋ ਕਿ ਟਾਹਲੀਆਣਾ ਗੁਰਦੁਆਰੇ ਕੋਲ ਅੰਗਰੇਜ਼ਾਂ ਨੇ ਖੁੱਲ੍ਹਵਾਇਆ ਹੋਇਆ ਸੀ। ਇਸ ਦੋਸ਼ ਵਿੱਚ ਗਵਾਹੀਆਂ ਦੇ ਆਧਾਰ 'ਤੇ ਪਿੱਥੋ ਪਿੰਡ ਦੇ ਨਾਮਧਾਰੀ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਘਟਨਾ ਨਾਲ ਕੋਈ ਸਬੰਧ ਨਾ ਹੋਣ ਦੇ ਬਾਵਜੂਦ ਵੀ ਵਾਅਦਾਮੁਆਫ਼ ਗਵਾਹ ਗੁਲਾਬ ਸਿੰਘ ਨੇ ਗਿਆਨੀ ਰਤਨ ਸਿੰਘ 'ਤੇ ਝੂਠਾ ਦੋਸ਼ ਲਾ ਦਿੱਤਾ। ਸ਼ਹੀਦ ਗਿਆਨੀ ਰਤਨ ਸਿੰਘ ਅਤੇ ਉਸ ਦੇ ਸਾਥੀ ਰਤਨ ਸਿੰਘ ਨਾਈਵਾਲਾ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਰਾਏਕੋਟ ਘਟਨਾ ਨਾਲ ਸਬੰਧਤ ਨਾਮਧਾਰੀ ਸਿੰਘਾਂ ਨੂੰ 27 ਜੁਲਾਈ 1871 ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ ਗਈ ਅਤੇ ਗਿਆਨੀ ਰਤਨ ਸਿੰਘ ਅਤੇ ਰਤਨ ਸਿੰਘ ਨਾਈਵਾਲਾ ਨੂੰ 20 ਜੁਲਾਈ 1871 ਨੂੰ ਲੁਧਿਆਣਾ ਸੈਂਟਰਲ ਜੇਲ੍ਹ ਵਿੱਚ ਤਬਦੀਲ ਕਰ ਦਿੱਤਾ ਗਿਆ। ਜੱਜ ਕੇ. ਐਸ. ਕੈਂਪਬੈਲ ਤੇ ਜੱਜ ਲਿੰਡਸੇ ਨੇ 23 ਨਵੰਬਰ 1871 ਨੂੰ ਦੋਹਾਂ ਸਿੰਘਾਂ ਨੂੰ ਫਾਂਸੀ ਦੀ ਸਜ਼ਾ ਦੀ ਪੁਸ਼ਟੀ ਕਰ ਦਿੱਤੀ ਅਤੇ 26 ਨਵੰਬਰ 1871 ਨੂੰ ਦੋਵਾਂ ਸਿੰਘਾਂ ਨੂੰ ਲੁਧਿਆਣਾ ਸੈਂਟਰਲ ਜੇਲ੍ਹ ਦੇ ਅੱਗੇ ਫਾਂਸੀ ਦੇ ਦਿੱਤੀ ਗਈ।

*ਡਾ. ਲਖਵੀਰ ਸਿੰਘ ਨਾਮਧਾਰੀ*

## ਸ਼ਹੀਦੀ ਦਿਵਸ ਤੇ ਵਿਸ਼ੇਸ਼

# ਸਾਕਾ ਚਮਕੌਰ ਸਾਹਿਬ

ਮੁੱਢ-ਕਦੀਮ ਤੋਂ ਹੀ ਸੰਸਾਰ ਵਿਚ ਬਹੁਤ ਹੀ ਯੁੱਧ ਹੁੰਦੇ ਆਏ ਨੇ, ਪਰ ਚਮਕੌਰ ਸਾਹਿਬ ਦੀ ਧਰਤੀ 'ਤੇ ਦਸੰਬਰ, 1704 ਵਿਚ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਅਤੇ ਮੁਗਲ ਹਕੂਮਤ ਵਿਚਕਾਰ ਹੋਏ ਵਿਲੱਖਣ ਯੁੱਧ ਵਰਗਾ ਕੋਈ ਹੋਰ ਯੁੱਧ ਇਤਿਹਾਸ ਵਿਚ ਪੜ੍ਹਨ-ਸੁਣਨ ਵਿਚ ਨਹੀਂ ਮਿਲਦਾ। ਆਮ ਤੌਰ 'ਤੇ ਸੰਸਾਰ ਭਰ ਦੇ ਹੋਰ ਜੰਗਾਂ-ਯੁੱਧਾਂ ਦਾ ਮੂਲ ਕਾਰਨ ਇਹੋ ਮੰਨਿਆ ਜਾਂਦਾ ਰਿਹਾ ਹੈ-ਜ਼ਰ, ਜ਼ੋਰੂ ਤੇ ਜ਼ਮੀਨ। ਪਰ ਗੁਰੂ ਸਾਹਿਬਾਨ ਵੱਲੋਂ ਲੜੇ ਗਏ ਇਸ ਯੁੱਧ ਦਾ ਕਾਰਨ ਕਦਾਚਿੱਤ ਵੀ ਅਜਿਹਾ ਨਹੀਂ ਰਿਹਾ, ਸਗੋਂ ਗੌਰ ਨਾਲ ਝਾਤੀ ਮਾਰੀਏ ਤਾਂ ਸਤਿਗੁਰਾਂ ਨੇ ਸਦਾ ਹੀ ਹੱਕ-ਸੱਚ, ਮਨੁੱਖੀ ਕਦਰਾਂ-ਕੀਮਤਾਂ ਤੇ ਆਜ਼ਾਦੀ ਦੀ ਗੱਲ 'ਤੇ ਹੀ ਜ਼ੋਰ ਦਿੱਤਾ ਹੈ। ਉਨ੍ਹਾਂ ਨੇ ਜਬਰ-ਜ਼ੁਲਮ ਅਤੇ ਮਨੁੱਖੀ ਕਦਰਾਂ-ਕੀਮਤਾਂ ਨਾਲ ਖਿਲਵਾੜ ਕਰਨ ਵਾਲੇ ਹਰੇਕ ਗੁਨਾਹਗਾਰ ਨੂੰ ਪਹਿਲਾਂ ਤਾਂ ਪਿਆਰ, ਵੀਚਾਰ ਅਤੇ ਸਦਾਚਾਰ ਨਾਲ ਸਮਝਾਉਣ ਦੀ ਪਹਿਲਕਦਮੀ ਕੀਤੀ, ਪਰ ਫਿਰ ਵੀ ਜਦੋਂ ਵਿਰੋਧੀ ਇਸ ਸਭ ਤੋਂ ਉਲਟ ਤਕਰਾਰ ਕਰਨ ਲੱਗੇ ਤਾਂ ਗੁਰੂ ਜੀ ਨੇ ਉਨ੍ਹਾਂ ਜ਼ਾਲਮਾਂ ਨੂੰ ਤਲਵਾਰ ਦੀ ਤੇਜ਼ ਧਾਰ ਦੇ ਨਾਲ ਸਮਝਾਇਆ।

*'ਚੂ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸਤ ॥*
*ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ ॥'*

*(ਜ਼ਫਰਨਾਮਾ ਵਿਚੋਂ)*

ਆਓ ਸਿੱਖ ਇਤਿਹਾਸ ਵਿਚ ਸੰਨ 1704 ਵਿਚ ਪੋਹ ਮਹੀਨੇ ਦੀਆਂ ਕਕਰੀਲੀਆਂ ਰਾਤਾਂ ਦੇ ਉਨ੍ਹਾਂ ਪੰਨਿਆਂ ਨੂੰ ਫਰੋਲਣ ਦੀ ਕੋਸ਼ਿਸ਼ ਕਰੀਏ, ਜਦੋਂ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਨੂੰ ਸਦਾ-ਸਦਾ ਲਈ ਅਲਵਿਦਾ ਕਹਿ ਕੇ ਮੇਰੇ ਪਾਤਸ਼ਾਹ ਧੰਨ ਗੁਰੂ ਗੋਬਿੰਦ ਸਿੰਘ ਜੀ ਸਰਸਾ ਨਦੀ ਦੇ ਤੇਜ਼ ਵਹਾਓ ਵਾਲੇ ਪਾਣੀ 'ਚ ਸਾਰਾ ਸਿੱਖ ਪਰਿਵਾਰ ਖੇਰੂੰ-ਖੇਰੂੰ ਕਰਵਾ ਕੇ ਅਤੇ ਹੱਥ-ਲਿਖਤਾਂ ਦੇ ਵਡਮੁੱਲੇ ਖਜ਼ਾਨੇ ਸਮੇਤ ਬਹੁਤ ਸਾਰਾ ਜਾਨੀ-ਮਾਲੀ ਨੁਕਸਾਨ ਕਰਵਾ ਕੇ ਆਪਣੇ ਦੋ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਅਤੇ ਹੋਰ 40 ਕੁ ਸਿੰਘਾਂ ਸਮੇਤ ਰੋਪੜ ਦੇ ਰਾਹ ਬੁੱਧੀ ਚੰਦ ਦੀ ਕੱਚੀ ਹਵੇਲੀ ਵਿਚ ਜਾ ਪਹੁੰਚੇ।

ਗੁਰੂ ਜੀ ਬੁੱਧੀ ਚੰਦ ਦੀ ਕੱਚੀ ਗੜ੍ਹੀ ਨੂੰ ਵੇਖ ਕੇ ਮੁਸਕਰਾਏ ਤੇ ਭਾਈ ਦਯਾ ਸਿੰਘ ਨੂੰ ਮਨ ਹੀ ਮਨ ਕੁਝ ਕਹਿ ਰਹੇ ਸਨ, ਜਿਸ ਬਾਰੇ ਕਵੀ ਅੱਲਾ ਯਾਰ ਖਾਂ ਜੋਗੀ ਨੇ ਇਉਂ ਵਰਨਣ ਕੀਤਾ ਹੈ :

*'ਜਿਸ ਖਿੱਤੇ ਮੇਂ ਹਮ ਕਹਿਤੇ ਥੇ ਆਨਾ, ਯਿਹ ਵੁਹੀ ਹੈ।*
*ਕਲ ਲੁੱਟ ਕੇ ਜਿਸ ਜਗਹ ਸੇ ਜਾਨਾ, ਯਿਹ ਵੁਹੀ ਹੈ।*
*ਜਿਸ ਜਾ ਪਿ ਹੈ ਬੱਚੋਂ ਕੋ ਕਟਾਨਾ, ਯਿਹ ਵੁਹੀ ਹੈ।*
*ਮੱਟੀ ਕਹਿ ਦੇਤੀ ਹੈ ਠਿਕਾਨਾ, ਯਿਹ ਵੁਹੀ ਹੈ।'*

*(ਗੰਜਿ ਸ਼ਹੀਦਾਂ)*

ਰਾਤ ਦਾ ਪਸਾਰਾ ਹੋ ਚੁੱਕਾ ਸੀ। ਸਿਆਣਿਆਂ ਦਾ ਕਥਨ ਹੈ ਕਿ ਮੌਤ ਸਾਹਮਣੇ ਦਿਸਦੀ ਹੋਵੇ ਤਾਂ ਨੀਂਦ ਉੱਡ ਜਾਂਦੀ ਹੈ। ਪਰ ਥੱਕੇ-ਟੁੱਟੇ ਸਿੰਘ ਜਿਵੇਂ ਵੀ ਸਨ, ਇਹ ਸਭ ਜਾਣਦੇ ਹੋਏ ਵੀ ਕਿ ਸਵੇਰੇ ਕੀ ਭਾਣਾ ਵਰਤਣਾ ਹੈ, ਪਾਤਸ਼ਾਹ ਕੱਲ੍ਹ ਸਵੇਰੇ ਹੋਣ ਵਾਲੀ ਜੰਗ ਦੀ ਸਾਰ ਜਾਣਦੇ ਹਨ ਕਿ ਸ਼ਾਇਦ ਕੱਲ੍ਹ ਨੂੰ ਇਹ ਸਾਰੇ ਪਿਆਰੇ ਸਿੰਘ ਧਰਮ ਦੀ ਖਾਤਰ ਸ਼ਹੀਦੀਆਂ ਪਾ ਜਾਣਗੇ। ਫਿਰ ਪਾਤਸ਼ਾਹ ਉੱਠ ਕੇ ਆਪਣੇ-ਆਪ ਹੀ ਹਵੇਲੀ ਦੀਆਂ ਚੌਹਾਂ ਬਾਹੀਆਂ ਵੱਲ ਘੁੰਮ ਕੇ ਅਗਲੇ ਦਿਨ ਹੋਣ ਵਾਲੀ ਜੰਗ ਦੇ ਮੁਕਾਬਲੇ ਲਈ ਸਰਵੇਖਣ ਕਰਦੇ ਹਨ।



ਚਮਕੌਰ ਦੀ ਗੜ੍ਹੀ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ

ਦਿਨ ਦਾ ਚੜ੍ਹਾਅ ਹੋਇਆ। ਦੁਸ਼ਮਣਾਂ ਦੀ ਫੌਜ ਹਵੇਲੀ ਨੂੰ ਘੇਰਾ ਪਾਈ ਹਮਲਾ ਕਰਨ ਲਈ ਤਿਆਰ ਖੜ੍ਹੀ ਸੀ। ਕਵੀ ਜੋਗੀ ਜੀ ਲਿਖਦੇ ਹਨ :

*'ਅ ਅਦਾ ਕੀ ਫੌਜ ਕੇ ਨਾ ਸ਼ੁਮਾਰੋ-ਹਿਸਾਬ ਥੇ।*
*ਸਰਦਾਰਿ-ਫ਼ੌਜ ਏਕ ਨਹੀਂ ਦੋ ਨਵਾਬ ਥੇ।*
*ਰਾਜੇ ਕਈ ਪਹਾੜ ਕੇ ਭੀ ਹਮ-ਰਕਾਬ ਥੇ।'*

ਦੁਸ਼ਮਣ ਦੀ ਫ਼ੌਜ ਦਾ ਵਿਸ਼ਾਲ ਘੇਰਾ ਵੇਖ ਕੇ ਗੁਰੂ ਪਾਤਸ਼ਾਹ ਨੇ ਸਿੰਘਾਂ ਨੂੰ ਸੰਬੋਧਨ ਹੁੰਦੇ ਹੋਏ ਕਿਹਾ-'ਮੇਰੇ ਪਿਆਰਿਓ, ਅੱਜ ਸਿੱਖੀ ਦਾ ਇਮਤਿਹਾਨ ਹੈ। ਅੱਜ ਦੀ ਜੰਗ ਵਿਚ ਤੁਸੀਂ ਸਿੱਧ ਕਰਨਾ ਹੈ ਕਿ ਇਕੱਲਾ-ਇਕੱਲਾ ਸਿੰਘ ਸਵਾ ਲੱਖ ਦੇ ਬਰਾਬਰ ਹੈ। ਮਾਲਕ ਅੱਗੇ ਅਰਦਾਸ ਕਰੀਏ ਕਿ ਅਸੀਂ ਸਾਰੇ ਏਸ ਇਮਤਿਹਾਨ ਦੀ ਘੜੀ 'ਚ ਪੂਰੇ ਉਤਰੀਏ।' ਤੇ ਫਿਰ ਸਤਿਗੁਰਾਂ ਨੇ ਵਿਉਂਤ ਅਨੁਸਾਰ ਹਵੇਲੀ ਦੀਆਂ ਚੌਹਾਂ ਬਾਹੀਆਂ 'ਤੇ 8-8 ਸਿੰਘਾਂ ਨੂੰ ਮੋਰਚੇ 'ਤੇ ਬਿਠਾ ਦਿੱਤਾ, ਹੋਰ ਦੋ ਹਵੇਲੀ ਦੇ ਮੁੱਖ ਦੁਆਰ 'ਤੇ ਅਤੇ ਦੋ ਹੋਰ ਹਵੇਲੀ ਦੇ ਵਿਹੜੇ ਵਿਚ ਪਹਿਰਾ ਦੇਣ ਲਈ ਲਾ ਦਿੱਤੇ। ਸਤਿਗੁਰੂ ਜੀ ਆਪ ਭਾਈ ਦਯਾ ਸਿੰਘ, ਭਾਈ ਮੋਹਕਮ ਸਿੰਘ, ਭਾਈ ਸਾਹਿਬ ਸਿੰਘ, ਭਾਈ ਹਿੰਮਤ ਸਿੰਘ ਸਮੇਤ ਦੋਵੇਂ ਸਹਿਬਜ਼ਾਦਿਆਂ ਹਵੇਲੀ ਦੀ ਛੱਤ ਉੱਪਰ ਡਟ ਗਏ। ਹਵੇਲੀ ਵੱਲ ਵਧਦੇ ਦੁਸ਼ਮਣਾਂ ਨੂੰ ਰੋਕਣ ਲਈ ਗੁਰੂ ਜੀ ਨੇ ਤੀਰਾਂ ਦੀ ਬੌਛਾੜ ਕੀਤੀ।

ਮੁਗਲ ਸਰਦਾਰ ਨਾਹਰ ਖਾਂ ਕੰਧ ਦੀ ਓਟ ਲੈ ਕੇ ਹਵੇਲੀ ਦੀ ਕੰਧ ਚੜ੍ਹਨ ਲੱਗਾ ਤਾਂ ਸਤਿਗੁਰਾਂ ਦੇ ਇਕੋ ਤੀਰ ਦੀ ਬਖਸ਼ਿਸ਼ ਨਾਲ ਉਹ ਥਾਏਂ ਢੇਰੀ ਹੋ ਗਿਆ। ਮੁਗਲ ਸੈਨਾ ਤਾਂ ਇਕ ਵਾਰ ਠਠੰਬਰ ਗਈ ਤੇ ਪਿੱਛੇ ਨੂੰ ਭੱਜਣ ਲੱਗੀ। ਉਂਜ ਵੀ ਹਵੇਲੀ ਦੀ ਛੱਤ ਤੋਂ ਹੋ ਰਹੀ ਤੀਰਾਂ ਤੇ ਗੋਲੀਆਂ ਦੀ ਬੌਛਾੜ ਨਾਲ ਹਵੇਲੀ ਦੇ ਬਾਹਰ ਮੁਗਲ ਸਿਪਾਹੀਆਂ ਦੀਆਂ ਲੋਥਾਂ ਦੇ ਢੇਰ ਲੱਗ ਰਹੇ ਸਨ। ਆਪਣੀਆਂ ਫੌਜਾਂ ਦਾ ਭਾਰੀ ਨੁਕਸਾਨ ਹੁੰਦਾ ਵੇਖ ਕੇ ਮੁਗਲ ਜਰਨੈਲਾਂ ਨੇ ਆਪਣੀ ਫੌਜ ਨੂੰ ਹੁਕਮ ਦਿੱਤਾ ਕਿ ਇਕੋ ਵੇਲੇ ਹਮਲਾ ਕਰਕੇ ਹਵੇਲੀ ਦਾ ਦਰਵਾਜ਼ਾ ਤੋੜ ਦਿਓ। ਹਵੇਲੀ ਦੇ ਦਰਵਾਜ਼ੇ 'ਤੇ ਖੜ੍ਹੇ ਭਾਈ ਮਦਨ ਸਿੰਘ ਅਤੇ ਭਾਈ ਕਾਠਾ ਸਿੰਘ ਨੇ ਬੜੀ ਹੀ ਬਹਾਦਰੀ ਨਾਲ ਮੁਕਾਬਲਾ ਕੀਤਾ ਤੇ ਕਈ ਮੁਗਲ ਜਰਨੈਲਾਂ ਨੂੰ ਪਾਰ ਬੁਲਾਉਂਦੇ ਹੋਏ ਆਪ ਵੀ ਸ਼ਹੀਦੀਆਂ ਪਾ ਗਏ। ਹੁਣ ਭਾਈ ਸ਼ੇਰ ਸਿੰਘ ਅਤੇ ਭਾਈ ਨਾਹਰ ਸਿੰਘ ਦਰਵਾਜ਼ੇ 'ਤੇ ਪਹਿਰੇਦਾਰ ਆ ਖਲੋਤੇ। ਮੁਗਲ ਫੌਜ ਦਾ ਘੇਰਾ ਤੰਗ ਹੁੰਦਾ ਵੇਖ ਕੇ ਸਿੰਘਾਂ ਨੇ ਗੁਰੂ ਜੀ ਪਾਸ ਬੇਨਤੀ ਕੀਤੀ-'ਪਾਤਸ਼ਾਹ ਜੀਓ ! ਤੁਸੀਂ ਸਾਹਿਬਜ਼ਾਦਿਆਂ ਨੂੰ ਨਾਲ ਲੈ ਕੇ ਗੜ੍ਹੀ 'ਚੋਂ ਨਿਕਲ ਜਾਓ।' ਪਰ ਧੰਨ ਗੁਰੂ ਗੋਬਿੰਦ ਸਿੰਘ ਮੁਸਕਰਾਅ ਕੇ ਕਹਿਣ ਲੱਗੇ-'ਭੋਲਿਓ ! ਤੁਸੀਂ ਕਿਹੜੇ ਸਾਹਿਬਜ਼ਾਦਿਆਂ ਦੀ ਗੱਲ ਪਏ ਕਰਦੇ ਓ ? ਤੁਸੀਂ ਸਾਰੇ ਸਿੱਖ ਮੇਰੇ ਸਪੁੱਤਰ ਹੋ।'

ਹੁਣ ਤੱਕ ਬਹੁਤ ਸਾਰੇ ਸਿੰਘ ਆਹਮੋ-ਸਾਹਮਣੀ ਲੜਾਈ 'ਚ ਸ਼ਹੀਦੀਆਂ ਪਾ ਚੁੱਕੇ ਸਨ। ਇਹ ਵੇਖ ਕੇ ਸਾਹਿਬਜ਼ਾਦਾ ਅਜੀਤ ਸਿੰਘ ਨੇ ਪਿਤਾ ਗੁਰੂ ਕੋਲ ਆ ਕੇ ਬੇਨਤੀ ਕੀਤੀ-'ਪਿਤਾ ਜੀ, ਮੈਨੂੰ ਵੀ ਆਗਿਆ ਦਿਓ... ਮੈਂ ਵੀ ਰਣ ਵਿਚ ਜਾ ਕੇ ਵੈਰੀਆਂ ਦੇ ਆਹੂ ਲਾਹਵਾਂ।' ਗੁਰੂ ਜੀ ਨੇ ਅਜੀਤ ਸਿੰਘ ਦਾ ਮੱਥਾ ਚੁੰਮਿਆ, ਫਿਰ ਛਾਤੀ ਨਾਲ ਲਾਇਆ ਅਤੇ ਹਥਿਆਰਬੰਦ ਕਰਕੇ ਰਣ ਵਿਚ ਜਾਣ ਦੀ ਆਗਿਆ ਦਿੱਤੀ। ਪੰਜ ਸਿੰਘਾਂ ਦੇ ਜਥੇ ਸਮੇਤ ਬਾਬਾ ਅਜੀਤ ਸਿੰਘ ਨੇ ਦੁਸ਼ਮਣਾਂ ਦੇ ਐਸੇ ਆਹੂ ਲਾਹੇ ਕਿ ਮੁਗਲ ਫੌਜਾਂ ਅਲੀ-ਅਲੀ ਕਰਦੀਆਂ ਪਿਛਾਂਹ ਨੂੰ ਭੱਜੀਆਂ। ਆਖਰ ਮੁਗਲ ਫੌਜਾਂ ਦੇ ਇਕ ਵੱਡੇ ਕਾਫਲੇ ਨੇ ਸਾਹਿਬਜ਼ਾਦੇ ਨੂੰ ਘੇਰ ਲਿਆ ਤੇ ਉਹ ਮੈਦਾਨੇ-ਜੰਗ 'ਚ ਸ਼ਹਾਦਤ ਪ੍ਰਾਪਤ ਕਰ ਗਏ। ਸਾਹਿਬਜ਼ਾਦੇ ਨੂੰ ਸ਼ਹਾਦਤ ਪ੍ਰਾਪਤ ਕਰਦਿਆਂ ਵੇਖ ਮੇਰੇ ਪਾਤਸ਼ਾਹ ਨੇ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ-'ਹੇ ਮਾਲਕ ਤੇਰਾ ਸ਼ੁਕਰ ਹੈ, ਜੋ ਅਜੀਤ ਸਿੰਘ ਨੇ ਧਰਮ ਦੀ ਖਾਤਰ ਸ਼ਹਾਦਤ ਪ੍ਰਾਪਤ ਕੀਤੀ ਹੈ।'



ਸਾਕਾ ਚਮਕੌਰ ਸਾਹਿਬ ਦੀ ਜੰਗ ਦਾ ਇਕ ਚਿੱਤਰ

ਦੂਸਰੇ ਪਾਸੇ ਵੱਡੇ ਵੀਰ ਦੀ ਸ਼ਹਾਦਤ ਵੇਖ ਕੇ ਸਾਹਿਬਜ਼ਾਦਾ ਜੁਝਾਰ ਸਿੰਘ ਵੀ ਗੁਰੂ ਜੀ ਪਾਸ ਆ ਕੇ ਬੇਨਤੀ ਕਰਨ ਲੱਗੇ-'ਪਿਤਾ ਜੀਓ, ਮੈਨੂੰ ਵੀ ਜੰਗ ਦੇ ਮੈਦਾਨ 'ਚ ਜੂਝਣ ਦੀ ਆਗਿਆ ਦਿਓ। ਮੈਂ ਵੀ ਵੱਡੇ ਵੀਰ ਵਾਂਗ ਸ਼ਹੀਦੀ ਜਾਮ ਪੀਣਾ ਚਾਹੁੰਦਾ ਹਾਂ। ਮੈਂ ਵਾਅਦਾ ਕਰਦਾ ਹਾਂ ਕਿ ਦਾਦਾ ਜੀ ਤੇ ਪੜਦਾਦਾ ਜੀ ਦੇ ਨਾਂਅ ਨੂੰ ਲਾਜ ਨਹੀਂ ਲੱਗਣ ਦੇਵਾਂਗਾ।' ਬਾਬਾ ਜੁਝਾਰ ਸਿੰਘ ਦਾ ਜਜ਼ਬਾ ਵੇਖ ਕੇ ਸਤਿਗੁਰੂ ਜੀ ਦੋਵੇਂ ਹੱਥ ਜੋੜ ਕੇ ਮਾਲਕ ਅੱਗੇ ਜੋਦੜੀ ਕਰਦੇ ਹੋਏ ਵੈਰਾਗ ਵਿਚ ਬੇਨਤੀ ਕਰਨ ਲੱਗੇ-'ਹੇ ਮਾਲਕ, ਮੈਂ ਇਸੇ ਸਮੇਂ ਦੀ ਉਡੀਕ ਵਿਚ ਸਾਂ ਕਿ ਸ਼ਹੀਦ ਪਿਤਾ ਦਾ ਪੁੱਤਰ ਹੋਣ ਦੇ ਨਾਲ-ਨਾਲ ਮੈਂ ਸ਼ਹੀਦ ਪੁੱਤਰਾਂ ਦਾ ਪਿਤਾ ਅਖਵਾਉਣ ਦਾ ਮਾਣ ਹਾਸਲ ਕਰ ਸਕਾਂ।' ਬਾਬਾ ਜੁਝਾਰ ਸਿੰਘ ਨੂੰ ਵੀ ਪਿਤਾ ਗੁਰੂ ਨੇ ਹੱਥੀਂ ਤਿਆਰ ਕਰਕੇ ਜੰਗ ਦੇ ਮੈਦਾਨ ਨੂੰ ਤੋਰਿਆ ਅਤੇ ਉਹ ਵੀ ਵੱਡੇ ਵੀਰ ਵਾਂਗ ਵੈਰੀਆਂ ਦੇ ਆਹੂ ਲਾਹੁੰਦਾ ਹੋਇਆ ਸ਼ਹਾਦਤ ਦਾ ਜਾਮ ਪੀ ਗਿਆ।

ਦੁਨੀਆ ਦੇ ਇਤਿਹਾਸ ਵਿਚ ਸ਼ਾਇਦ ਹੀ ਕੋਈ ਐਸਾ ਪਿਤਾ ਹੋਵੇਗਾ, ਜਿਸ ਨੇ ਆਪਣੇ ਹੱਥੀਂ ਤਿਆਰ ਕਰਕੇ ਆਪਣੇ ਪੁੱਤਰਾਂ ਨੂੰ ਸ਼ਹਾਦਤ ਦੇ ਜਾਮ ਪੀਣ ਲਈ ਜੰਗ ਦੇ ਮੈਦਾਨ ਵੱਲ ਤੋਰਿਆ ਹੋਵੇ। ਵੇਖਣ ਵਿਚ ਤਾਂ ਇਹੋ ਹੀ ਆਉਂਦਾ ਰਿਹਾ ਹੈ ਕਿ ਆਪਣੇ ਪੁੱਤਰਾਂ ਨੂੰ ਰਾਜ-ਭਾਗ 'ਤੇ ਬਿਠਾਉਣ ਲਈ ਦੂਸਰਿਆਂ ਦੇ ਪੁੱਤਰਾਂ ਨੂੰ ਜੰਗ ਵੱਲ ਧਕੇਲਿਆ ਜਾਂਦਾ ਰਿਹਾ।

ਪੰਜਾਂ ਵਿਚੋਂ ਤਿੰਨ ਪਿਆਰੇ ਤੇ ਦੋ ਵੱਡੇ ਪੁੱਤਰਾਂ ਦੀ ਸ਼ਹਾਦਤ ਤੋਂ ਬਾਅਦ ਹੁਣ ਮੇਰੇ ਦਾਤਾਰ ਪਿਤਾ ਜੀ ਆਪ ਜੰਗ ਦੇ ਮੈਦਾਨ ਵਿਚ ਸ਼ਹੀਦੀ ਪਾਉਣ ਲਈ ਜਾਣ ਲੱਗੇ ਤਾਂ ਸਿੰਘਾਂ ਨੇ ਖਾਲਸਾ ਪੰਥ ਦਾ ਹੁਕਮ ਦੇ ਕੇ ਉਨ੍ਹਾਂ ਨੂੰ ਰੋਕ ਲਿਆ। ਖਾਲਸਾ-ਪੰਥ ਦੇ ਹੁਕਮ ਦੀ ਤਾਮੀਲ ਕਰਦਿਆਂ ਸਤਿਗੁਰੂ ਆਪਣੇ ਹਮਉਮਰ ਤੇ ਹਮਸ਼ਕਲ ਭਾਈ ਸੰਗਤ ਸਿੰਘ ਦੇ ਸਿਰ 'ਤੇ ਕਲਗੀ-ਤੋੜਾ ਸਜਾਅ ਕੇ ਭਾਈ ਦਯਾ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਸਮੇਤ ਚਮਕੌਰ ਦੀ ਗੜ੍ਹੀ 'ਚੋਂ ਨਿਕਲ ਗਏ।

ਧੰਨ ਹਨ ਉਹ ਸੂਰਮੇ ਜੋ ਧਰਮ ਦੀ ਖਾਤਰ ਸ਼ਹਾਦਤਾਂ ਪਾ ਕੇ ਚਮਕੌਰ ਦੀ ਕੱਚੀ ਗੜ੍ਹੀ ਨੂੰ ਇਤਿਹਾਸ ਦੇ ਪੰਨਿਆਂ 'ਤੇ ਰਹਿੰਦੀ ਦੁਨੀਆ ਤੱਕ ਪੱਕਿਆਂ ਕਰ ਗਏ। ਦੁਨੀਆ ਦੇ ਨਕਸ਼ੇ 'ਤੇ ਕੋਈ ਅਜਿਹਾ ਪਵਿੱਤਰ ਅਸਥਾਨ ਨਹੀਂ ਹੋਵੇਗਾ, ਜਿਥੇ ਕਿਸੇ ਬਾਪ ਨੇ ਧਰਮ ਦੀ ਖਾਤਰ ਆਪਣੇ ਬੇਟੇ ਕੁਰਬਾਨ ਕਰ ਦਿੱਤੇ ਹੋਣ।

*'ਬੱਸ ਏਕ ਹਿੰਦ ਮੇਂ ਤੀਰਥ ਹੈ, ਯਾਤ੍ਰਾ ਕੇ ਲਿਯੇ।*
*ਕਟਾਏ ਬਾਪ ਨੇ ਬੱਚੇ ਜਹਾਂ, ਖ਼ੁਦਾ ਕੇ ਲਿਯੇ।'*

*-ਦਿਲਜੀਤ ਸਿੰਘ ਅੰਮ੍ਰਿਤਸਰ*

# ਸ਼੍ਰੋਮਣੀ ਅਕਾਲੀ ਦਲ ਦਾ ਇਕ ਸਦੀ ਦਾ ਇਤਿਹਾਸ

## 1920 ਤੋਂ 2020

## ਵਾਪਰਦਾ ਸਾਗਰ ਸਮਾਨ ਹੈ ਪਰ ਲਿਖਤ ਵਿਚ ਬੂੰਦ ਸਮਾਨ ਆਉਂਦਾ ਹੈ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**



ਗਿਆਨੀ ਸੰਤੋਖ ਸਿੰਘ

ਸਿੱਖਾਂ ਦੇ ਹਿਰਦਿਆਂ ਅੰਦਰ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਸੁਧਾਰਨ ਵਾਸਤੇ ਵਿਚੇ ਵਿਚ ਕਸ਼ਮਕਸ਼ ਤਾਂ ਚਿਰਾਂ ਤੋਂ ਚੱਲ ਹੀ ਰਹੀ ਸੀ। ਇਸ ਤੋਂ ਪਹਿਲਾਂ ਭਾਰੀ ਜਦੋ ਜਹਿਦ ਨਾਲ ਦੋ ਗੁਰਦੁਆਰਿਆਂ, ਲਾਹੌਰ ਵਿਚ ਦੁਮਾਲਾ ਸਾਹਿਬ ਅਤੇ ਸਿਆਲਕੋਟ ਵਿਚ ਬੇਰ ਸਾਹਿਬ ਦਾ ਪ੍ਰਬੰਧ ਮਹੰਤਾਂ ਤੋਂ, ਸਿਖਾਂ ਦੀਆਂ ਪ੍ਰਬੰਧਕ ਕਮੇਟੀਆਂ ਨੇ ਸੰਭਾਲ਼ ਲਿਆ ਹੋਇਆ ਸੀ। ਇਸ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ, ਡਾ. ਗੁਰਬਖ਼ਸ਼ ਸਿੰਘ ਨੇ ਸਿੱਖ ਪੰਥ ਦੇ ਨਾਂ ਇਕ ਚਿਠੀ ਲਿਖ ਕੇ, 15 ਨਵੰਬਰ 1920 ਵਾਲੇ ਦਿਨ, ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਹਜ਼ੂਰੀ ਵਿਚ ਇਕੱਠ ਸੱਦ ਲਿਆ। ਇਸ ਭਾਰੀ ਪੰਥਕ ਇਕੱਠ ਵਿਚ, 175 ਮੈਂਬਰਾਂ ਦੀ ਇਕ ਕਮੇਟੀ ਚੁਣੀ ਗਈ। ਇਸ ਤੋਂ ਦੋ ਕੁ ਦਿਨ ਪਹਿਲਾਂ ਅੰਗ੍ਰੇਜ਼ ਸਰਕਾਰ ਨੇ, ਪਟਿਆਲੇ ਦੇ ਮਹਾਂਰਾਜਾ ਭੂਪਿੰਦਰ ਸਿੰਘ ਦੀ ਸਲਾਹ ‘ਤੇ, ਆਪਣੇ ਪੱਖੀ ਸਿੱਖਾਂ ਦੀ ਜੇਹੜੀ 36 ਮੈਂਬਰੀ ਕਮੇਟੀ ਬਣਾ ਲਈ ਸੀ, ਉਹ ਸਾਰੀ ਕਮੇਟੀ ਵੀ ਇਸ 175 ਵਾਲੀ ਕਮੇਟੀ ਵਿਚ ਸ਼ਾਮਲ ਕਰ ਲਈ ਗਈ ਤਾਂ ਕਿ ਇਸ ਮਸਲੇ ‘ਤੇ ਸਰਕਾਰ ਨਾਲ ਟੱਕਰ ਨਾ ਹੋ ਜਾਵੇ ਤੇ ਇਸ ਤੋਂ ਵੀ ਵੱਧ ਕੇ, ਸਮੇ ਦੇ ਪੰਥਕ ਆਗੂਆਂ ਨੇ ਹੋਰ ਵੀ ਸਿਆਣਪ ਇਹ ਕੀਤੀ ਕਿ ਸਰਕਾਰੀ ਕਮੇਟੀ ਦੇ ਹੀ, ਸਰ ਸੁੰਦਰ ਸਿੰਘ ਮਜੀਠੀਆ ਨੂੰ ਪ੍ਰਧਾਨ, ਸ. ਹਰਬੰਸ ਸਿੰਘ ਅਟਾਰੀ ਨੂੰ ਮੀਤ ਪ੍ਰਧਾਨ ਅਤੇ ਸ. ਸੁੰਦਰ ਸਿੰਘ ਰਾਮਗੜ੍ਹੀਆ ਨੂੰ ਹੀ ਸਕੱਤਰ ਬਣਾ ਲਿਆ ਗਿਆ। ਇਸ ਤਰ੍ਹਾਂ ਇਸ ਨਵੀਂ ਕਮੇਟੀ ਦੇ ਪਹਿਲੇ ਤਿੰਨ ਮੁਖ ਅਹੁਦੇਦਾਰ ਵੀ ਸਰਕਾਰੀ ਕਮੇਟੀ ਵਾਲੇ ਹੀ ਬਣਾ ਲਏ। ਨਵੀਂ ਕਮੇਟੀ ਦੇ ਸਕੱਤਰ ਸ. ਸੁੰਦਰ ਸਿੰਘ ਰਾਮਗੜ੍ਹੀਆ ਉਸ ਸਮੇਂ ਪਹਿਲਾਂ ਹੀ ਸਰਕਾਰ ਵੱਲੋਂ ਥਾਪੇ ਹੋਏ ਸ੍ਰੀ ਦਰਬਾਰ ਸਾਹਿਬ ਜੀ ਦੇ ਸਰਬਰਾਹ, ਅਰਥਾਤ ਮੁਖ ਪ੍ਰਬੰਧਕ ਸਨ। ਸਿਰਫ ਇਕ ਮੀਤ ਸਕੱਤਰ ਪ੍ਰਿੰਸੀਪਲ ਬਾਵਾ ਹਰਕਿਸ਼ਨ ਸਿੰਘ ਜੀ ਹੀ ਨਵਿਆਂ ਵਿਚੋਂ ਲਏ ਗਏ।

ਫਿਰ ਇਹ ਵਿਚਾਰ ਹੋਈ ਕਿ ਗੁਰਦੁਆਰਿਆਂ ਦਾ ਪ੍ਰਬੰਧ ਮਹੰਤਾਂ ਪਾਸੋਂ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਵਾਲੇ ਕਰਨ ਵਾਸਤੇ ਕੋਈ ਜਥਾ ਬਣਾਇਆ ਜਾਵੇ ਜੇਹੜਾ ਇਸ ਕਾਰਜ ਵਿਚ ਕਮੇਟੀ ਦੀ ਸਹਾਇਤਾ । ਕਰੇ। ਏਥੋਂ ਹੀ ਆਰੰਭ ਹੁੰਦਾ ਹੈ ਇਤਿਹਾਸ ਸ਼੍ਰੋਮਣੀ ਅਕਾਲੀ ਦਲ ਦਾ। 14 ਦਸੰਬਰ, 1920 ਵਾਲੇ ਦਿਨ, ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਹਜ਼ੂਰੀ ਵਿਚ, ਸ਼੍ਰੋਮਣੀ ਅਕਾਲੀ ਦਲ ਦੀ ਸਿਰਜਣਾ ਕੀਤੀ ਗਈ ਤੇ ਇਸ ਦੀ ਚੋਣ 23-24 ਜਨਵਰੀ, 1921 ਵਾਲੇ ਦਿਨ ਹੋਈ। ਇਸ ਦੇ ਪਹਿਲੇ ਪ੍ਰਧਾਨ ਬਣਨ ਦਾ ਸੁਭਾਗ, ਝਬਾਲ ਪਿੰਡ ਦੇ ਵਾਸੀ ਸ. ਸਰਮੁਖ ਸਿੰਘ ਨੂੰ ਪ੍ਰਾਪਤ ਹੋਇਆ। ਇਹ ਆਪਣੇ ਦੂਜੇ ਦੋਹਾਂ ਭਰਾਵਾਂ, ਸ. ਅਮਰ ਸਿੰਘ ਅਤੇ ਸ. ਜਸਵੰਤ ਸਿੰਘ ਸਮੇਤ, ਉਸ ਸਮੇਂ ਗੁਰਦੁਆਰਾ ਸੁਧਾਰ ਲਹਿਰ ਦੇ ਮੋਹਰੀਆਂ ਵਿਚੋਂ ਸਨ।

ਇਸ ਜਥੇਬੰਦੀ ਦਾ ਨਾਂ, ਸ. ਹਰਚੰਦ ਸਿੰਘ ਲਾਇਲਪੁਰੀ ਅਤੇ ਮਾਸਟਰ ਸੁੰਦਰ ਸਿੰਘ ਵੱਲੋਂ ਮਈ, 1920 ਵਿਚ ਸ਼ੁਰੂ ਕੀਤੀ ਗਈ ‘ਅਕਾਲੀ ਅਖ਼ਬਾਰ ਦੇ ਪਾਠਕਾਂ



ਵਿਚ ਪੈਦਾ ਹੋਈ, ਆਪਸੀ ਸਾਂਝ ਵਿਚੋਂ ਪੈਦਾ ਹੋਏ ਪੰਥਕ ਜਜ਼ਬੇ ਤੋਂ ਪ੍ਰੇਰਤ ਹੋ ਕੇ, ਸ਼੍ਰੋਮਣੀ ਅਕਾਲੀ ਦਲ’ ਰੱਖਿਆ ਗਿਆ। ਉਹਨੀਂ ਦਿਨੀਂ ਇਸ ਅਖ਼ਬਾਰ ਦੇ ਪਾਠਕਾਂ ਵੱਲੋਂ ਪੰਜਾਬ ਦੇ ਵਾਤਾਵਰਨ ਵਿਚ ਆਪ ਮੁਹਾਰੇ ਹੀ ਅਕਾਲ, ਅਕਾਲ ਦੇ ਆਵਾਜ਼ ਸੁਣਾਈ ਦੇਣ ਲੱਗ ਪਏ ਸਨ ਅਤੇ ਇਹਨਾਂ ਦੀ ਆਪਸ ਵਿਚ ਵਿਚਾਰਾਂ ਦੀ ਸਾਂਝ ਬਣ ਚੁੱਕੀ ਸੀ। ਇਸ ਅਖ਼ਬਾਰ ਨੇ ਸਿੱਖਾਂ ਵਿਚ ਸਿੱਖੀ, ਪੰਥਕ ਜਜ਼ਬੇ, ਆਪਣੇ ਗੁਰਧਾਮਾਂ ਦੇ ਪ੍ਰਬੰਧ ਦੇ ਸੁਧਾਰ, ਦੇਸ਼ ਦੀ ਆਜ਼ਾਦੀ, ਕੌਮੀ ਏਕਤਾ ਦੀ ਭਾਵਨਾ ਜਗਾਈ ਸੀ।

ਇਸ ਤੋਂ ਅੱਗੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦਾ ਇਤਿਹਾਸ ਇਕੱਠਾ ਹੀ ਚੱਲਦਾ ਆ ਰਿਹਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਆਗਿਆ ਅਨੁਸਾਰ, ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਹੇਠ ਸਿੱਖ ਪੰਥ ਸ਼ਾਂਤਮਈ ਮੋਰਚਿਆਂ ਰਾਹੀ, ਸਮੇ ਸਮੇ ਹਰੇਕ ਇਤਿਹਾਸਕ ਗੁਰਦੁਆਰੇ ਨੂੰ, ਭ੍ਰਿਸ਼ਟਾਚਾਰੀ/ਅਣਭ੍ਰਿਸ਼ਟਾਚਾਰੀ ਮਹੰਤਾਂ ਤੋਂ ਆਜ਼ਾਦ ਕਰਵਾ ਕੇ, ਉਸ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਦੇ ਹਵਾਲੇ ਕਰਦਾ ਰਿਹਾ। ਇਕ ਇਕ ਗੁਰਦੁਆਰੇ ਦਾ ਇਤਿਹਾਸ, ਮਹੰਤਾਂ ਦੇ ਕੰਟੋਲ ਤੋਂ ਆਜ਼ਾਦ ਕਰਵਾਉਣ ਲਈ ਕੀਤੀ ਗਈ ਜਦੋ ਜਹਿਦ ਨੂੰ ਬਿਆਨ ਕਰਨ ਵਾਸਤੇ ਇਕੱਲੇ ਇਕੱਲੇ ਗੁਰਦੁਆਰੇ ਵਾਸਤੇ ਇਕ ਇਕ ਵੱਡਾ ਭਾਰਾ ਗ੍ਰੰਥ ਰਚਣ ਦੀ ਲੋੜ ਹੈ ਅਤੇ ਇਸ ਇਤਿਹਾਸ ਬਾਰੇ ਬਹੁਤ ਸਾਰੀਆਂ ਕਿਤਾਬਾਂ ਵੱਖ ਵੱਖ ਵਿੱਦਵਾਨਾਂ ਵੱਲੋਂ ਹੁਣ ਤੱਕ ਲਿਖੀਆਂ ਵੀ ਜਾ ਚੁੱਕੀਆਂ ਹਨ।

1920 ਤੋਂ ਲੈ ਕੇ ਹੁਣ ਤੱਕ ਗੁਰਦੁਆਰਾ ਸਾਹਿਬਾਨ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਿਚ ਆਉਂਦੇ ਰਹੇ ਅਤੇ ਆ ਰਹੇ ਹਨ। ਅਗੱਸਤ 1947 ਵਿਚ ਪਾਕਿਸਤਾਨ ਬਣਨ ਸਮੇ, ਉਸ ਦੇਸ਼ ਦੀ ਹੱਦ ਅੰਦਰ ਆਉਣ ਵਾਲੇ ਬਹੁਤੇ ਗੁਰਦੁਆਰੇ, ਸਮੇਤ ਸ੍ਰੀ ਨਨਕਾਣਾ ਸਾਹਿਬ, ਪੰਜਾ ਸਾਹਿਬ, ਡੇਹਰਾ ਸਾਹਿਬ ਆਦਿ ਮੁਖੀ ਇਤਿਹਾਸਕ ਗੁਰਦੁਆਰਿਆਂ ਦੇ, ਓਧਰ ਰਹਿ ਜਾਣ ਕਰਕੇ, ਸ਼੍ਰੋਮਣੀ ਕਮੇਟੀ ਦੇ ਹੱਥੋਂ ਉਹਨਾਂ ਦਾ ਪ੍ਰਬੰਧ ਨਿਕਲ ਗਿਆ ਤੇ ਉਹ ਪਾਕਿਸਤਾਨ ਵੱਲੋਂ ਬਣਾਏ ਗਏ ਵਕਫ਼ ਬੋਰਡ ਦੇ ਪ੍ਰਬੰਧ ਵਿਚ ਚਲੇ ਗਏ। ਸੰਖੇਪ ਵਿਚ:

ਅੰਮ੍ਰਿਤਸਰ ਦੇ ਗੁਰਦੁਆਰਿਆਂ ਤੋਂ ਬਾਅਦ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ, ਦੋ ਸਿੰਘਾਂ ਦੀ ਸ਼ਹੀਦੀ ਨਾਲ 26 ਜਨਵਰੀ 1921 ਨੂੰ, ਕਮੇਟੀ ਦੇ ਪ੍ਰਬੰਧ ਵਿਚ ਆਇਆ। ਫਰਵਰੀ 1921 ਵਿਚ ਕੇਰ ਸਾਹਿਬ, ਮਾਛੀ ਕੇ, ਸ਼ੇਖੁਪੁਰਾ ਅਤੇ ਖਡੂਰ ਸਾਹਿਬ ਮਹੰਤਾਂ ਪਾਸੋਂ ਆਜ਼ਾਦ ਕਰਵਾ ਲਏ ਗਏ। 20 ਫਰਵਰੀ ਵਾਲੇ ਦਿਨ ਸ. ਲਛਮਣ ਸਿੰਘ ਧਾਰੋਵਾਲੀ ਦੀ ਅਗਵਾਈ ਹੇਠ, ਸੈਂਕੜੇ ਸ਼ਹੀਦੀਆਂ ਦੇ ਕੇ, 21 ਫਰਵਰੀ ਨੂੰ ਨਨਕਾਣਾ ਸਾਹਿਬ ਵੀ ਮਹੰਤ ਨਰੈਣ ਦਾਸ ਪਾਸੋਂ ਆਜ਼ਾਦ ਕਰਵਾ ਲਿਆ ਗਿਆ। ਮਾਰਚ 1921 ਨੂੰ ਪਿਸ਼ੌਰ ਵਿਚਲਾ ਭਾਈ ਜੋਗਾ ਸਿੰਘ ਗੁਰਦੁਆਰਾ ਵੀ ਪੰਥਕ ਪ੍ਰਬੰਧ ਹੇਠ ਆ ਗਿਆ। ਮਾਰਚ ਵਿਚ ਹੀ ਗੁਰਦੁਆਰਾ ਕਮਾਲੀਆ ਦਾ ਪ੍ਰਬੰਧ ਵੀ ਲੈ ਲਿਆ ਗਿਆ। ਏਸੇ ਸਮੇਂ ਗੁਰੂਸਰ ਸਤਲਾਣੀ ਦਾ ਗੁਰਦੁਆਰਾ ਵੀ ਪੰਥਕ ਪ੍ਰਬੰਧ ਵਿਚ ਆ ਗਿਆ। 1922 ਵਿਚ ਬਹੁਤ ਭਾਰੀ ਕੁਰਬਾਨੀਆਂ ਨਾਲ ਗੁਰਦੁਆਰਾ ਗੁਰੂ ਕਾ ਬਾਗ ਵੀ ਮਿਲ ਗਿਆ। ਇਸ ਤਰ੍ਹਾਂ ਹੋਰ ਵੀ ਬਹੁਤ ਸਾਰੇ ਗੁਰਦੁਆਰੇ, ਸ਼੍ਰੋਮਣੀ ਅਕਾਲੀ ਦਲ ਦੀ ਜਦੋ ਜਹਿਦ ਅਤੇ ਕੁਰਬਾਨੀਆਂ ਨਾਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਪੰਥਕ ਪ੍ਰਬੰਧ ਹੇਠ ਆਉਂਦੇ ਰਹੇ।

ਏਸੇ ਦੌਰਾਨ ਖਾਲਸਾ ਕਾਲਜ ਅੰਮ੍ਰਿਤਸਰ, ਗੁਰਦੁਆਰਾ ਰਕਾਬਗੰਜ, ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਸਮੇਤ ਪੰਥਕ ਸੰਭਾਲ, ਅਕਾਲੀ ਅਖ਼ਬਾਰ, ਦੋਵੇਂ ਪੰਥਕ ਜਥੇਬੰਦੀਆਂ ਦਾ ਬਣਨਾ ਆਦਿ ਵਾਸਤੇ ਕੀਤੀ ਜਾ ਰਹੀ ਜਦੋ ਜਹਿਦ ਵਾਲੀਆਂ ਪੰਥਕ ਸਰਗਰਮੀਆਂ ਨੇ, ਸਿੱਖ ਕੌਮ ਵਿਚ ਬਹੁਤ ਜੋਸ਼ ਅਤੇ ਉਤਸ਼ਾਹ ਭਰ ਦਿਤਾ ਸੀ। ਇਸ ਤੋਂ ਅੱਗੇ ਸ਼੍ਰੋਮਣੀ ਅਕਾਲੀ ਦਲ ਸ਼ਹੀਦੀਆਂ, ਕੁਰਬਾਨੀਆਂ ਅਤੇ ਗੁਰਦੁਆਰਿਆਂ ਦੀ ਆਜ਼ਾਦੀ ਪ੍ਰਾਪਤ ਕਰਨ ਦੇ ਨਾਲ਼ ਨਾਲ਼, ਦੇਸ ਦੀ ਆਜ਼ਾਦੀ, ਪੰਜਾਬੀ ਸੂਬਾ ਬਣਵਾ ਕੇ, ਇਸ ਦੀ ਸਰਕਾਰ ਬਣਾ ਕੇ, ਸਿੱਖ ਕੌਮ ਦੀ ਸਰਬਪੱਖੀ ਅਗਵਾਈ ਕਰਦਾ ਆ ਰਿਹਾ ਹੈ।

ਪਹਿਲਾਂ ਪਹਿਲ 14 ਦਸੰਬਰ, 1920 ਵਾਲੇ ਦਿਨ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਹਜ਼ੂਰੀ ਵਿਚ, ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ, ਕੇਵਲ ਗੁਰਦੁਆਰਾ ਸਾਹਿਬਾਨ ਨੂੰ ਅੰਗ੍ਰੇਜ਼ੀ ਸਰਕਾਰ ਪੱਖੀ ਮਹੰਤਾਂ ਤੋਂ ਛੁਡਵਾ ਕੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਲਿਆਉਣ ਲਈ ਹੀ ਹੋਈ ਸੀ। ਸਿਆਸੀ ਖੇਤਰ ਵਿਚਲੀਆਂ ਸਰਗਰਮੀਆਂ ਵਾਸਤੇ ਸਿੱਖ ਲੀਗ ਬਣਾਈ ਗਈ ਸੀ ਤਾਂ ਕਿ ਇਸ ਖੇਤਰ ਵਿਚ ਅੰਗੇਜ਼ ਪੱਖੀ ਸਿੱਖ ਜਥੇਬੰਦੀ ਚੀਫ਼ ਖਾਲਸਾ ਦੀਵਾਨ ਦਾ ਥਾਂ ਲਿਆ ਜਾ ਸਕੇ। ਇਹਨਾਂ ਤਿੰਨਾਂ ਹੀ ਜਥੇਬੰਦੀਆਂ ਵਿਚ ਸਾਂਝੇ ਮੀਂਝੇ ਜਿਹੇ ਆਗੂ ਹੀ ਮੋਹਰਲੀ ਕਤਾਰ ਵਿਚ ਸਨ। ਫਿਰ ਹੌਲੀ ਹੌਲੀ ਸਿੱਖ ਲੀਗ ਮੋਹਰਲੀਆਂ ਸਫਾਂ ਵਿਚੋਂ ਪਿਛਾਂਹ ਹੋ ਗਈ ਜਾਂ ਦਲ ਦੇ ਵਿਚ ਹੀ ਮਰਜ ਹੋ ਗਈ ਅਤੇ ਸਿੱਖ ਪੰਥ ਦੀ ਸਿਆਸੀ ਅਗਵਾਈ ਵੀ ਸ਼੍ਰੋਮਣੀ ਅਕਾਲੀ ਦਲ ਨੇ ਹੀ ਸੰਭਾਲ ਲਈ।

ਪੰਜ ਸਾਲ ਦੀ ਗੁਰਦੁਆਰਾ ਸੁਧਾਰ ਲਹਿਰ ਦੌਰਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਹਿਦਾਇਤਾਂ ਅਨੁਸਾਰ, ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਹੇਠ, ਸਿੱਖ ਪੰਥ ਨੇ ਬੇਅੰਤ ਕੁਰਬਾਨੀਆਂ ਕੀਤੀਆਂ ਅਤੇ ਪੰਜ ਸੌ ਸ਼ਹੀਦੀਆਂ ਦਿਤੀਆਂ। ਇਸ ਜਦੋ ਜਹਿਦ ਦੌਰਾਨ ਕਾਂਗਰਸ ਸਮੇਤ ਕੁਝ ਹੋਰ ਪਾਰਟੀਆਂ ਵੱਲੋਂ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਨੂੰ ਇਖਲਾਕੀ ਸਹਾਇਤਾ ਪ੍ਰਾਪਤ ਹੁੰਦੀ ਰਹੀ। 1947 ਤੱਕ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਅਤੇ ਪੰਜਾਬ ਕਾਂਗਰਸ ਸਿਆਸੀ ਮੈਦਾਨ ਵਿਚ ਮਿਲ ਕੇ ਚੱਲਦੇ ਰਹੇ। ਬਾਬਾ ਖੜਕ ਸਿੰਘ ਸ਼੍ਰੋਮਣੀ ਅਕਾਲੀ ਦਲ, ਸਿੱਖ ਲੀਗ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪੰਜਾਬ ਕਾਂਗਰਸ ਦੇ ਇਕੋ ਸਮੇਂ ਪ੍ਰਧਾਨ ਰਹੇ। 1935 ਤੱਕ ਬਾਬਾ ਖੜਕ ਸਿੰਘ ਜੀ ਨੂੰ ਸਿੱਖ ਪੰਥ ਦੇ ਬੇਤਾਜ ਬਾਦਸ਼ਾਹ ਦਾ ਮਾਣ ਸਿੱਖ ਪੰਥ ਨੇ ਬਖ਼ਸ਼ਿਆ ਅਤੇ ਬਾਬਾ ਜੀ ਦੀ ਅਗਵਾਈ ਹੇਠ ਹੀ ਪੰਥ ਅੰਗੇਜ਼ ਸਰਕਾਰ ਖਿਲਾਫ਼ ਜਦੋ ਜਹਿਦ ਕਰਦਾ ਰਿਹਾ। ਇਸ ਪਿਛੋਂ ਸਿੱਖ ਪੰਥ ਦੇ ਆਗੂ ਮਾਸਟਰ ਤਾਰਾ ਸਿੰਘ ਜੀ ਦੇ ਬਣੇ, ਜੋ 1965 ਤੱਕ ਕੌਮ ਨੂੰ ਅਗਵਾਈ ਦਿੰਦੇ ਰਹੇ ਪਰ ਇਸ ਦੇ ਨਾਲ ਹੀ 1962 ਤੋਂ ਸੰਤ ਫਤਹਿ ਸਿੰਘ ਜੀ ਪੰਥਕ ਮੈਦਾਨ ਵਿਚ, ਮਾਸਟਰ ਜੀ ਦੇ ਮੁਕਾਬਲੇ ਉਪਰ ਆ . ਗਏ। ਸਿੱਖ ਕੌਮ ਨੇ 1965 ਦੀਆਂ ਗੁਰਦੁਆਰਾ ਚੋਣਾਂ ਵਿਚ ਸੰਤ ਫ਼ਤਿਹ ਸਿੰਘ ਜੀ ਵਾਲੇ ਸ਼੍ਰੋਮਣੀ ਅਕਾਲੀ ਦਲ ਨੂੰ ਜਿੱਤਾ ਕੇ, ਸੰਤ ਜੀ ਦੀ ਅਗਵਾਈ ਨੂੰ ਪ੍ਰਵਾਨ ਕਰ ਲਿਆ। ਮਾਸਟਰ ਤਾਰਾ ਸਿੰਘ ਜੀ ਨੇ ਸੰਤ ਜੀ ਵਾਸਤੇ ਪੰਥਕ ਮੈਦਾਨ ਛੱਡ ਦਿਤਾ ਪਰ ਆਪਣੇ ਧੜੇ ਦਾ ਦਲ ਕਾਇਮ ਰੱਖਿਆ।

1925 ਵਾਲੇ ਐਕਟ ਵਿਚ ਸਰਕਾਰ ਨੇ ਸ਼੍ਰੋਮਣੀ ਕਮੇਟੀ ਦਾ ਨਾਂ



ਬਾਬਾ ਖੜਕ ਸਿੰਘ

ਰੱਖਣਾ ਮਨਜ਼ੂਰ ਨਹੀਂ ਸੀ ਕੀਤਾ। ਸਰਕਾਰ ਨੇ ਐਕਟ ਵਿਚ ਇਸ ਦਾ ਨਾਂ ‘ਗੁਰਦੁਆਰਾ ਸੈਂਟਰਲ ਬੋਰਡ ਰੱਖਿਆ ਸੀ। ਇਹ ਗੁਰਦੁਆਰਾ ਐਕਟ ਬਣਨ ਨਾਲ ਇਸ ਮਸਲੇ ਤੇ ਸਰਕਾਰ ਅਤੇ ਸਿੱਖਾਂ ਦੀ ਲੜਾਈ ਮੁੱਕ ਗਈ ਪਰ ਗਵਰਨਰ ਹੇਲੀ ਨੂੰ ਅਕਾਲੀ ਆਗੂਆਂ ਵਿਚ ਫੁੱਟ ਪਾਉਣ ਲਈ ਇਕ ਸ਼ਰਾਰਤ ਸੁੱਝੀ। ਉਸ ਨੇ ਇਹ ਸ਼ਰਤ ਰੱਖ ਦਿੱਤੀ ਕਿ ਜੇਹੜੇ ਆਗੂ ਇਹ ਲਿਖ ਕੇ ਦੇਣ ਕਿ ਉਹ ਇਸ ਐਕਟ ਉਪਰ ਅਮਲ ਕਰਨਗੇ ਉਹ ਹੀ ਰਿਹਾ ਕੀਤੇ ਜਾਣਗੇ, ਬਾਕੀ ਦੇ ਨਹੀਂ। ਬਾਬਾ ਖੜਕ ਸਿੰਘ ਜੀ ਸ਼ਾਇਦ ਉਸ ਸਮੇ ਮੀਆਂ ਵਾਲੀ ਜੇਹਲ ਵਿਚ ਸਨ ਪਰ ਬਾਕੀ ਦੇ ਮੁਖੀ ਅਕਾਲੀ ਆਗੂ ਲਾਹੌਰ ਵਿਚਲੀ ਜੇਹਲ ਵਿਚ ਕੈਦ ਸਨ। ਉਹਨਾਂ ਵਿਚੋਂ ਬਹੁਮੱਤ ਨੇ ਇਹ ਕਹਿ ਕੇ ਸ਼ਰਤ ਮੰਨ ਲਈ ਕਿ ਅਸੀਂ ਹੀ ਤੇ ਕੁਰਬਾਨੀਆਂ ਦੇ ਕੇ ਇਹ ਐਕਟ ਬਣਵਾਇਆ ਹੈ ਅਤੇ ਅਸੀਂ ਤੇ ਇਸ ਉਪਰ ਅਮਲ ਕਰਨਾ ਹੀ ਕਰਨਾ ਹੈ। ਬਾਹਰ ਆਉਣ ਵਾਲਿਆਂ ਦਾ ਮੁਖੀ ਆਗੂ, ਸਰਦਾਰ ਬਹਾਦਰ ਮਹਿਤਾਬ ਸਿੰਘ ਸੀ। ਇਉਂ ਜੇਹਲੋਂ ਬਾਹਰ ਆ ਕੇ ਗੁਰਦੁਆਰਾ ਪ੍ਰਬੰਧ ਉਪਰ ਇਸ ਗਰੁਪ ਦਾ ਕਬਜਾ ਹੋ ਗਿਆ। ਸ਼ਰਤ ਨਾ ਮੰਨਣ ਵਾਲਿਆਂ ਦਾ ਆਗੂ, ਜਥੇਦਾਰ ਤੇਜਾ ਸਿੰਘ ਸਮੁੰਦਰੀ ਸੀ, ਜਿਸ ਦੇ ਨਾਂ ਉਪਰ ਅੰਮ੍ਰਿਤਸਰ ਵਿਚ ਤੇਜਾ ਸਿੰਘ ਸਮੁੰਦਰੀ ਹਾਲ ਹੈ। ਇਸ ਹਾਲ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁਖ ਦਫ਼ਤਰ ਹੈ। ਜਥੇਦਾਰ ਤੇਜਾ ਸਿੰਘ ਸਮੁੰਦਰੀ ਜੀ ਦੀ ਜੇਹਲ ਵਿਚ ਹੀ ਮੌਤ ਹੋ ਜਾਣ ਕਰਕੇ ਫਿਰ ਉਸ ਗਰੁਪ ਦੇ ਆਗੂ ਮਾਸਟਰ ਤਾਰਾ ਸਿੰਘ ਜੀ ਬਣ ਗਏ। ਬਣੇ ਐਕਟ ਅਨੁਸਾਰ, 1926 ਵਿਚ ਗੁਰਦੁਆਰਾ ਸੈਂਟਰਲ ਬੋਰਡ ਦੀਆਂ ਪਹਿਲੀਆਂ ਚੋਣਾਂ ਹੋਈਆਂ। ਇਸ ਵਿਚ ਪੰਥ ਦੇ ਦੋ ਗਰੁੱਪਾਂ ਨੇ ਭਾਗ ਲਿਆ। ਇਕ ਪਾਸੇ ਪ੍ਰਬੰਧ ਉਪਰ ਕਾਬਜ ਸਰਦਾਰ ਬਹਾਦਰ ਪਾਰਟੀ ਨੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਾਂ ਦੀ ਪਾਰਟੀ ਦੇ ਨਾਂ ਹੇਠ ਅਤੇ ਦੂਜੇ ਜੇਹਲ ਵਾਲੇ ਗਰੁਪ ਨੇ ਸ਼੍ਰੋਮਣੀ ਅਕਾਲੀ ਦਲ’ ਦੇ ਨਾਂ ਹੇਠ, ਭਾਗ ਲਿਆ। ਸਿੱਖ ਵੋਟਰਾਂ ਨੇ ਸ਼੍ਰੋਮਣੀ ਅਕਾਲੀ ਦਲ’ ਦੇ ਹੱਕ ਵਿਚ ਵੋਟਾਂ ਪਾ ਕੇ ਜਿਤਾ ਦਿਤਾ। ਚੁਣੇ ਗਏ ਮੈਂਬਰਾਂ ਨੇ, ਸ. ਮੰਗਲ ਸਿੰਘ ਅਕਾਲੀ ਦੀ ਪ੍ਰਧਾਨਗੀ ਹੇਠ, ਟਾਊਨ ਹਾਲ ਵਿਚ ਕੀਤੀ ਗਈ ਆਪਣੀ ਪਹਿਲੀ ਮੀਟਿੰਗ ਵਿਚ ਹੀ, ਨਾਮਜ਼ਦ ਹੋਣ ਵਾਲੇ ਮੈਂਬਰਾਂ ਨੂੰ ਨਾਮਜ਼ਦ ਕਰਨ ਪਿੱਛੋਂ, ਸੈਂਟਰਲ ਗੁਰਦੁਆਰਾ ਬੋਰਡ ਦਾ ਨਾਂ ਬਦਲ ਕੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰੱਖ ਲਿਆ।

ਇਸ 1925 ਵਾਲੇ ਗੁਰਦੁਆਰਾ ਐਕਟ ਨੇ, ਜਿਥੇ ਇਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਸਿੱਖਾਂ ਵੱਲੋਂ ਚੁਣੇ ਗਏ ਆਗੂਆਂ ਦੇ ਹੱਥਾਂ ਵਿਚ ਦਿਤਾ ਓਥੇ ਪੰਥ ਵਿਚ, ਤਤਕਾਲੀ ਪੰਜਾਬ ਗਵਰਨਰ ਮਿਸਟਰ ਹੇਲੀ ਦੀ ਕੂਟਲਨੀਤੀ ਨਾਲ਼, ਪੰਥ ਵਿਚ ਸਦੀਵੀ ਫੁੱਟ ਦੇ ਬੀ ਬੀਜ ਦਿਤੇ।

ਪੰਜਾਬ ਕੌਂਸਲ ਵਿਚ, 1925 ਵਿਚ ਗੁਰਦੁਆਰਾ ਐਕਟ ਪਾਸ ਹੋ ਕੇ ਪੰਜਾਬ ਵਿਚਲੇ ਤਕਰੀਬਨ ਸਾਰੇ ਮੁਖੀ ਗੁਰਦੁਆਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਆ ਜਾਣ ਨਾਲ, ਗੁਰਦੁਆਰਿਆਂ ਨੂੰ ਮਹੰਤਾਂ ਪਾਸੋਂ ਆਜ਼ਾਦ ਕਰਵਾਉਣ ਪਿੱਛੋਂ ਫਿਰ ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਨਾਲ ਰਲ ਕੇ ਦੇਸ਼ ਨੂੰ ਆਜ਼ਾਦ ਕਰਵਾਉਣ ਵਾਲੀ ਜਦੋ ਜਹਿਦ ਦਾ ਮੋਹਰੀ ਹਿੱਸਾ ਬਣ ਗਿਆ ਤੇ 1947 ਤੱਕ ਦੇਸ਼ ਦੀ ਆਜ਼ਾਦੀ ਲਈ ਕੁਰਬਾਨੀਆਂ ਕਰਦਾ ਰਿਹਾ। ਦੇਸ਼ ਆਜ਼ਾਦੀ ਦੇ ਸੰਘਰਸ਼ ਵਿਚ ਸਿੱਖਾਂ ਨੇ ਨੱਬੇ ਫੀ ਸਦੀ ਦੇ ਕਰੀਬ ਕੁਰਬਾਨੀਆਂ ਕੀਤੀਆਂ।

*(ਚਲਦਾ)*

# ਵਿਆਹੁਤਾ-ਰਿਸ਼ਤਿਆਂ ਵਿਚਲੀ ਪਵਿੱਤਰਤਾ ਲੋਪ-ਅਲੋਪ



ਸੁਖਵਿੰਦਰ ਸਿੰਘ ਨਰੂਲਾ
0470382759



ਅਸੀਂ ਸੁਣਦੇ ਹੁੰਦੇ ਸਾਂ ਵਿਆਹ ਸ਼ਾਦੀਆਂ, ਲੜਕੇ ਲੜਕੀ ਦੇ ਬਿਨਾ ਇਕ ਦੂਜੇ ਨੂੰ ਪਹਿਲਾਂ ਦੇਖਣ-ਪਰਖਣ ਦੇ ਵੀ ਤਾ-ਉਮਰ ਨਿਭਦੀਆਂ ਰਹੀਆਂ ਹਨ। ਪਰਵਾਰ ਵੀ ਸੰਯੁਕਤ ਹੁੰਦੇ ਸਨ ਫਿਰ ਵੀ ਕਦੇ ਕਿਸੇ ਪਤੀ -ਪਤਨੀ ਨੂੰ ਕੋਈ ਸ਼ਿਕਾਇਤ ਨਹੀਂ ਹੁੰਦੀ ਸੀ ਜੇਕਰ ਕਿਤੇ ਇਹੋ ਜਿਹੀ ਨੌਬਤ ਆ ਵੀ ਜਾਵੇ ਤਾਂ ਪਰਵਾਰ ਦੇ ਕੁਝ ਵੱਡੇ ਮੈਂਬਰ ਵਿਚ ਪੈ ਕੇ ਮਸਲੇ ਸੁਲਝਾ ਲੈਂਦੇ ਸਨ । ਅੱਖ ਅਤੇ ਸਮਾਜ ਦੀ ਸ਼ਰਮ ਮਸਲੇ ਨੂੰ ਉਥੇ ਹੀ ਰੋਕ ਦੇਂਦੀ ਸੀ ਅਤੇ ਕਿਸੇ ਤਰ੍ਹਾਂ ਦੀ ਵਧੀਕੀ ਹੋਣ ਤੋਂ ਵੀ ਰੋਕ ਦਿੱਤਾ ਜਾਂਦਾ ਸੀ। ਜਿਸ ਸਮਾਜ ਵਿਚ ਅਸੀਂ ਰਹਿ ਰਹੇ ਹਾਂ ਖਾਸ ਕਰਕੇ ਸਾਡੇ ਧਰਮ ਵਿਚ ਪੱਛਮੀ ਦੇਸ਼ਾਂ ਦੇ ਉਲਟ ਵਿਆਹ ਸ਼ਾਦੀ ਨੂੰ ਇਕ ਪਵਿੱਤਰ ਰਿਸ਼ਤਾ ਸਮਝਿਆ ਗਿਆ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਇਹ ਰਿਸ਼ਤੇ ਧੁਰੋਂ ਹੀ ਲਿਖੇ ਹੁੰਦੇ ਹਨ।

ਹਰੇਕ ਧਰਮ ਆਪਣੀ ਪ੍ਰਚਲਿਤ ਮਰਿਆਦਾ ਅਨੁਸਾਰ ਇਸ ਬੰਧਨ ਵਿਚ ਬੱਝਦਾ ਹੈ। ਕਿਧਰੇ ਪਾਦਰੀ ਦੀ ਹਾਜ਼ਰੀ ਵਿਚ ਸ਼ਾਦੀ ਹੁੰਦੀ ਹੈ, ਕਿਧਰੇ ਪੰਡਿਤ ਜੀ ਦੁਆਰਾ ਮੰਤਰ ਪੜ੍ਹ ਕੇ ਅਗਨੀ ਦੁਆਲੇ ਫੇਰੇ ਲਏ ਜਾਂਦੇ ਹਨ, ਕਿਧਰੇ ਮੌਲਵੀ ਜਾਂ ਕਾਜੀ ਦੁਆਰਾ ਕਬੂਲਨਾਮਾ ਕਰਾਇਆ ਜਾਂਦਾ ਹੈ।। ਸਾਡੇ ਸਿੱਖ ਧਰਮ ਵਿਚ ਗੁਰੂ ਗੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਆਨੰਦ ਕਾਰਜ ਹੋਣ ਉਪਰੰਤ ਹੀ ਰਸਮ ਪੂਰੀ ਮੰਨੀ ਜਾਂਦੀ ਹੈ। ਭਾਵੇਂ ਕਿ ਅਜੋਕੇ ਸਮੇਂ ਵਿਚ ਕਈ ਵਿਆਹ ਕਚਿਹਰੀਆਂ ਵਿਚ ਜਾਂ ਇਸ ਨਾਲ ਸੰਬੰਧਿਤ ਕਈ ਸਰਕਾਰੀ ਅਫਸਰਾਂ ਦੀ ਹਾਜ਼ਰੀ ਵਿਚ ਵੀ ਹੁੰਦੇ ਹਨ ਪਰ ਫਿਰ ਵੀ ਸਮਾਜ ਦਾ ਹਰ ਵਰਗ ਆਪਣੀ ਪ੍ਰਚਲਿਤ ਮਰਿਆਦਾ ਅਨੁਸਾਰ ਹੋਣ ਉਪਰੰਤ ਹੀ ਇਸ ਨੂੰ ਸੰਪੂਰਨ ਸਮਝਦਾ ਹੈ।

ਪਿਛਲੇ ਕੁਝ ਸਮੇਂ ਤੋਂ ਦੇਖਣ ਵਿਚ ਆ ਰਿਹਾ ਹੈ ਕਿ ਸਾਡੇ ਸਮਾਜ ਵਿਚ ਵੀ ਪੱਛਮੀ ਦੇਸ਼ਾਂ ਦੀ ਤਰ੍ਹਾਂ ਤਲਾਕ ਵਰਗੀਆਂ ਰਿਪੋਰਟਾਂ ਆਮ ਦੇਖਣ ਨੂੰ ਮਿਲ ਰਹੀਆਂ ਹਨ ਅਤੇ ਦਿਨ ਬਦਿਨ ਇਨ੍ਹਾਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਮਾਮੂਲੀ ਜਿਹੇ ਝਗੜੇ ਤੋਂ ਗੱਲ ਵੱਧਦੀ ਵੱਧਦੀ ਤਲਾਕ ਤੱਕ ਜਾ ਪਹੁੰਚਦੀ ਹੈ। ਕੀ ਸਾਡੇ ਵਿਚ ਸਹਿਣਸ਼ੀਲਤਾ ਬਿਲਕੁਲ ਖਤਮ ਹੋ ਗਈ ਹੈ, ਕੀ ਸਾਨੂੰ ਆਪਣੇ ਸਮਾਜ ਪਰਵਾਰ ਦੀ ਕੋਈ ਪ੍ਰਵਾਹ ਨਹੀਂ ਰਹੀ। ਪ੍ਰਦੇਸ ਵਿਚ ਵਸੇ ਪੰਜਾਬੀਆਂ ਵਿਚ ਵੀ ਰੋਜ਼ਾਨਾ ਇਹੋ ਜਿਹੇ ਕੇਸ ਸਾਮ੍ਹਣੇ ਆ ਰਹੇ ਹਨ।

ਧਾਰਮਕ ਰੀਤੀ ਰਿਵਾਜਾਂ ਅਨੁਸਾਰ ਬਣੇ ਇਸ ਮੀਆਂ ਬੀਵੀ ਦੇ ਰਿਸ਼ਤੇ ਵਿਚ ਆਖਰ ਕਿਹੜੀਆਂ ਕਮੀਆਂ ਰਹਿ ਜਾਂਦੀਆਂ ਹਨ ਜਿਹੜੀਆਂ ਇਸ ਨੂੰ ਤੋੜ ਤਕ ਨਿਭਾਉਣ ਤੋਂ ਰੋਕਦੀਆਂ ਹਨ। ਕਾਰਣ ਤਾਂ ਬਹੁਤ ਹੋ ਸਕਦੇ ਹਨ। ਪਰ ਮੇਰੇ ਮੁਤਾਬਕ ਪਤੀ-ਪਤਨੀ ਦਾ ਇਕ ਦੂਜੇ ਉਪਰ ਦ੍ਰਿੜ ਵਿਸ਼ਵਾਸ ਹਰ ਨਾਜ਼ੁਕ ਤੋਂ ਨਾਜ਼ੁਕ ਰਿਸ਼ਤੇ ਨੂੰ ਪਕੇਰਾ ਕਰ ਸਕਦਾ ਹੈ। ਜੇਕਰ ਇਕ ਦੂਜੇ ਪ੍ਰਤੀ ਵਿਸ਼ਵਾਸ ਅਤੇ ਜਿੰਮੇਵਾਰੀ ਦੀ ਭਾਵਨਾ ਹੀ ਨਹੀਂ ਰੱਖਣੀ ਤਾਂ ਧਰਮ ਨੂੰ ਇਸ ਵਿਚ ਲਿਆਉਣ ਦੀ ਕੀ ਜ਼ਰੂਰਤ ਹੈ ?।ਧਰਮ ਦਾ ਸਹਾਰਾ ਇਸੇ ਕਰਕੇ ਲਿਆ ਜਾਂਦਾ ਹੈ ਕਿ ਨਵੀਂ ਜੋੜੀ ਦੇ ਗ੍ਰਹਿਸਥੀ ਪਰਵਾਰ ਨੂੰ ਪ੍ਰਮਾਤਮਾ ਦਾ ਓਟ ਆਸਰਾ ਮਿਲਦਾ ਰਹੇ ਅਤੇ ਪ੍ਰਮਾਤਮਾ ਦੀ ਕ੍ਰਿਪਾ ਬਣੀ ਰਹੇ।

ਪਰਵਾਰ ਟੁੱਟਣ ਦੇ ਕਾਰਣਾਂ ਤੇ ਜੇ ਝਾਤ ਪਾਈਏ ਤਾਂ ਹੋ ਸਕਦਾ ਹੈ ਇਸ ਦੀ ਸੂਚੀ ਲੰਮੇਰੀ ਹੋ ਜਾਵੇ। ਬਹੁਤ ਕੁਝ ਵਿਅਕਤੀ ਦੇ ਸੁਭਾ ਤੇ ਨਿਰਭਰ ਕਰਦਾ ਹੈ। ਮੈਨੂੰ ਕੀ..ਮੈਂ ਕਿਉਂ ਮਨਾਵਾਂ ਮੈਂ ਹੀ ਕਿਉਂ ਬੁਲਾਵਾਂ.ਮੈਂ ਮਾਫੀ ਕਿਉਂ ਮੰਗਾਂ ਆਦਿ ਕੁਝ ਅਜਿਹੀਆਂ ਗੱਲਾਂ ਹਨ ਜਿਨ੍ਹਾਂ ਕਰਕੇ ਰਿਸ਼ਤਿਆਂ ਵਿਚ ਤਰੇੜਾਂ ਵੱਧ ਜਾਂਦੀਆਂ ਹਨ। ਘਰ ਵਿਚ ਕੁਝ ਮੈਂਬਰਾਂ ਦਾ ਸਖਤ ਸੁਭਾ ਜਾਂ ਅੜੀਅਲ ਵਤੀਰਾ ਵੀ ਇਸ ਦਾ ਇਕ ਕਾਰਣ ਗਿਣਿਆ ਜਾ ਸਕਦਾ ਹੈ। ਮੌਜੂਦਾ ਸਮੇਂ ਵਿਚ ਮੋਬਾਇਲ ਦਾ ਪ੍ਰਚਲਨ ਵੀ ਇਸ ਦਾ ਮੁੱਖ ਕਾਰਣ ਹੋ ਸਕਦਾ ਹੈ। ਆਮ ਕਰਕੇ ਮਿੰਟ ਮਿੰਟ ਦੀ ਰਿਪੋਰਟ ਪਲਾਂ ਵਿਚ ਲੜਕੀ ਲੜਕੇ ਦੇ ਮਾਪਿਆਂ ਨੂੰ ਪਹੁੰਚਦੀ ਰਹਿੰਦੀ ਹੈ ਮੈਂ ਇਹ ਨਹੀਂ ਕਹਿੰਦਾ ਕਿ ਪੁਰਾਣੇ ਸਮੇਂ ਵਿਚ ਪਤੀ-ਪਤਨੀ ਵਿਚ ਤਕਰਾਰ ਨਹੀਂ ਸੀ ਹੁੰਦਾ। ਇਨਸਾਨ ਦਾ ਸੁਭਾ ਉਦੋਂ ਵੀ ਇਹੋ ਜਿਹਾ ਹੋਵੇਗਾ। ਉਸ ਸਮੇਂ ਜੇਕਰ ਕੋਈ ਮਸਲਾ ਉੱਠਦਾ ਸੀ ਤਾਂ ਪੇਕੇ ਪਰਵਾਰ ਨੂੰ ਸੁਨੇਹਾ ਭੇਜਣ ਲਈ ਚਿੱਠੀ ਪੱਤਰ ਹੀ ਇਕ ਜ਼ਰੀਆ ਸੀ। ਜਦੋਂ ਤਕ ਚਿੱਠੀ ਪਹੁੰਚਦੀ ਸੀ ਜਾਂ ਉਸ ਦਾ ਜਵਾਬ ਆਉਂਦਾ ਸੀ ਉਦੋਂ ਤਕ ਠੰਢ-ਠੰਢੋਰਾ ਹੋ ਚੁਕਿਆ ਹੁੰਦਾ ਸੀ। ਮਾਂ-ਪਿਓ ਖਾਸ ਕਰਕੇ ਮਾਵਾਂ ਦੀ ਆਪਣੀ ਧੀ ਦੇ ਪਰਵਾਰ ਵਿਚ ਜ਼ਿਆਦਾ ਦਖਲ ਅੰਦਾਜ਼ੀ ਵੀ ਇਸ ਦਾ ਇਕ ਕਾਰਣ ਹੋ ਸਕਦਾ ਹੈ। ਪਿਛੇ ਜਿਹੇ ਬਠਿੰਡੇ ਤੌਂ ਵੱਟਸੈਪ ਤੇ ਇਕ ਵੀਡੀਓ ਵਾਇਰਲ ਹੋਈ ਸੀ ਉਸ ਵਿਚ ਵੀ ਕਿਹਾ ਗਿਆ ਸੀ "ਬੇਟੀਆਂ ਦਾ ਘਰ ਤੋੜਨ ਵਿਚ ਮਾਂ ਦਾ ਅਹਿਮ ਰੋਲ ਹੁੰਦਾ ਹੈ-ਕਾਰਨ-ਮੋਬਾਇਲ ਤੇ ਰੋਜ ਕਈ ਘੰਟੇ ਗੱਲਾਂ ਕਰਨਾ, ਸਹੁਰਿਆਂ ਦੀ ਹਰ ਜਾਣਕਾਰੀ ਲੈਣਾ, ਉਨ੍ਹਾਂ ਦੇ ਪਰਵਾਰ ਵਿਚ ਦਖਲ-ਅੰਦਾਜ਼ੀ ਕਰਨਾ, ਬੇਟੀ ਨੂੰ ਗਲਤ ਸਲਾਹ ਦੇਣਾ।" ਇਥੇ ਅਸੀਂ ਇਹ ਵੀ ਨਹੀਂ ਕਹਿੰਦੇ ਕਿ ਇਹ ਕਾਰਣ ਤਲਾਕ ਦਾ ਆਧਾਰ ਹੀ ਬਣਦੇ ਹਨ ਪਰ ਥੋੜ੍ਹੀ ਬਹੁਤੀ ਖੱਟਾਸ ਜ਼ਰੂਰ ਪੇਦਾ ਕਰਦੇ ਹਨ।

ਬਹੁਤ ਸਾਰੇ ਕੇਸ ਭਾਵੇਂ ਹੋਰ ਕਾਰਣ ਕਰਕੇ ਹੁੰਦੇ ਹੋਣ ਪਰ ਦਾਜ-ਦਹੇਜ ਦਾ ਮਸਲਾ ਵੀ ਅਹਿਮ ਅਤੇ ਭਾਰੂ ਲਗਦਾ ਹੈ। ਸਾਡੇ ਦੇਸ਼ ਵਿਚ ਵੀ ਹੁਣ ਜ਼ਿਆਦਾ ਕਰਕੇ ਪਤੀ-ਪਤਨੀ ਦੋਨੋਂ ਕੰਮ ਕਰਦੇ ਹਨ ਅਤੇ ਆਰਥਕ ਪਖੋਂ ਵੀ ਮਜ਼ਬੂਤ ਹੁੰਦੇ ਹਨ। ਵਿਦੇਸ਼ਾਂ ਵਿਚ ਵੀ ਤਾਂ ਦੋਨਾਂ ਜੀਆਂ ਦੇ ਕਮਾਈ ਕਰਨ ਨਾਲ ਘਰ ਦੇ ਗੁਜ਼ਾਰੇ ਚੰਗੇ ਹੋ ਜਾਂਦੇ ਹਨ। ਘਟੋ ਘੱਟ ਰਿਸ਼ਤਿਆਂ ਦੇ ਟੁੱਟਣ ਦਾ ਕਾਰਣ ਦਾਜ ਦਹੇਜ ਨਹੀਂ ਹੋਣਾ ਚਾਹੀਦਾ। ਛੋਟੀਆਂ ਛੋਟੀਆਂ ਗੱਲਾਂ ਨੂੰ ਲੈ ਕੇ ਤਲਾਕ ਵਰਗੀ ਨੌਬਤ ਆ ਜਾਣੀ ਬੜੀ ਦੁਖਦਾਈ ਲਗਦੀ ਹੈ। ਇਹੀ ਹਾਲ ਪ੍ਰੇਮ-ਵਿਆਹ ਵਾਲੇ ਕੇਸਾਂ ਦਾ ਵੀ ਹੈ। ਅਜਿਹੇ ਕੇਸ ਵੀ ਦੇਖਣ ਵਿਚ ਬਹੁਤ ਆ ਰਹੇ ਹਨ।

ਕਿਸੇ ਵਿਦਵਾਨ ਨੇ ਲਿਖਿਆ ਹੈ ਕਿ ਇਕ ਵਾਰ ਤਿੰਨ ਸੱਜਣ—ਜਿਨ੍ਹਾਂ ਵਿਚੋਂ ਇਕ ਮੁਸਲਮਾਨ ਸੀ, ਇਕ ਗੋਰਾ ਅਤੇ ਇਕ ਸਿੱਖ ਬੈਠੇ ਗੱਲਬਾਤ ਕਰ ਰਹੇ ਸਨ। ਗੱਲ ਇਹ ਛਿੜ ਪਈ ਕਿ ਹਰ ਕੋਈ ਦੋ ਚਾਰ ਸਤਰਾਂ ਵਿਚ ਆਪਣੇ ਧਰਮ ਵਿਚ ਵਿਆਹ ਪ੍ਰਤੀ ਵਿਚਾਰ ਪੇਸ਼ ਕਰੇ। ਸਭ ਤੋਂ ਪਹਿਲਾਂ ਮੁਸਲਮਾਨ ਦੀ ਵਾਰੀ ਆਈ, ਉਹ ਕਹਿਣ ਲਗਾ ਸਾਡੇ ਧਰਮ ਵਿਚ ਵਿਆਹ ਨੂੰ ਗਹਿਣਿਆਂ ਵਾਂਗ ਲਿਆ ਜਾਂਦਾ ਹੈ ਭਾਵ ਕਿ ਅੱਜ ਇਕ ਨੈਕਲੇਸ ਪਸੰਦ ਆ ਗਿਆ ਹੈ ਇਹ ਵੀ ਖ਼੍ਰੀਦ ਲਓ, ਕਲ੍ਹ ਹੋਰ ਨਵੌਂ ਡਿਜ਼ਾਇਨ ਦਾ ਖ਼੍ਰੀਦ ਲਿਆ ਜਾਵੇਗਾ। ਉਸ ਦਾ ਮਤਲਬ ਸੀ ਅੱਜ ਨਵੀਂ ਲੈ ਆਓ ਅਤੇ ਕਲ ਹੋਰ.। ਗੋਰੇ ਦੀ ਵਾਰੀ ਆਈ ਤਾਂ ਉਹ ਕਹਿਣ ਲੱਗਾ ਕਿ ਉਨ੍ਹਾਂ ਦੇ ਧਰਮ ਵਿਚ ਸ਼ਾਦੀ ਨਵੀਆਂ ਨਵੀਆਂ ਪੌਸ਼ਾਕਾਂ ਵਾਂਗ ਹੈ ਜਿਉਂ ਜਿਉਂ ਨਵੀਂ ਪੌਸ਼ਾਕ ਆਉਂਦੀ ਗਈ ਪੁਰਾਣੀ ਬਿੰਨ ਵਿਚ ਸੁੱਟ ਦਿੱਤੀ.।ਹੁਣ ਸਿੱਖ ਦੀ ਵਾਰੀ ਸੀ ਪਹਿਲਾਂ ਤਾਂ ਉਹ ਸੋਚੀ ਪੈ ਗਿਆ ਫਿਰ ਉਸ ਨੂੰ ਆਨੰਦ ਕਾਰਜ ਦੀ ਰਸਮ ਵੇਲੇ ਦਿੱਤੀ ਗਈ ਸਿਖਿਆ ਯਾਦ ਆ ਗਈ। ਉਹ ਕਹਿਣ ਲੱਗਾ ਸਾਡੇ ਧਰਮ ਵਿਚ ਸ਼ਾਦੀ ਨੂੰ ਬੜਾ ਪਵਿੱਤਰ ਅਸਥਾਨ ਦਿੱਤਾ ਗਿਆ ਹੈ। ਸਾਡੇ ਵਿਚ ਪਤੀ-ਪਤਨੀ ਲੰਗਰ ਦੇ ਇਕ ਪ੍ਰਸ਼ਾਦੇ ਵਾਂਗ ਹੁੰਦੇ ਹਨ ਜੇ ਕਿਧਰੇ ਥੋੜ੍ਹਾ ਸੜਿਆ ਆ ਜਾਵੇ ਉਹ ਵੀ ਮਨਜ਼ੂਰ ਹੈ ਜੇ ਕਿਧਰੇ ਥੋੜ੍ਹਾ ਕੱਚਾ ਆ ਜਾਵੇ ਉਹ ਵੀ ਮਨਜ਼ੂਰ ਹੈ.। ਇਸੇ ਤਰ੍ਹਾਂ ਪਰਵਾਰ ਵੀ ਇਸ ਰਿਸ਼ਤੇ ਨੂੰ ਬੜਾ ਪਵਿੱਤਰ ਮੰਨਦੇ ਹਨ।

ਸਾਡੇ ਸਮਾਜ ਵਿਚ ਬਹੁਤ ਸਾਰੀਆਂ ਇਹੋ ਜਿਹੀਆਂ ਸੰਸਥਾਵਾਂ ਬਣੀਆਂ ਹੋਈਆਂ ਹਨ ਜਿਹੜੀਆਂ ਅਜਿਹੇ ਰਿਸ਼ਤਿਆਂ ਨੂੰ ਟੁੱਟਣ ਤੋਂ ਰੋਕਣ ਦਾ ਉਪਰਾਲਾ ਕਰਦੀਆਂ ਰਹਿੰਦੀਆਂ ਹਨ। ਇਸੇ ਤਰ੍ਹਾਂ ਪਿੰਡਾਂ ਵਿਚਲੀਆਂ ਪੰਚਾਇਤਾਂ ਅਤੇ ਸ਼ਹਿਰਾਂ ਦੇ ਮੋਹਤਬਰ ਸੱਜਣ ਵੀ ਆਪਣਾ ਸਕਾਰਾਤਮਕ ਰੋਲ ਨਿਭਾਉਂਦੇ ਹਨ। ਇਥੇ ਸਿਡਨੀ ਵਿਚ ਵੀ ਇਕ ਨਾਮੀ ਸੰਸਥਾ ਹਰਮਨ ਫਾਊਂਡੇਸ਼ਨ ਜਿਹੜੀ ਹੋਰ ਲੋਕ ਭਲਾਈ ਦੇ ਕੰਮਾਂ ਦੇ ਨਾਲ ਨਾਲ ਘਰੇਲੂ ਹਿੰਸਾ ਦੇ ਸ਼ਿਕਾਰ ਹੋਏ ਵਿਅਕਤੀਆਂ ਦੇ ਕੇਸਾਂ ਨੂੰ ਸੁਲਝਾਉਣ ਲਈ ਤਤਪਰ ਰਹਿੰਦੀ ਹੈ ਅਤੇ ਪੀੜਤਾਂ ਦੀ ਮਦਦ ਵੀ ਕਰਦੀ ਰਹਿੰਦੀ ਹੈ।

ਭਾਵੇਂ ਕਿ ਕਾਨੂੰਨ ਇਸ ਬੰਧਨ ਨੂੰ ਤੋੜਨ ਲਈ ਬਹੁਤੀ ਕਾਹਲੀ ਨਹੀਂ ਦਿਖਾਉਂਦਾ। ਅਦਾਲਤਾਂ ਦੁਆਰਾ ਆਪਸੀ ਸਮਝੌਤੇ ਲਈ ਕਈ ਤਰ੍ਹਾਂ ਦੇ ਉਪਰਾਲੇ ਕੀਤੇ ਜਾਂਦੇ ਹਨ। ਇਸਲਾਮ ਧਰਮ ਵਿਚ ਤਲਾਕ ਤਲਾਕ ਤਲਾਕ ਵਰਗੀ ਚਲੀ ਆ ਰਹੀ ਰਵਾਇਤ ਵਿਚ ਤਰਮੀਮ ਵੀ ਇਸੇ ਲੜੀ ਦਾ ਹਿੱਸਾ ਹੈ। ਪਰਵਾਰਾਂ ਨੂੰ ਵੀ ਚਾਹੀਦਾ ਹੈ ਕਿ ਬੱਚਿਆਂ ਨੂੰ ਸਮਝਾਇਆ ਜਾਵੇ। ਮੈਨੂੰ ਇਥੇ ਇਕ ਬੜੀ ਦਿਲਚਸਪ ਘਟਨਾ ਯਾਦ ਆ ਗਈ ਮੈ ਉਸ ਦਾ ਜ਼ਿਕਰ ਜ਼ਰੂਰ ਕਰਨਾ ਚਾਹਵਾਂਗਾ। ਗੱਲ ਕੁਝ ਇਸ ਤਰ੍ਹਾਂ ਦੀ ਹੈ। ਮੇਰੇ ਇਕ ਦੋਸਤ ਦੇ ਭਰਾ -ਭਰਜਾਈ ਵਿਚ ਕੁਝ ਝਗੜਾ ਹੋ ਗਿਆ, ਨੌਬਤ ਪੁਲਿਸ ਕਾਰਵਾਈ ਉਪਰੰਤ ਅਦਾਲਤ ਵਿਚ ਚਲੀ ਗਈ। ਪਹਿਲੀ ਤਾਰੀਖ ਵੇਲੇ ਦੋਨਾਂ ਪਾਸਿਆਂ ਤੋਂ ਪੰਝੀ-ਪੰਝੀ, ਤੀਹ-ਤੀਹ ਬੰਦੇ ਆ ਗਏ। ਜਿਵੇਂ ਕਿ ਕੋਈ ਮੋਰਚਾ ਫਤਿਹ ਕਰਨਾ ਹੁੰਦਾ ਹੈ। ਜੱਜ ਨੇ ਤਾਰੀਖ ਪਾ ਦਿੱਤੀ। ਅਗਲੀ ਤਾਰੀਖ ਵੇਲੇ ਨਾਲ ਆਉਣ ਵਾਲੇ ਬੰਦੇ ਪੰਜ-ਪੰਜ ਹੀ ਰਹਿ ਗਏ। ਇਸੇ ਤਰ੍ਹਾਂ ਦੋ ਤਿੰਨ ਤਾਰੀਖਾਂ ਪਈਆਂ। ਇਕ ਦਿਨ ਐਸਾ ਆਇਆ ਕਿ ਰੁਝੇਵਿਆਂ ਕਾਰਣ ਮੇਰੇ ਦੋਸਤ ਦੇ ਪਰਵਾਰ ਵਲੋਂ ਵੀ ਕੋਈ ਨ ਪੁੱਜਾ ਅਤੇ ਦੂਸਰੇ ਪਾਸਿਓਂ ਵੀ। ਜਦ ਸ਼ਾਮ ਦੇ ਪੰਜ ਵੱਜ ਗਏ ਤਾਂ ਫਿਕਰ ਹੋਣ ਲੱਗਾ ਅਤੇ ਅੱਡੀਆਂ ਚੁਕ ਚੁਕ ਕੇ ਬਾਹਰ ਵੇਖਣ ਲਗੇ ਕਿ ਹੁਣ ਤਕ ਕੋਈ ਔੜਿਆ ਕਿਉਂ ਨਹੀਂ ? ਬਾਹਰ ਦੇਖਿਆ ਤਾਂ ਦੋਨੋਂ ਭਰਾ ਭਰਜਾਈ ਇਕੋ ਰਿਕਸ਼ਾ ਤੇ ਬੈਠੇ ਆ ਰਹੇ ਸਨ.। ਮੈਂ ਕਹਾਂਗਾ ਕਿ ਇਹ ਜੱਜ ਦੀ ਸਿਆਣਪ ਸੀ ਕਿ ਉਸ ਨੇ ਇਹ ਰਿਸ਼ਤਾ ਟੁਟੱਣੋਂ ਬਚਾ ਦਿੱਤਾ। ਹੁਣ ਇਹ ਪਰਵਾਰ ਬੜੀ ਖੁਸ਼ੀ ਨਾਲ ਰਿਟਾਇਰਡ ਜੀਵਨ ਬਿਤਾ ਰਿਹਾ ਹੈ।

ਹੁਣ ਤਾਂ ਵੈਸੇ ਵੀ ਸ਼ਾਦੀ ਉਪਰੰਤ ਰਜਿਸਟ੍ਰੇਸ਼ਨ ਲਾਜ਼ਮੀ ਹੋ ਗਈ ਹੈ। ਜਾਇਦਾਦ ਦੀ ਵੰਡ ਵੇਲੇ ਜਾਂ ਵਿਦੇਸ਼ ਵਿਚ ਕਿਸੇ ਦੇਸ਼ ਵਿਚ ਪੱਕੇ ਹੋਣ ਲਈ ਇਹ ਸਰਟੀਫਿਕੇਟ ਜ਼ਰੂਰੀ ਹੈ। ਸਿੱਖ ਧਰਮ ਵਿਚ ਆਨੰਦ ਕਾਰਜ ਉਪਰੰਤ ਲੜਕਾ ਲੜਕੀ ਅਤੇ ਉਨ੍ਹਾਂ ਦੇ ਪਰਵਾਰ ਦੇ, ਅਤੇ ਗੁਰਦਵਾਰੇ ਦੇ ਹੋਰ ਜਿੰਮੇਵਾਰ ਵਿਅਕਤੀਆਂ ਦੇ ਦਸਤਖਤ ਤੋਂ ਬਾਅਦ ਹੀ ਸਰਟੀਫਿਕੇਟ ਜਾਰੀ ਕੀਤਾ ਜਾਂਦਾ ਹੈ। ਬਾਕੀ ਧਰਮਾਂ ਵਿਚ ਵੀ ਸ਼ਾਇਦ ਇੰਝ ਹੀ ਹੁੰਦਾ ਹੋਵੇਗਾ। ਉਪਰੰਤ ਇਸ ਸਰਟੀਫਿਕੇਟ ਦੇ ਆਧਾਰ ਤੇ ਸਰਕਾਰੀ ਅਫਸਰ ਵਲੋਂ ਸਰਟੀਫਿਕੇਟ ਜਾਰੀ ਹੁੰਦਾ ਹੈ। ਹੁਣ ਸਵਾਲ ਇਹ ਉੱਠਦਾ ਹੈ ਕਿ ਸ਼ਾਦੀ ਵਰਗੀ ਪਵਿੱਤਰ ਰਸਮ ਗੁਰਦਵਾਰਾ ਸਾਹਿਬ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜ਼ਰੀ ਵਿਚ ਸੰਪੰਨ ਹੋਈ ਹੁੰਦੀ ਹੈ। ਕੀ ਤਲਾਕ ਵਗੈਰਾ ਲੈਣ ਵੇਲੇ ਵੀ ਉਸ ਗੁਰਦਵਾਰਾ ਪ੍ਰਬੰਧਨ ਨੂੰ ਜਾਣੂ ਕਰਵਾਇਆ ਜਾਂਦਾ ਹੈ ਜਾਂ ਉਨ੍ਹਾਂ ਕੋਲੋਂ ਕੋਈ ਨਾ-ਇਤਰਾਜ਼ਯੋਗ ਸਰਟੀਫਿਕੇਟ ਲਿਆ ਜਾਂਦਾ ਹੈ ? ਮੈਨੂੰ ਲਗਦਾ ਹੈ ਕਿ ਅਜਿਹਾ ਕਦੀ ਨਹੀਂ ਹੋਇਆ। ਜੇਕਰ ਇਹ ਵੀ ਇਕ ਨਿਯਮ ਬਣ ਜਾਵੇ ਤਾਂ ਸ਼ਾਇਦ ਇਸ ਪੱਧਰ ਤੇ ਸੁਲ੍ਹਾ-ਸਫਾਈ ਦਾ ਇਕ ਹੋਰ ਮੌਕਾ ਮਿਲ ਜਾਵੇ।





ਦਿਵਾਲੀ ਦੇ ਤਿਉਹਾਰ ਸਮੇਂ ਸਿਡਨੀ ਦੇ ਗੁਰੂਘਰ ਗਲੈਨਵੁੱਡ ਵਿਖੇ ਸੰਗਤਾਂ ਮੱਥਾ ਟੇਕਣ ਅਤੇ ਹੋਰ ਸੇਵਾਵਾਂ ਵਿਚ ਮਸ਼ਰੂਫ

# ਇਤਿਹਾਸਕਾਰ ਵੀ ਐੱਨ ਦੱਤਾ ਦਾ ਦੇਹਾਂਤ



ਨਵੀਂ ਦਿੱਲੀ: ਆਧੁਨਿਕ ਭਾਰਤ ਦੇ ਪ੍ਰਸਿੱਧ ਇਤਿਹਾਸਕਾਰ ਅਤੇ ਪੁਸਤਕ 'ਜਲ੍ਹਿਆਂਵਾਲਾ ਬਾਗ਼' ਦੇ ਲੇਖਕ ਵਿਸ਼ਵ ਨਾਥ ਦੱਤਾ ਦਾ ਅੱਜ ਉਨ੍ਹਾਂ ਦੀ ਨਵੀਂ ਦਿੱਲੀ ਸਥਿਤ ਰਿਹਾਇਸ਼ 'ਤੇ ਦੇਹਾਂਤ ਹੋ ਗਿਆ। ਉਹ 94 ਵਰ੍ਹਿਆਂ ਦੇ ਸਨ। ਉਨ੍ਹਾਂ ਦਾ ਜਨਮ ਅੰਮ੍ਰਿਤਸਰ ਦੇ ਇੱਕ ਮਸ਼ਹੂਰ ਕਾਰੋਬਾਰੀ ਪਰਿਵਾਰ 'ਚ ਹੋਇਆ ਸੀ। ਸ੍ਰੀ ਦੱਤਾ ਅਜਿਹੇ ਪਹਿਲੇ ਵਿਅਕਤੀ ਸਨ ਜਿਨ੍ਹਾਂ ਜਲ੍ਹਿਆਂਵਾਲਾ ਬਾਗ਼ ਦੇ ਖ਼ੂਨੀ ਸਾਕੇ ਬਾਰੇ ਲਿਖਿਆ ਅਤੇ ਬ੍ਰਿਟਿਸ਼ ਸਰਕਾਰ ਵੱਲੋਂ ਲੰਮੇ ਸਮੇਂ ਤੱਕ ਦਬਾ ਕੇ ਰੱਖੀ ਗਈ ਹੰਟਰ ਕਮਿਸ਼ਨ ਦੀ ਰਿਪੋਰਟ ਸਾਹਮਣੇ ਲਿਆਉਂਦੀ। ਸ੍ਰੀ ਦੱਤਾ ਦੇ ਪਿਤਾ ਬ੍ਰਹਮ ਨਾਥ ਦੱਤਾ 'ਕਾਸਿਰ' ਦੀ ਅੰਮ੍ਰਿਤਸਰ 'ਚ 'ਸ਼ੰਕਰ ਦਾਸ ਵਿਸ਼ਵ ਨਾਥ ਕੰਪਨੀ' ਸੀ ਅਤੇ ਉਹ ਉਰਦੂ-ਫਾਰਸੀ ਦੇ ਮੰਨੇ-ਪ੍ਰਮੰਨੇ ਕਵੀ ਅਤੇ 'ਪਦਮਸ੍ਰੀ ਐਵਾਰਡੀ' ਸਨ।

ਸਰਕਾਰੀ ਕਾਲਜ, ਲਾਹੌਰ, ਲਖਨਊ ਯੂਨੀਵਰਸਿਟੀ ਅਤੇ ਕੈਂਬਰਿਜ ਯੂਨੀਵਰਸਿਟੀ ਤੋਂ ਪੜ੍ਹਾਈ ਕਰਨ ਤੋਂ ਬਾਅਦ ਸ੍ਰੀ ਦੱਤਾ ਨੇ ਕਈ ਪੁਸਤਕਾਂ ਲਿਖੀਆਂ, ਜਿਨ੍ਹਾਂ 'ਚੋਂ ਸਭ ਤੋਂ ਆਖ਼ਰੀ ਸਾਲ 2011 ਵਿੱਚ ਲਿਖਿਆ ਗਿਆ 'ਦਿ ਟ੍ਰਿਬਿਊਨ' ਦਾ ਇਤਿਹਾਸ ਸੀ। ਇਸ ਪੁਸਤਕ ਦਾ ਟਾਈਟਲ ਸੀ- 'ਦਿ ਟ੍ਰਿਬਿਊਨ, 130 ਯੀਅਰਜ਼: ਏ ਵਿਟਨੈੱਸ ਟੂ ਹਿਸਟਰੀ'। ਸ੍ਰੀ ਦੱਤਾ ਦੇ ਲੰਮੇ ਕਰੀਅਰ 'ਚ ਉਨ੍ਹਾਂ ਵੱਲੋਂ 'ਦਿ ਟ੍ਰਿਬਿਊਨ' ਲਈ ਪਾਇਆ ਯੋਗਦਾਨ ਵੀ ਸ਼ਾਮਲ ਹੈ, ਜਿਸ ਲਈ ਉਨ੍ਹਾਂ ਲਾਹੌਰ 'ਚ ਪੜ੍ਹਾਈ ਕਰਦਿਆਂ ਲਿਖਣਾ ਸ਼ੁਰੂ ਕਰ ਦਿੱਤਾ ਸੀ। ਉਨ੍ਹਾਂ ਕਈ ਸਾਲਾਂ ਤੱਕ ਇੱਕ ਮਸ਼ਹੂਰ ਕਾਲਮ ਵੀ ਲਿਖਿਆ- ਜਿਸਦਾ ਨਾਂ ਸੀ- 'ਆਫ਼ ਦਿ ਸ਼ੈਲਫ'।

ਸ੍ਰੀ ਦੱਤਾ ਦੀ ਧੀ ਨੋਨਿਕਾ ਦੱਤਾ ਨੇ ਕਿਹਾ,'ਮੇਰੇ ਪਿਤਾ ਆਪਣੀ ਜ਼ਿੰਦਗੀ ਦੇ ਅਖੀਰ ਤੱਕ ਦਿ ਟ੍ਰਿਬਿਊਨ ਦੀ ਵਿਚਾਰਧਾਰਾ ਪ੍ਰਤੀ ਸਮਰਪਿਤ ਰਹੇ।'

ਸ੍ਰੀ ਦੱਤਾ ਦੀਆਂ ਮਸ਼ਹੂਰ ਲਿਖਤਾਂ 'ਚ 'ਮੌਲਾਨਾ ਆਜ਼ਾਦ'; 'ਗਾਂਧੀ ਐਂਡ ਭਗਤ ਸਿੰਘ' ਅਤੇ 'ਸਤੀ: ਏ ਹਿਸਟੌਰੀਕਲ, ਸੋਸ਼ਲ ਐਂਡ ਫਿਲਸਾਫੀਕਲ ਇਨਕੁਆਰੀ ਇਨ ਟੂ ਹਿੰਦੂ ਰਾਈਟ ਆਫ਼ ਵਿਡੋ ਬਰਨਿੰਗ' ਸ਼ਾਮਲ ਹਨ। ਨੋਨਿਕਾ, ਨੇ ਆਪਣੇ ਪਿਤਾ ਦੇ ਮੁਕੰਮਲ ਨਾ ਹੋ ਸਕਣ ਵਾਲੇ ਕੰਮਾਂ ਬਾਰੇ ਦੱਸਿਆ। ਉਨ੍ਹਾਂ ਦੱਸਿਆ ਕਿ ਕਿੰਜ ਉਨ੍ਹਾਂ ਦੇ ਪਿਤਾ ਨੇ 1960 'ਚ ਕੁਰੂਕਸ਼ੇਤਰ ਯੂਨੀਵਰਸਿਟੀ ਵਿੱਚ ਕੰਮ ਕਰਨ ਲਈ ਆਪਣੀ ਸਰਕਾਰੀ ਨੌਕਰੀ ਛੱਡ ਦਿੱਤੀ ਸੀ। ਸ੍ਰੀ ਦੱਤਾ ਦੇ ਪਰਿਵਾਰ 'ਚ ਪਿੱਛੇ ਪਤਨੀ ਕਮਲਾ, ਧੀਆਂ- ਨੋਨਿਕਾ, ਪੂਨਮ ਅਤੇ ਅਨੂ ਤੇ ਦੋ ਪੋਤੇ ਛੱਡ ਗਏ ਹਨ। ਸ੍ਰੀ ਦੱਤਾ ਕੁਰੂਕਸ਼ੇਤਰ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਐਮੀਰੇਟਸ ਅਤੇ ਇੰਡੀਅਨ ਹਿਸਟਰੀ ਕਾਂਗਰਸ ਦੇ ਸਾਬਕਾ ਜਨਰਲ ਪ੍ਰਧਾਨ ਵੀ ਸਨ। ਵੀ ਐੱਨ ਦੱਤਾ ਨਮਿਤ ਅੰਤਿਮ ਰਸਮਾਂ ਭਲਕੇ ਦਿੱਲੀ 'ਚ ਕੀਤੀਆਂ ਜਾਣਗੀਆਂ।

# ਸਿੱਖ ਜਰਨੈਲ ਕਰਤਾਰ ਸਿੰਘ ਗਿੱਲ ਨਹੀਂ ਰਹੇ



ਚੰਡੀਗੜ੍ਹ (ਐੱਨ.ਪੀ. ਸਿੰਘ): ਜਗਤ ਪ੍ਰਸਿੱਧ ਸਿੱਖ ਸਖ਼ਸ਼ੀਅਤ ਲੈਫਟੀਨੈਂਟ ਜਰਨਲ ਕਰਤਾਰ ਸਿੰਘ ਗਿੱਲ ੯੧ ਸਾਲਾਂ ਦੀ ਲੰਮੀ ਉਮਰ ਭੋਗ ਕੇ ਪਿਛਲੇ ਮੰਗਲਵਾਰ ਨੂੰ ਅਕਾਲ ਚਲਾਣਾ ਕਰ ਗਏ। ਹੁਸ਼ਿਆਰਪੁਰ ਜਿਲ੍ਹੇ ਦੇ ਕਸਬਾ ਮਾਹਿਲਪੁਰ ਨੇੜੇ ਪਿੰਡ ਖੈਰੜ-ਅੱਛਰਵਾਲ ਦੇ ਰਹਿਣ ਵਾਲੇ ਜਨਰਲ ਗਿੱਲ ਨੇ ੧੯੫੨ 'ਚ ਭਾਰਤੀ ਫੌਜ ਦੇ ਬਤੌਰ ਕਮਿਸ਼ਨ ਅਫਸਰ ਬਣ ਕੇ ੩੯ ਸਾਲ ਸੇਵਾ ਮਗਰੋਂ ਸੇਵਾ ਮੁਕਤ ਹੋਏ ਅਤੇ ਇੰਟਰਨੈਸ਼ਨਲ ਸਿੱਖ ਕਨਫੈਡਰੇਸ਼ਨ ਯਾਨੀ ਸੰਸਾਰ ਸਿੱਖ ਸੰਗਠਨ ਦੇ ਬਾਨੀ ਸਕੱਤਰ ਜਨਰਲ ਵਜੋਂ ਪਿਛਲੇ ੧੫ ਸਾਲ ਬਾਖੂਬੀ ਨਿਸ਼ਕਾਮ ਸੇਵਾ ਨਿਭਾਈ।

ਕੇਂਦਰੀ ਸ੍ਰੀ ਗੁਰੁ ਸਿੰਘ ਸਭਾ ਦੇ ਜਨਰਲ ਸਕੱਤਰ ਸ. ਖੁਸ਼ਹਾਲ ਨੇ ਸੰਸਾਰ ਸੰਗਠਨ ਦੇ ਹਵਾਲੇ ਨਾਲ ਦੱਸਿਆ ਕਿ ਗਿੱਲ ਦੀ ਅਗਵਾਈ 'ਚ ਸੰਗਠਨ ਨੇ ੨੦੦੯ ਤੋਂ ੨੦੧੬ ਤੱਕ, ਘੱਟ ਗਿਣਤੀ ਸਿੱਖ ਵਿਦਿਆਰਥੀਆਂ ਦੇ ਹਜ਼ਾਰਾਂ ਕੇਸ ਪੂਰੇ ਕਰਕੇ ੩੦੦ ਕਰੋੜ ਦੀ ਵਜ਼ੀਫਾ ਰਕਮ, ਕੇਂਦਰ ਸਰਕਾਰ ਤੋਂ ਦੁਆ ਕੇ ਮਦਦ ਕੀਤੀ। ਇੰਟਰਨੈਸ਼ਨਲ ਸਿੱਖ ਕਨਫੈਡਰੇਸ਼ਨ ਦੇ ਮੌਜੂਦਾ ਸਕੱਤਰ ਜਨਰਲ ਸੇਵਾ ਮੁਕਤ ਕਰਨਲ ਜਗਤਾਰ ਸਿੰਘ ਮੁਲਤਾਨੀ ਨੇ ਮੀਡੀਆ ਨੂੰ ਦੱਸਿਆ ਕਿ ਜਨਰਲ ਕਰਤਾਰ ਸਿੰਘ ਗਿੱਲ ਦੀ ਦੇਖਰੇਖ ਅਤੇ ਸੂਝਵਾਨ ਸਲਾਹ ਮਸ਼ਵਰੇ ਤਹਿਤ, ਸਿੱਖ ਸੰਗਠਨ ਨੇ ਹੈਦਰਾਬਾਦ 'ਚ ੧੫ ਆਬਾਦੀ ਵਾਲੇ ਸਿੱਖ ਭਾਈਚਾਰੇ ਯਾਨੀ "ਸਿਕਲੀਗਰ-ਵਣਜਾਰਾ" ਦੇ ਬੱਚਿਆਂ ਲਈ ਵਿਦਿਅਕ ਕੇਂਦਰ ਸਥਾਪਤ ਕੀਤਾ ਹੈ ਜਿਥੇ ਉਹਨਾਂ ਨੂੰ ਮੁਫਤ ਸਿੱਖਿਆ ਤੇ ਹੁਨਰ ਦੀ ਸਿਖਲਾਈ ਦਾ ਬੰਦੋਬਸਤ ਕੀਤਾ ਹੈ।

# ਕਿਸਾਨਾਂ ਦੇ ਸਮਰਥਨ ਲਈ ਪੁੱਜੀ ਬਿਲਕੀਸ ਦਾਦੀ ਨੂੰ ਸਿੰਘੂ ਬਾਰਡਰ ਤੋਂ ਵਾਪਸ ਮੋੜਿਆ



ਨਵੀਂ ਦਿੱਲੀ: ਦਿੱਲੀ ਵਿੱਚ ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਹੇ ਕਿਸਾਨਾਂ ਨੂੰ ਸਮਰਥਨ ਦੇਣ ਲਈ ਪੁੱਜੀ ਬਿਲਕੀਸ ਦਾਦੀ ਨੂੰ ਦਿੱਲੀ ਪੁਲੀਸ ਦੇ ਮੁਲਾਜ਼ਮਾਂ ਨੇ ਸਿੰਘੂ ਬਾਰਡਰ 'ਤੇ ਅੱਗੇ ਜਾਣ ਤੋਂ ਰੋਕ ਦਿੱਤਾ। ਦਰਅਸਲ, ਬਿਲਕੀਸ ਦਾਦੀ ਨੇ ਕਿਸਾਨਾਂ ਦੇ ਅੰਦੋਲਨ 'ਚ ਸ਼ਾਮਲ ਹੋਣ ਦੀ ਇੱਛਾ ਪ੍ਰਗਟਾਈ ਸੀ। ਦਿੱਲੀ ਪੁਲੀਸ ਦੇ ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ,'ਉਸ ਨੂੰ ਸਿੰਘੂ ਬਾਰਡਰ 'ਤੇ ਪੁਲੀਸ ਵੱਲੋਂ ਰੋਕ ਲਿਆ ਗਿਆ ਅਤੇ ਦੱਖਣੀ ਦਿੱਲੀ 'ਚ ਸਥਿਤ ਉਨ੍ਹਾਂ ਦੇ ਘਰ ਤੱਕ ਵਾਪਸ ਛੱਡਿਆ ਗਿਆ। ਬਿਲਕੀਸ ਦਾਦੀ ਸ਼ਾਹੀਨ ਬਾਗ਼ 'ਚ ਨਾਗਰਿਕਤਾ ਕਾਨੂੰਨ ਖ਼ਿਲਾਫ਼ ਚੱਲੇ ਸੰਘਰਸ਼ ਦੌਰਾਨ ਸ਼ਾਹੀਨ ਬਾਗ਼ ਦਾਦੀ ਵਜੋਂ ਵੀ ਮਕਬੂਲ ਹੋਈ ਸੀ।

# ਸਰਕਾਰ ਤੇ ਕਿਸਾਨਾਂ ਵਿਚਾਲੇ ਮੀਟਿੰਗ ਬੇਸਿੱਟਾ: ਜਥੇਬੰਦੀਆਂ ਨੇ ਕਮੇਟੀ ਬਣਾਉਣ ਦਾ ਸੁਝਾਅ ਰੱਦ ਕੀਤਾ

ਨਵੀਂ ਦਿੱਲੀ : ਨਵੇਂ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਦਿੱਲੀ ਦੀਆਂ ਬਰੂਹਾਂ ਤੱਕ ਪੁੱਜੇ ਕਿਸਾਨਾਂ ਨੇ ਇਸ ਮੁੱਦੇ 'ਤੇ



ਪੰਜ ਮੈਂਬਰੀ ਵਿਸ਼ੇਸ਼ ਕਮੇਟੀ ਗਠਿਤ ਕਰਨ ਦੇ ਕੇਂਦਰ ਸਰਕਾਰ ਦੇ ਸੁਝਾਅ ਨੂੰ ਮੁੱਢੋਂ ਹੀ ਰੱਦ ਕਰ ਦਿੱਤਾ ਹੈ। ਕੇਂਦਰ ਸਰਕਾਰ ਨੇ ਇਥੇ ਵਿਗਿਆਨ ਭਵਨ ਵਿੱਚ ਕੀਤੀ ਮੀਟਿੰਗ ਦੌਰਾਨ ਖੇਤੀ ਕਾਨੂੰਨਾਂ ਬਾਰੇ ਤੌਖਲਿਆਂ ਨੂੰ ਦੂਰ ਕਰਨ ਲਈ ਕਮੇਟੀ ਬਣਾਉਣ ਦੀ ਪੇਸ਼ਕਸ਼ ਕੀਤੀ ਸੀ, ਜਿਸ ਨੂੰ 35 ਸੰਘਰਸ਼ਸ਼ੀਲ ਕਿਸਾਨ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਖਾਰਜ ਕਰ ਦਿੱਤਾ। ਹਾਲਾਂਕਿ ਦੋਵੇਂ ਧਿਰਾਂ ਨੇ ਵੀਰਵਾਰ ਨੂੰ ਅਗਲੇ ਗੇੜ ਦੀ ਗੱਲਬਾਤ ਲਈ ਸਹਿਮਤੀ ਦਿੱਤੀ। ਸਰਕਾਰ ਨੇ ਕਿਸਾਨ ਜਥੇਬੰਦੀਆਂ ਨੂੰ ਖੇਤੀ ਕਾਨੂੰਨਾਂ ਬਾਰੇ ਤੌਖਲਿਆਂ ਦੀ ਪਛਾਣ ਕਰਕੇ ਭਲਕੇ ਬੁੱਧਵਾਰ ਤਕ ਸਰਕਾਰ ਨੂੰ ਇਸ ਬਾਰੇ ਦੱਸਣ ਲਈ ਕਿਹਾ ਹੈ ਤਾਂ ਕਿ ਵੀਰਵਾਰ ਨੂੰ ਅਗਲੇ ਗੇੜ ਦੀ ਮੀਟਿੰਗ ਦੌਰਾਨ ਇਨ੍ਹਾਂ 'ਤੇ ਚਰਚਾ ਹੋ ਸਕੇ। ਕਿਸਾਨ ਯੂਨੀਅਨਾਂ ਨੇ ਕਿਹਾ ਕਿ ਮੰਗਾਂ ਦੀ ਪੂਰਤੀ ਤੱਕ ਰੋਸ ਪ੍ਰਦਰਸ਼ਨਾਂ ਨੂੰ ਦੇਸ਼ ਭਰ ਵਿੱਚ ਹੋਰ ਤਿੱਖਾ ਕੀਤਾ ਜਾਵੇਗਾ। ਮੀਟਿੰਗ ਵਿੱਚ ਸਰਕਾਰ ਵੱਲੋਂ ਤਿੰਨ ਕੇਂਦਰੀ ਮੰਤਰੀ ਮੌਜੂਦ ਸਨ, ਪਰ ਇਸ ਦੇ ਬਾਵਜੂਦ ਗੱਲਬਾਤ ਕਿਸੇ ਤਣ ਪੱਤਣ ਨਹੀਂ ਲੱਗ ਸਕੀ। ਕਿਸਾਨ ਯੂਨੀਅਨਾਂ ਦੇ ਆਗੂਆਂ ਨੇ ਕਿਹਾ ਕਿ ਸਰਕਾਰ ਨੇ ਹੁਣ ਅਗਲੇ ਗੇੜ ਦੀ ਗੱਲਬਾਤ ਲਈ 3 ਦਸੰਬਰ ਨੂੰ ਮੁੜ ਸੱਦਿਆ ਹੈ।

# ਪੰਜਾਬ ਸਰਕਾਰ ਵੱਲੋਂ ਫਰਵਰੀ ਵਿੱਚ ਮਿਉਂਸਿਪਲ ਚੋਣਾਂ ਕਰਵਾਉਣ ਦੀ ਸਿਫਾਰਸ਼

ਚੰਡੀਗੜ੍ਹ : ਪੰਜਾਬ ਵਿੱਚ ਨਗਰ ਨਿਗਮ ਅਤੇ ਮਿਉਂਸਿਪਲ ਕਮੇਟੀਆਂ ਦੀਆਂ ਚੋਣਾਂ ਲਈ ਚੋਣ ਕਮਿਸ਼ਨ ਨੇ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਸਥਾਨਕ ਸਰਕਾਰਾਂ ਵਿਭਾਗ ਨੇ 9 ਨਗਰ ਨਿਗਮਾਂ ਅਤੇ 109 ਮਿਉਂਸਿਪਲ ਕਮੇਟੀਆਂ ਲਈ



13 ਫਰਵਰੀ ਤੱਕ ਚੋਣਾਂ ਕਰਵਾਉਣ ਲਈ ਕਿਹਾ ਹੈ। ਸੂਬਾਈ ਚੋਣ ਕਮਿਸ਼ਨਰ ਜਗਪਾਲ ਸਿੰਘ ਸੰਧੂ ਨੇ ਇਨ੍ਹਾਂ ਚੋਣਾਂ ਲਈ ਵੋਟਰ ਸੂਚੀਆਂ ਤਿਆਰ ਕਰਨ ਦੇ ਨਿਰਦੇਸ਼ ਦਿੱਤੇ ਹਨ। ਦਰਅਸਲ, ਇਹ ਚੋਣਾਂ ਅਕਤੂਬਰ ਮਹੀਨੇ ਤੱਕ ਕਰਵਾਈਆਂ ਜਾਣੀਆਂ ਸਨ, ਪਰ ਕਰੋਨਾਵਾਇਰਸ ਦੇ ਕਹਿਰ ਕਾਰਨ ਸਰਕਾਰ ਇਹ ਚੋਣਾਂ ਕਰਾਉਣ ਲਈ ਤਿਆਰ ਨਹੀਂ ਹੋਈ। ਹੁਣ ਸਿਹਤ ਵਿਭਾਗ ਵੱਲੋਂ ਪੰਜਾਬ ਵਿੱਚ ਦਸੰਬਰ 'ਚ ਕਰੋਨਾ ਦੀ ਦੂਜੀ ਲਹਿਰ ਆਉਣ ਦਾ ਖ਼ਦਸ਼ਾ ਪ੍ਰਗਟਾਇਆ ਗਿਆ ਹੈ। ਇਸ ਲਈ ਸਰਕਾਰ ਨੇ ਫਰਵਰੀ 'ਚ ਚੋਣਾਂ ਕਰਾਉਣ ਦੀ ਸਿਫ਼ਾਰਸ਼ ਕੀਤੀ ਹੈ।

# ਰੂਪਨਗਰ ਦੇ ਵਿਧਾਇਕ ਸੰਦੋਆ ਨੇ ਹੱਥ ਨੂੰ ਛੱਡ ਮੁੜ ਝਾੜੂ ਫੜਿਆ

ਰੂਪਨਗਰ: ਹਲਕਾ ਰੂਪਨਗਰ ਤੋਂ ਵਿਧਾਇਕ ਅਮਰਜੀਤ ਸਿੰਘ ਸੰਦੋਆ, ਜਿਨ੍ਹਾਂ ਨੇ ਬੀਤੇ ਸਾਲ ਆਮ ਆਦਮੀ ਪਾਰਟੀ ਛੱਡ ਕੇ ਕਾਂਗਰਸ ਦਾ ਹੱਥ ਫੜ ਲਿਆ ਸੀ, ਨੇ



ਅੱਜ ਫਿਰ ਆਮ ਆਦਮੀ ਪਾਰਟੀ ਵਿੱਚ ਸ਼ਮੂਲੀਅਤ ਕਰ ਲਈ। ਵਿਧਾਇਕ ਸੰਦੋਆ ਅੱਜ ਕੱਲ੍ਹ ਕਿਸਾਨ ਅੰਦੋਲਨ ਦੌਰਾਨ ਦਿੱਲੀ ਗਏ ਸਨ ਅਤੇ ਉਥੇ ਆਮ ਆਦਮੀ ਪਾਰਟੀ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਜਰਨੈਲ ਸਿੰਘ ਅਤੇ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਹਰਪਾਲ ਸਿੰਘ ਚੀਮਾ ਦੀ ਹਾਜ਼ਰੀ ਵਿੱਚ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ। ਸ੍ਰੀ ਸੰਦੋਆ 2017 ਵਿੱਚ ਰੂਪਨਗਰ ਹਲਕੇ ਤੋਂ ਆਮ ਆਦਮੀ ਪਾਰਟੀ ਦੀ ਟਿਕਟ 'ਤੇ ਵਿਧਾਇਕ ਚੁਣੇ ਗਏ ਸਨ ਅਤੇ ਪਿਛਲੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ 4 ਮਈ 2019 ਨੂੰ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਹਾਜ਼ਰੀ ਵਿੱਚ ਕਾਂਗਰਸ ਵਿੱਚ ਸ਼ਾਮਲ ਹੋਏ ਸਨ।

ਸ੍ਰੀ ਸੰਦੋਆ ਨੇ ਫੋਨ 'ਤੇ ਦੱਸਿਆ ਕਿ ਉਹ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਨਾਲ ਹਨ, ਜੋ ਕਿਸਾਨੀ ਦੇ ਮਸਲੇ 'ਤੇ ਸਾਰੇ ਪੰਜਾਬ ਨਾਲ ਖੜ੍ਹੇ ਹਨ, ਜਦੋਂ ਕਿ ਪੰਜਾਬ ਦੀ ਕਾਂਗਰਸ ਸਰਕਾਰ ਕਿਸਾਨਾਂ ਦਾ ਸਾਥ ਨਹੀਂ ਦੇ ਰਹੀ।

# ਕਿਸਾਨ ਅੰਦੋਲਨ 'ਚ ਲੱਗੇ ਖਾਲਿਸਤਾਨ ਦੇ ਨਾਅਰਿਆਂ ਤੋਂ ਤੱਤੇ ਹੋਏ ਬਿੱਟੂ

ਲੁਧਿਆਣਾ : ਕਿਸਾਨ ਅੰਦੋਲਨ 'ਚ ਕੁਝ ਸ਼ਰਾਰਤੀ ਨੌਜਵਾਨਾਂ ਦੀਆਂ ਹਰਕਤਾਂ ਨੂੰ



ਲੈ ਕੇ ਲੁਧਿਆਣਾ ਤੋਂ ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਦਾ ਪਾਰਾ ਚੜ੍ਹ ਗਿਆ ਹੈ। ਮੰਗਲਵਾਰ ਨੂੰ ਵੀਡੀਓ ਬਿਆਨ ਜਾਰੀ ਕਰ ਬਿੱਟੂ ਨੇ ਕਿਹਾ ਕਿ ਕੇਂਦਰ ਨਾਲ ਖੇਤੀ ਕਾਨੂੰਨ ਦਾ ਵਿਰੋਧ ਕਰਨ ਵਾਲੇ ਕਿਸਾਨ ਤਾਂ ਆਰਾਮ ਨਾਲ ਪਿੱਛੇ ਬੈਠੇ ਪਾਠ ਕਰ ਰਹੇ ਹਨ। ਪਰ ਕੁਝ ਸ਼ਰਾਰਤੀ ਨੌਜਵਾਨ ਇਸ ਅੰਦੋਲਨ ਨੂੰ ਬਰਬਾਦ ਕਰਨ 'ਚ ਲੱਗੇ ਹੋਏ ਹਨ। ਇਸ 'ਚ ਕੁਝ ਨੌਜਵਾਨ ਰੋਪੜ ਜਾਂ ਫਿਰ ਅੰਮ੍ਰਿਤਸਰ ਜ਼ਿਲ੍ਹੇ ਨਾਲ ਸੰਬੰਧਤ ਹਨ। ਇਨ੍ਹਾਂ ਨੌਜਵਾਨਾਂ ਨੇ ਧੜੇ ਬਣਾਏ ਹੋਏ ਹਨ, ਜੋ ਕਿ ਵੱਖ-ਵੱਖ ਸਿਆਸੀ ਆਗੂਆਂ ਖਿਲਾਫ਼ ਬੋਲ ਰਹੇ ਹਨ। ਇਨ੍ਹਾਂ ਸ਼ਰਾਰਤੀ ਨੌਜਵਾਨਾਂ ਨੂੰ ਇਹ ਪਤਾ ਨਹੀਂ ਹੈ ਕਿ ਇਨ੍ਹਾਂ ਨੇ ਵਾਪਸ ਪੰਜਾਬ 'ਚ ਹੀ ਆਉਣਾ ਹੈ। ਇਸ ਵੇਲੇ ਇਨ੍ਹੇ ਵੱਡੇ ਫਰੰਟ 'ਤੇ ਲੜਨਾ ਚੰਗਾ ਨਹੀਂ ਹੈ। ਇੱਥੇ ਦੱਸ ਦੇਈਏ ਕਿ ਪਿਛਲੇ ਸਮੇਂ ਦੌਰਾਨ ਸਿਆਸੀਆਂ ਆਗੂਆਂ ਦਾ ਵਿਰੋਧ ਤੇ ਕਿਸਾਨੀ ਸੰਘਰਸ਼ ਵਿਚ ਖਾਲਿਸਤਾਨ ਦੇ ਲੱਗੇ ਨਾਅਰਿਆਂ ਤੋਂ ਬਾਅਦ ਬਿੱਟੂ ਨੇ ਇਹ ਗੱਲਾਂ ਕਹੀਆਂ ਹਨ। ਲੋਕ ਸਭਾ ਮੈਂਬਰ ਬਿੱਟੂ ਨੇ ਕਿਸਾਨ ਯੂਨੀਅਨ ਦੇ ਆਗੂਆਂ ਨੂੰ ਅਜਿਹੇ ਸ਼ਰਾਰਤੀ ਲੋਕਾਂ ਤੋਂ ਸਾਵਧਾਨ ਹੋਣ ਲਈ ਕਿਹਾ।

# ਜਾਵੜੇਕਰ ਅਤੇ ਪੁਰੀ ਵੱਲੋਂ ਸਿੱਖਾਂ ਬਾਰੇ ਪੁਸਤਕ ਰਿਲੀਜ਼

ਨਵੀਂ ਦਿੱਲੀ: ਕੇਂਦਰੀ ਸੂਚਨਾ ਅਤੇ ਪ੍ਰਸਾਰਣ ਮੰਤਰੀ ਪ੍ਰਕਾਸ਼ ਜਾਵੜੇਕਰ ਅਤੇ ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਪ੍ਰਕਾਸ਼ ਜਾਵੜੇਕਰ ਨੇ ਅੱਜ ਸਿੱਖਾਂ ਬਾਰੇ ਇੱਕ ਪੁਸਤਕ ਰਿਲੀਜ਼ ਕੀਤੀ ਜਿਸ ਦਾ ਟਾਈਟਲ ਸੀ- 'ਪੀਐੱਮ ਮੋਦੀ ਐਂਡ ਹਿਜ਼ ਗਵਰਨਮੈਂਟ'ਜ਼ ਸਪੈਸ਼ਲ ਰਿਲੇਸ਼ਨਜ਼ ਵਿਦ ਸਿੱਖਸ'। ਇਹ ਪੁਸਤਕ ਅੱਜ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਰਿਲੀਜ਼ ਕੀਤੀ ਗਈ ਜਦਕਿ ਇਨ੍ਹੀਂ ਦਿਨੀਂ ਹੀ ਦਿੱਲੀ ਦੀਆਂ ਸਰਹੱਦਾਂ 'ਤੇ ਕਿਸਾਨਾਂ ਵੱਲੋਂ ਮੁਜ਼ਾਹਰੇ ਕੀਤੇ ਜਾ ਰਹੇ ਹਨ, ਜੋ ਕਿ ਜ਼ਿਆਦਾਤਰ ਪੰਜਾਬ ਤੋਂ ਹੀ ਹਨ। ਇਹ ਪੁਸਤਕ ਤਿੰਨ ਭਾਸ਼ਾਵਾਂ- ਹਿੰਦੀ, ਅੰਗਰੇਜ਼ੀ ਅਤੇ ਗੁਰਮੁਖੀ 'ਚ ਰਿਲੀਜ਼ ਕੀਤੀ ਗਈ ਹੈ। ਇਸ ਦੌਰਾਨ ਹਰਦੀਪ ਸਿੰਘ ਪੁਰੀ ਸਮੇਤ ਦਸ ਜਣਿਆਂ ਨੇ ਰਾਜ ਸਭਾ ਮੈਂਬਰ ਵਜੋਂ ਹਲਫ਼ ਲਿਆ। ਸਿੱਖ ਸਮਾਜ ਲਈ ਮੋਦੀ ਸਰਕਾਰ ਦੇ ਯਤਨਾਂ ਬਾਰੇ ਦੱਸਦਿਆਂ ਸ੍ਰੀ ਪੁਰੀ ਨੇ ਕਿਹਾ ਕਿ ਯੂਕੇ ਦੀ ਇੱਕ ਯੂਨੀਵਰਸਿਟੀ ਵਿੱਚ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਬਾਰੇ ਇੱਕ ਚੇਅਰ ਸਥਾਪਤ ਕਰਨ ਦਾ ਫ਼ੈਸਲਾ ਲਿਆ ਗਿਆ ਹੈ ਜਦਕਿ ਕੈਨੇਡਾ 'ਚ ਵੀ



ਅਜਿਹੀ ਹੀ ਚੇਅਰ ਸਥਾਪਤ ਕਰਨ ਬਾਰੇ ਗੱਲਬਾਤ ਚੱਲ ਰਹੀ ਹੈ। ਇਸ ਮੌਕੇ ਉਨ੍ਹਾਂ ਇਹ ਪੁਸਤਕ ਰਿਲੀਜ਼ ਕਰਨ ਲਈ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਨੂੰ ਮੁਬਾਰਕਬਾਦ ਦਿੱਤੀ। ਉਨ੍ਹਾਂ ਇੱਕ ਸਾਲ ਪਹਿਲਾਂ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਮਨਾਉਣ ਲਈ ਲਏ ਗਏ ਫ਼ੈਸਲਿਆਂ ਦਾ ਵੀ ਜ਼ਿਕਰ ਕੀਤਾ। ਇਸ ਪੁਸਤਕ 'ਚ ਇਸ ਗੱਲ ਦਾ ਵੀ ਜ਼ਿਕਰ ਹੈ ਕਿ ਕਿਵੇਂ ਮੋਦੀ ਸਰਕਾਰ ਨੇ ਡੇਰਾ ਬਾਬਾ ਨਾਨਕ ਤੋਂ ਸ੍ਰੀ ਕਰਤਾਰਪੁਰ ਸਾਹਿਬ ਕੌਰੀਡੋਰ ਤਿਆਰ ਕਰਨ ਲਈ ਕੰਮ ਕੀਤਾ ਅਤੇ ਇਸ ਕਾਰਜ ਲਈ 120 ਕਰੋੜ ਰੁਪਏ ਦਾ ਯੋਗਦਾਨ ਪਾਇਆ। ਉਨ੍ਹਾਂ ਕਿਹਾ ਕਿ ਸਾਰੇ ਫ਼ੈਸਲੇ ਰਿਕਾਰਡ ਸਮੇਂ 'ਚ ਪੂਰੇ ਕੀਤੇ ਗਏ।


# ਕਿਸਾਨ ਅੰਦੋਲਨ 'ਚ ਲੱਗੇ ਖਾਲਿਸਤਾਨ ਦੇ ਨਾਅਰਿਆਂ ਤੋਂ ਤੱਤੇ ਹੋਏ ਬਿੱਟੂ

ਲੁਧਿਆਣਾ : ਕਿਸਾਨ ਅੰਦੋਲਨ 'ਚ ਕੁਝ ਸ਼ਰਾਰਤੀ ਨੌਜਵਾਨਾਂ ਦੀਆਂ ਹਰਕਤਾਂ ਨੂੰ ਹਨ, ਜੋ ਕਿ ਵੱਖ-ਵੱਖ ਸਿਆਸੀ ਆਗੂਆਂ ਖਿਲਾਫ਼ ਬੋਲ ਰਹੇ ਹਨ। ਇਨ੍ਹਾਂ ਸ਼ਰਾਰਤੀ






ਲੈ ਕੇ ਲੁਧਿਆਣਾ ਤੋਂ ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਦਾ ਪਾਰਾ ਚੜ੍ਹ ਗਿਆ ਹੈ। ਮੰਗਲਵਾਰ ਨੂੰ ਵੀਡੀਓ ਬਿਆਨ ਜਾਰੀ ਕਰ ਬਿੱਟੂ ਨੇ ਕਿਹਾ ਕਿ ਕੇਂਦਰ ਨਾਲ ਖੇਤੀ ਕਾਨੂੰਨ ਦਾ ਵਿਰੋਧ ਕਰਨ ਵਾਲੇ ਕਿਸਾਨ ਤਾਂ ਆਰਾਮ ਨਾਲ ਪਿੱਛੇ ਬੈਠੇ ਪਾਠ ਕਰ ਰਹੇ ਹਨ। ਪਰ ਕੁਝ ਸ਼ਰਾਰਤੀ ਨੌਜਵਾਨ ਇਸ ਅੰਦੋਲਨ ਨੂੰ ਬਰਬਾਦ ਕਰਨ 'ਚ ਲੱਗੇ ਹੋਏ ਹਨ। ਇਸ 'ਚ ਕੁਝ ਨੌਜਵਾਨ ਰੋਪੜ ਜਾਂ ਫਿਰ ਅੰਮ੍ਰਿਤਸਰ ਜ਼ਿਲ੍ਹੇ ਨਾਲ ਸੰਬੰਧਤ ਹਨ। ਇਨ੍ਹਾਂ ਨੌਜਵਾਨਾਂ ਨੇ ਧੜੇ ਬਣਾਏ ਹੋਏ ਨੌਜਵਾਨਾਂ ਨੂੰ ਇਹ ਪਤਾ ਨਹੀਂ ਹੈ ਕਿ ਇਨ੍ਹਾਂ ਨੇ ਵਾਪਸ ਪੰਜਾਬ 'ਚ ਹੀ ਆਉਣਾ ਹੈ। ਇਸ ਵੇਲੇ ਇਨ੍ਹੇ ਵੱਡੇ ਫਰੰਟ 'ਤੇ ਲੜਨਾ ਚੰਗਾ ਨਹੀਂ ਹੈ। ਇੱਥੇ ਦੱਸ ਦੇਈਏ ਕਿ ਪਿਛਲੇ ਸਮੇਂ ਦੌਰਾਨ ਸਿਆਸੀਆਂ ਆਗੂਆਂ ਦਾ ਵਿਰੋਧ ਤੇ ਕਿਸਾਨੀ ਸੰਘਰਸ਼ ਵਿਚ ਖਾਲਿਸਤਾਨ ਦੇ ਲੱਗੇ ਨਾਅਰਿਆਂ ਤੋਂ ਬਾਅਦ ਬਿੱਟੂ ਨੇ ਇਹ ਗੱਲਾਂ ਕਹੀਆਂ ਹਨ। ਲੋਕ ਸਭਾ ਮੈਂਬਰ ਬਿੱਟੂ ਨੇ ਕਿਸਾਨ ਯੂਨੀਅਨ ਦੇ ਆਗੂਆਂ ਨੂੰ ਅਜਿਹੇ ਸ਼ਰਾਰਤੀ ਲੋਕਾਂ ਤੋਂ ਸਾਵਧਾਨ ਹੋਣ ਲਈ ਕਿਹਾ।


# ਰਾਜਯੂਕੇ: ਸਾਊਥਾਲ 'ਚ ਸੜਕ ਦਾ ਨਾਂ ਗੁਰੂ ਨਾਨਕ ਰੋਡ ਰੱਖਣ ਨੂੰ ਸਹਿਮਤੀ ਸਭਾ ਮੈਂਬਰ ਗ਼ੁਲਾਮ ਨਬੀ ਆਜ਼ਾਦ ਕਰੋਨਾ ਪਾਜ਼ੇਟਿਵ

ਲੰਡਨ: ਪੱਛਮੀ ਲੰਡਨ ਦੀ ਇੱਕ ਕੌਂਸਲ ਨੇ ਦੱਸਿਆ ਕਿ ਉਸ ਵੱਲੋਂ ਪੰਜਾਬੀ ਭਾਈਚਾਰੇ ਦੀ ਵੱਡੀ ਤਦਾਦ ਵਾਲੇ ਕਸਬੇ ਸਾਊਥਾਲ 'ਚ ਇੱਕ ਸੜਕ ਦਾ ਨਾਂ ਗੁਰੂ ਨਾਨਕ ਰੋਡ ਰੱਖਣ ਨੂੰ ਸਹਿਮਤੀ ਦਿੱਤੀ ਗਈ ਹੈ। ਇਹ ਐਲਾਨ ਦੁਨੀਆਂ ਭਰ 'ਚ ਅੱਜ ਗੁਰੂ ਨਾਨਕ ਦੇਵ ਦੇ ਮਨਾਏ ਜਾ ਰਹੇ 551ਵੇਂ ਪ੍ਰਕਾਸ਼ ਪੁਰਬ ਦੇ ਸਬੰਧ 'ਚ ਕੀਤਾ ਗਿਆ। ਹੈਵਲੌਕ ਰੋਡ ਦਾ ਨਾਂ ਗੁਰੂ ਨਾਨਕ ਦੇਵ ਦੇ ਨਾਂ 'ਤੇ ਰੱਖਣ ਦਾ ਇਹ ਪ੍ਰਸਤਾਵ ਲੰਡਨ ਦੇ ਮੇਅਰ ਸਾਦਿਕ ਖ਼ਾਨ ਵੱਲੋਂ ਬਣਾਏ ਗਏ ਇੱਕ ਨਵੇਂ ਕਮਿਸ਼ਨ ਦੇ ਸਾਹਮਣੇ ਪੇਸ਼ ਕੀਤਾ ਗਿਆ ਸੀ। ਈਲਿੰਗ ਕੌਂਸਲ ਨੇ ਦੱਸਿਆ ਕਿ ਹੈਵਲੌਕ ਰੋਡ ਦੇ ਕਿੰਗ ਸਟਰੀਟ ਅਤੇ ਮੈਰਿਕ ਰੋਡ ਦੇ ਵਿਚਕਾਰਲੇ ਹਿੱਸੇ, ਜਿਸ ਵਿੱਚ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਸਾਊਥਾਲ ਵਾਲਾ ਹਿੱਸਾ ਵੀ ਸ਼ਾਮਲ ਹੈ, ਦਾ ਨਾਂ ਬਦਲਿਆ ਜਾਵੇਗਾ। ਇਹ ਨਾਮਕਰਨ 2021 ਦੀ ਸ਼ੁਰੂਆਤ 'ਚ ਲਾਗੂ ਹੋਵੇਗਾ, ਜਿਸ 'ਚ ਬਦਲਾਅ ਨਾਲ ਅਸਰਅੰਦਾਜ਼ ਹੋਣ ਵਾਲੇ ਘਰਾਂ, ਕਾਰੋਬਾਰਾਂ ਅਤੇ ਸੰਸਥਾਵਾਂ ਨੂੰ ਕੌਂਸਲ ਵੱਲੋਂ ਅਗਾਊਂ ਸੂਚਿਤ ਕੀਤਾ ਜਾ ਰਿਹਾ ਹੈ।

# ਦਹਿਸ਼ਤਵਾਦ ਖਿੱਤੇ ਲਈ ਸਭ ਤੋਂ ਵੱਡੀ ਚੁਣੌਤੀ: ਭਾਰਤ

ਨਵੀਂ ਦਿੱਲੀ: ਦਹਿਸ਼ਤਵਾਦ ਨੂੰ ਖਿੱਤੇ ਲਈ ਸਭ ਤੋਂ ਵੱਡੀ ਚੁਣੌਤੀ ਮੰਨਦਿਆਂ ਭਾਰਤ ਨੇ ਇਸ ਦੀ ਵਰਤੋਂ ਸੂਬੇ ਦੀ ਨੀਤੀ ਵਜੋਂ ਕਰਨ ਲਈ ਪਾਕਿਸਤਾਨ ਦੀ ਨਿਖੇਧੀ ਕਰਦਿਆਂ ਸ਼ੰਘਾਈ ਕੋ-ਅਪਰੇਸ਼ਨ ਆਰਗੇਨਾਈਜੇਸ਼ਨ (ਐੱਸਸੀਓ) ਤੋਂ ਇਸ ਚੁਣੌਤੀ ਦਾ ਸਾਂਝੇ ਤੌਰ 'ਤੇ



ਮੁਕਾਬਲਾ ਕਰਨ ਦੀ ਮੰਗ ਕੀਤੀ। ਐੱਸਸੀਓ ਦੇ ਕੌਂਸਿਲ ਆਫ਼ ਹੈੱਡਜ਼ ਦੀ ਵਰਚੁਅਲ ਮੀਟਿੰਗ ਮੌਕੇ ਭਾਰਤ ਦੇ ਉਪ-ਰਾਸ਼ਟਰਪਤੀ ਵੈਂਕਈਆ ਨਾਇਡੂ ਨੇ ਕਿਹਾ ਕਿ ਇਸ ਖਿੱਤੇ ਨੂੰ ਦਰਪੇਸ਼ ਸਭ ਤੋਂ ਵੱਧ ਮਹੱਤਵਪੂਰਨ ਚੁਣੌਤੀ ਦਹਿਸ਼ਤਵਾਦ ਹੈ, ਖਾਸ ਤੌਰ 'ਤੇ ਸਰਹੱਦ ਪਾਰ ਦਹਿਸ਼ਤਵਾਦ। ਉਨ੍ਹਾਂ ਕਿਹਾ,'ਦਹਿਸ਼ਤਵਾਦ ਮਨੁੱਖਤਾ ਦਾ ਦੁਸ਼ਮਣ ਹੈ। ਅਸੀਂ, ਗੈਰ-ਸ਼ਾਸਨ ਵਾਲੇ ਮੁਲਕਾਂ ਤੋਂ ਉਭਰ ਰਹੀਆਂ ਚੁਣੌਤੀਆਂ ਤੋਂ ਭਲੀ ਭਾਂਤ ਜਾਣੂ ਹਾਂ ਅਤੇ ਉਨ੍ਹਾਂ ਮੁਲਕਾਂ ਬਾਰੇ ਵੀ ਸੁਚੇਤ ਹਾਂ, ਜੋ ਦਹਿਸ਼ਤਵਾਦ ਦੀ ਵਰਤੋਂ ਸੂਬੇ ਦੀ ਨੀਤੀ ਵਜੋਂ ਕਰਦੇ ਹਨ।

A1 HOME IMPROVEMENTS

ABN: 44 105 366 809

ABN: 44 105 366 809

3/40 Charles Street
St Marys NSW 2760

0449 111 111

JAS@A1HOME.COM.AU

A1HOME.COM.AU

OVER 25 YEARS OF EXPERIENCE WITH:

GATES/FENCES
STAIRS
AUTOMATIC GATES
HANDRAILS
GLASSWORK
TIMBER DECKS
AWNINGS
GAZEBOS
PERGOLAS
SHOWERSCREENS
STRUCTURAL STEEL
POOL FENCES

















CUSTOM QUALITY HOMES AT PROJECT PRICES

SINGLE STOREY
DOUBLE STOREY
DUPLEX
GRANNY FLATS
COMMERCIAL
RENOVATIONS



A1 HOME BUILDERS

0449 111 111
WWW.A1HOMEBUILDERS.COM.AU
INFO@A1HOMEBUILDERS.COM.AU
@A1HOMEBUILDERS
@A1HOMEBUILDERS_
MEMBER you're in good hands
LICENCE: 303056C




# ਮੂੰਗਫਲੀ ਖਾਣ ਵਾਲੇ ਸਾਵਧਾਨ ਹੋ ਜਾਓ, ਜਾਣੋ ਫਾਇਦਿਆਂ ਨਾਲ ਇਸ ਦੇ ਕੀ ਹਨ ਸਾਈਡ ਇਫੈਕਟ

ਨਵੀਂ ਦਿੱਲੀ: ਮੂੰਗਫਲੀ ਨੂੰ ਸਰਦੀਆਂ ਦਾ ਮੇਵਾ ਵੀ ਕਿਹਾ ਜਾਂਦਾ ਹੈ ਜਿਸ ਨੂੰ ਗ਼ਰੀਬ ਤੇ ਅਮੀਰ ਸਾਰੇ ਸਰਦੀ 'ਚ ਆਸਾਨੀ ਨਾਲ ਖਾ ਸਕਦੇ ਹਨ। ਅਸੀਂ ਸਾਰੇ ਜਾਣਦੇ ਹਾਂ ਕਿ ਮੂੰਗਫਲੀ ਖਾਣ ਦੇ ਸਰੀਰ ਲਈ ਕਈ ਫਾਇਦੇ ਹਨ। ਮੂੰਗਫਲੀ 'ਚ ਵਿਟਾਮਿਨ, ਖਣਿਜ, ਐਂਟੀਆਕਸੀਡੈਂਟ, ਫੈਟੀ ਐਸਿਡ ਸਣੇ ਕਈ ਹੋਰ ਪੋਸ਼ਕ ਤੱਤ ਪਾਏ ਜਾਂਦੇ ਹਨ, ਜੋ ਦਿਲ ਤੇ ਨਸਾਂ ਦੀਆਂ ਬਿਮਾਰੀਆਂ ਨੂੰ ਦੂਰ ਕਰਨ 'ਚ ਮਦਦਗਾਰ ਹਨ। ਅਲਜਾਈਮਰ ਦੇ ਮਰੀਜ਼ਾਂ ਲਈ ਮੂੰਗਫਲੀ ਬੇਹੱਦ ਫਾਇਦੇਮੰਦ ਹੈ। ਮੂੰਗਫਲੀ ਸਕਿਨ ਤੋਂ ਲੈ ਕੇ ਕੋਲੈਸਟ੍ਰੋਲ ਨੂੰ ਕਾਬੂ ਕਰਨ 'ਚ ਮਦਦਗਾਰ ਹੈ। ਇਹ ਪੇਟ ਨੂੰ ਵੀ ਠੀਕ ਕਰਦੀ ਹੈ। ਜਿੱਥੇ ਮੂੰਗਫਲੀ ਦੇ ਬੇਹੱਦ ਫਾਇਦੇ ਹਨ, ਉਧਰ ਮੂੰਗਫਲੀ ਖਾਣ ਦੇ ਕੁਝ ਨੁਕਸਾਨ ਵੀ ਹਨ । ਡਾਕਟਰਾਂ ਦੀ ਮੰਨੀਏ ਤਾਂ ਜ਼ਿਆਦਾ ਮਾਤਰਾ 'ਚ ਇਸ ਦਾ ਸੇਵਨ ਕਰਨ ਨਾਲ ਐਲਰਜੀ ਤੇ ਸਾਹ ਨਾਲ ਸਬੰਧਤ ਸਮੱਸਿਆਵਾਂ ਜਿਵੇਂ ਅਸਥਮਾ ਅਟੈਕ ਅਤੇ ਥਾਈਰਾਇਡ ਨਾਲ ਜੂਝ ਰਹੇ ਲੋਕਾਂ ਲਈ ਪਰੇਸ਼ਾਨੀ ਪੈਦਾ ਹੋ ਸਕਦੀ ਹੈ। ਆਓ ਜਾਣਦੇ ਹਾਂ ਕਿ ਮੂੰਗਫਲੀ ਖਾਣ ਦੇ ਨੁਕਸਾਨ ਕਿਹੜੇ-ਕਿਹੜੇ ਹਨ।



ਮੂੰਗਫਲੀ ਖਾਣ ਦੇ ਸਾਈਡ ਇਫੈਕਟ

ਉਮੀਦ ਦੀ ਨਵੀਂ ਕਿਰਣ : ਜੀਨ ਥੇਰੈਪੀ ਨਾਲ ਮੁੜ ਜਵਾਨ ਹੋਣਗੀਆਂ ਅੱਖਾਂ

ਜੇਕਰ ਤੁਸੀਂ ਬਹੁਤ ਜ਼ਿਆਦਾ ਖਾਂਦੇ ਹੋ ਤਾਂ ਇਸ ਨਾਲ ਤੁਹਾਨੂੰ ਲੀਵਰ 'ਚ ਖਰਾਬੀ ਹੋ ਸਕਦੀ ਹੈ। ਮੂੰਗਫਲੀ ਸਰੀਰ 'ਚ ਅਫਲੇਟੋਕਿਸਨ ਦੀ ਮਾਤਰਾ ਨੂੰ ਵਧਾਉਂਦੀ ਹੈ, ਇਹ ਬਹੁਤ ਹੀ ਹਾਨੀਕਾਰਕ ਪਦਾਰਥ ਹੁੰਦਾ ਹੈ।

Blood Donation: ਮਾਨਵਤਾ ਦੀ ਭਲਾਈ ਲਈ ਖ਼ੂਨਦਾਨ ਮਹਾਦਾਨ

ਆਰਥਰਾਈਟਸ ਦੇ ਮਰੀਜ਼ਾਂ ਨੂੰ ਮੂੰਗਫਲੀ ਖਾਣ ਤੋਂ ਪਰਹੇਜ਼ ਕਰਨਾ ਚਾਹੀਦਾ। ਮੂੰਗਫਲੀ 'ਚ ਮੌਜੂਦ ਲੈਕਟਿਨ ਕਾਰਨ ਇਨ੍ਹਾਂ ਮਰੀਜ਼ਾਂ ਦੇ ਸਰੀਰ 'ਚ ਸੂਜਨ ਵੱਧ ਜਾਂਦੀ ਹੈ।

ਮੂੰਗਫਲੀ ਦਾ ਜ਼ਿਆਦਾ ਸੇਵਨ ਤੁਹਾਡੀ ਸਕਿਨ 'ਚ ਖਾਰਸ਼, ਰੈਸ਼ੇਜ ਦੀ ਸਮੱਸਿਆ ਪੈਦਾ ਕਰ ਸਕਦਾ ਹੈ। ਇਸ ਨੂੰ ਜ਼ਿਆਦਾ ਮਾਤਰਾ 'ਚ ਖਾਣ ਨਾਲ ਮੂੰਹ 'ਚ ਖੁਜਲੀ, ਚਿਹਰੇ 'ਤੇ ਸੋਜ ਦੀ ਸਮੱਸਿਆ ਹੋ ਸਕਦੀ ਹੈ।

ਮੂੰਗਫਲੀ ਦੀ ਤਸੀਰ ਗਰਮ ਹੁੰਦੀ ਹੈ ਇਸ ਲਈ ਇਸ ਦੀ ਵਰਤੋਂ ਗਰਮੀ 'ਚ ਨਾ ਕਰੋ, ਸਰਦੀ 'ਚ ਇਹ ਸਰੀਰ ਨੂੰ ਗਰਮ ਰੱਖਦੀ ਹੈ।

ਓਮੇਗਾ 6 ਫੈਟੀ ਐਸਿਡ ਮੂੰਗਫਲੀ 'ਚ ਭਰਪੂਰ ਮਾਤਰਾ 'ਚ ਪਾਇਆ ਜਾਂਦਾ ਹੈ, ਜੋ ਸਿਹਤ ਲਈ ਬੇਹੱਦ ਫਾਇਦੇਮੰਦ ਹੈ। ਇਸ ਦਾ ਜ਼ਿਆਦਾ ਇਸਤੇਮਾਲ ਸਰੀਰ 'ਚ ਮੌਜੂਦ ਓਮੇਗਾ 3 ਦੀ ਮਾਤਰਾ ਨੂੰ ਸਮਾਪਤ ਕਰਨ ਲੱਗਦਾ ਹੈ। ਓਮੇਗਾ 3 ਸਾਡੇ ਸਰੀਰ ਲਈ ਬੇਹੱਦ ਫਾਇਦੇਮੰਦ ਹੈ।

# ਦਿਲ ਦੀਆਂ ਬਿਮਾਰੀਆਂ ਨੂੰ ਰੋਕਣ 'ਚ ਕਾਰਗਰ ਹੈ ਅਖਰੋਟ

ਵਾਸ਼ਿੰਗਟਨ: ਇਕ ਅਧਿਐਨ ਤੋਂ ਪਤਾ ਚੱਲਿਆ ਹੈ ਕਿ ਜੋ ਲੋਕ ਰੋਜ਼ਾਨਾ ਅਖਰੋਟ ਖਾਂਦੇ ਹਨ ਉਨ੍ਹਾਂ ਵਿਚ ਦਿਲ ਦੀਆਂ ਬਿਮਾਰੀਆਂ ਦਾ ਜੋਖ਼ਮ ਘੱਟ ਹੁੰਦਾ ਹੈ। ਕੀਤਾ ਗਿਆ ਉਨ੍ਹਾਂ ਵਿੱਚੋਂ ਛੇ ਨੂੰ ਕਾਫ਼ੀ ਘੱਟ ਮਾਤਰਾ ਵਿਚ ਅਖਰੋਟ ਦਿੱਤਾ ਗਿਆ ਸੀ। ਇਹ ਖੋਜ ਪਹਿਲਾਂ ਕੀਤੇ ਗਏ ਅਧਿਐਨ ਦਾ ਹੀ ਹਿੱਸਾ ਸੀ ਅਤੇ ਇਸ ਨੂੰ



ਬਾਰਸੀਲੋਨਾ ਸਥਿਤ ਹਾਸਪਿਟਲ ਕਲੀਨਿਕ ਦੇ ਡਾ. ਏਮੀਲਿਓ ਰੋਜ ਨੇ ਲੀਮਾ ਲਿੰਡਾ ਯੂਨੀਵਰਸਿਟੀ ਨਾਲ ਮਿਲ ਕੇ ਇਹ ਖੋਜ ਕੀਤੀ ਹੈ। ਖੋਜ ਵਿਚ 600 ਤੋਂ ਵੱਧ ਵਿਅਕਤੀਆਂ ਨੂੰ ਸ਼ਾਮਲ ਕੀਤਾ ਗਿਆ ਅਤੇ ਦੋ ਸਾਲ ਤਕ ਇਨ੍ਹਾਂ ਨੂੰ ਹਰ ਰੋਜ਼ ਖਾਣ ਲਈ 30 ਤੋਂ 60 ਗ੍ਰਾਮ ਅਖਰੋਟ ਦਿੱਤੇ ਗਏ।

ਜਿਨ੍ਹਾਂ ਲੋਕਾਂ ਨੇ ਅਖਰੋਟ ਖਾਧੇ ਸਨ ਉਨ੍ਹਾਂ ਵਿਚ ਸੋਜਸ (ਇੰਫਲੇਮੇਸ਼ਨ) ਵਿਚ ਕਮੀ ਆਈ। ਖੋਜ ਦੌਰਾਨ ਜਿਨ੍ਹਾਂ 10 ਇੰਫਲੇਮੇਟਰੀ ਮਾਰਕਰਾਂ ਦਾ ਅਧਿਐਨ 'ਜਰਨਲ ਆਫ ਦ ਅਮੇਰੀਕਨ ਕਾਲਜ ਆਫ ਕਾਰਡਿਓਲਾਜੀ' ਵਿਚ ਪ੍ਰਕਾਸ਼ਿਤ ਕੀਤਾ ਗਿਆ ਹੈ। ਅਧਿਐਨ ਦਾ ਸਿੱਟਾ ਦੱਸਦਾ ਹੈ ਕਿ ਅਖਰੋਟ ਦਾ ਐਂਟੀ ਇੰਫਲੇਮੇਟਰੀ ਪ੍ਰਭਾਵ ਨਾ ਕੇਵਲ ਕੋਲੈਸਟ੍ਰੋਲ ਨੂੰ ਘੱਟ ਕਰਦਾ ਹੈ ਸਗੋਂ ਦਿਲ ਦੀਆਂ ਬਿਮਾਰੀਆਂ ਦੇ ਜੋਖ਼ਮ ਤੋਂ ਵੀ ਬਚਾਉਂਦਾ ਹੈ। ਖੋਜ ਦੇ ਮੁੱਖ ਲੇਖਕ ਮੁਤਾਬਕ ਇਕਯੂਟ ਇੰਫਲੇਮੇਸ਼ਨ ਇਕ ਸਰੀਰਕ ਪ੍ਰਕਿਰਿਆ ਹੈ ਜੋ ਝਟਕੇ ਜਾਂ ਇਨਫੈਕਸ਼ਨ ਕਾਰਨ ਇਮਿਊਨ ਸਿਸਟਮ ਦੀ ਸਰਗਰਮੀ ਕਾਰਨ ਹੁੰਦੀ ਹੈ।

# ਪਟਾਕਿਆਂ ਦਾ ਸਿਹਤ 'ਤੇ ਮਾਰੂ ਪ੍ਰਭਾਵ

ਦੀਵਾਲੀ, ਜਿਸ ਨੂੰ ਦੀਵਿਆਂ ਯਾਨੀ ਰੋਸ਼ਨੀ ਦਾ ਤਿਉਹਾਰ ਕਿਹਾ ਜਾਂਦਾ ਹੈ ਪਰ ਹੁਣ ਪਟਾਕਿਆਂ ਤੇ ਸ਼ੋਰ-ਸ਼ਰਾਬੇ ਦਾ ਤਿਉਹਾਰ ਸਮਝਿਆ ਜਾਣ ਲੱਗਿਆ ਹੈ। ਕੰਨ ਪਾੜਵੀਆਂ ਆਵਾਜ਼ਾਂ ਤੇ ਜ਼ਹਿਰੀਲੀਆਂ ਗੈਸਾਂ ਨਾਲ ਗੰਧਲਾ ਹੋਇਆ ਵਾਤਾਵਰਨ ਇਸ ਤਿਉਹਾਰ ਦੀ ਅਹਿਮੀਅਤ ਨੂੰ ਅੱਖੋਂ ਪਰੋਖੇ ਕਰ ਦਿੰਦਾ ਹੈ। ਮਨੁੱਖੀ ਜੀਵਨ ਦੇ ਨਾਲ-ਨਾਲ ਪਸ਼ੂ-ਪੰਛੀਆਂ ਲਈ ਵੀ ਇਹ ਕਿਸੇ ਆਫ਼ਤ ਤੋਂ ਘੱਟ ਨਹੀਂ ਹੁੰਦਾ।



**ਜਾਨਲੇਵਾ ਬਿਮਾਰੀਆਂ ਦਾ ਕਾਰਨ**

ਪਟਾਕਿਆਂ ਦੇ ਖ਼ਤਰਨਾਕ ਪ੍ਰਭਾਵ ਨਾਲ ਵਾਤਾਵਰਨ ਪ੍ਰਦੂਸ਼ਿਤ ਹੁੰਦਾ ਹੈ। ਇਨ੍ਹਾਂ ਤੋਂ ਨਿਕਲਣ ਵਾਲੀਆਂ ਜ਼ਹਿਰੀਲੀਆਂ ਗੈਸਾਂ 8-10 ਘੰਟਿਆਂ ਤਕ ਵਾਤਾਵਰਨ 'ਚ ਮੌਜੂਦ ਰਹਿੰਦੀਆਂ ਹਨ, ਜੋ ਕਈ ਜਾਨਲੇਵਾ ਬਿਮਾਰੀਆਂ ਦਾ ਕਾਰਨ ਬਣਦੀਆਂ ਹਨ। ਇਕ ਅੰਕੜੇ ਅਨੁਸਾਰ ਭਾਰਤ 'ਚ ਕਰੀਬ 1.52 ਕਰੋੜ ਲੋਕ ਸਾਹ ਦੀਆਂ ਬਿਮਾਰੀਆਂ ਤੋਂ ਪੀੜਤ ਹਨ, ਜਿਨ੍ਹਾਂ ਵਿੱਚੋਂ ਕਰੀਬ 15 ਫ਼ੀਸਦੀ 5-11 ਸਾਲ ਦੇ ਬੱਚੇ ਹਨ। ਵਿਸ਼ਵ ਸਿਹਤ ਸੰਸਥਾ ਅਨੁਸਾਰ ਹਰ ਸਾਲ ਕਰੀਬ 70 ਲੱਖ ਲੋਕ ਹਵਾ ਪ੍ਰਦੂਸ਼ਣ ਕਾਰਨ ਮਰ ਜਾਂਦੇ ਹਨ। ਇਕ ਅੰਦਾਜ਼ੇ ਅਨੁਸਾਰ ਪਟਾਕਿਆਂ ਨਾਲ ਹਰ ਸਾਲ ਕਰੀਬ 15000 ਤੋਂ ਵਧੇਰੇ ਲੋਕ, ਜਿਨ੍ਹਾ ਵਿਚ ਜ਼ਿਆਦਾਤਰ ਬੱਚੇ ਹਨ, ਦੁਰਘਟਨਾਵਾਂ ਦਾ ਸ਼ਿਕਾਰ ਹੁੰਦੇ ਹਨ ਤੇ ਕੁਝ ਅਪਾਹਜ ਵੀ ਹੋ ਜਾਂਦੇ ਹਨ। ਪਟਾਕਿਆਂ 'ਚ ਪੋਟਾਸ਼ੀਅਮ ਕਲੋਰੇਟ, ਐਲੂਮੀਨੀਅਮ, ਮੈਗਨੀਸ਼ੀਅਮ, ਬੇਰੀਅਮ, ਕਾਪਰ, ਸੋਡੀਅਮ, ਲਿਥੀਅਮ, ਸਟ੍ਰੋਂਟੀਅਮ ਆਦਿ ਰਸਾਇਣਕ ਪਦਾਰਥ ਪਾਏ ਜਾਂਦੇ ਹਨ, ਜੋ ਕਈ ਜਾਨਲੇਵਾ ਬਿਮਾਰੀਆਂ ਦਾ ਕਾਰਨ ਬਣਦੇ ਹਨ।

**ਉਮੀਦ ਦੀ ਨਵੀਂ ਕਿਰਣ : ਜੀਨ ਥੇਰੈਪੀ ਨਾਲ ਮੁੜ ਜਵਾਨ ਹੋਣਗੀਆਂ ਅੱਖਾਂ**

ਫੇਫੜਿਆਂ ਦਾ ਕੈਂਸਰ: ਪਟਾਕਿਆਂ 'ਚ ਤੇਜ਼ ਰੋਸ਼ਨੀ ਪੈਦਾ ਕਰਨ ਤੇ ਆਕਰਸ਼ਕ ਬਣਾਉਣ ਲਈ ਪੋਟਾਸ਼ੀਅਮ ਪ੍ਰਕਲੋਰੇਟ ਅਮੋਨੀਅਮ ਤੇ ਪੋਟਾਸ਼ੀਅਮ ਪਾਇਆ ਜਾਂਦਾ ਹੈ, ਜਿਸ ਨਾਲ ਹਵਾ ਜ਼ਹਿਰੀਲੀ ਹੋ ਜਾਂਦੀ ਹੈ। ਇਸ ਧੂੰਏਂ ਨਾਲ ਫੇਫੜਿਆਂ ਦੇ ਕੈਂਸਰ ਦਾ ਖਤਰਾ ਵੱਧ ਜਾਂਦਾ ਹੈ। ਜੇ ਕੋਈ ਸਾਹ ਦਾ ਮਰੀਜ਼ ਹੈ ਜਾਂ ਫੇਫੜਿਆਂ ਨਾਲ ਜੁੜੀ ਕਿਸੇ ਹੋਰ ਬਿਮਾਰੀ ਤੋਂ ਪੀੜਤ ਹੈ ਤਾਂ ਇਹ ਖ਼ਤਰਾ ਉਸ ਲਈ ਕਈ ਗੁਣਾ ਤਕ ਵੱਧ ਜਾਂਦਾ ਹੈ। ਇਹ ਧਰਤੀ ਹੇਠਲੇ ਤੇ ਉੱਪਰਲੇ ਪਾਣੀ ਨੂੰ ਵੀ ਪ੍ਰਭਾਵਿਤ ਕਰਦਾ ਹੈ।

ਸਾਹ ਦੀਆਂ ਬਿਮਾਰੀਆਂ: ਪਟਾਕਿਆਂ ਦੀ ਤੇਜ਼ ਰੋਸ਼ਨੀ ਤੇ ਉੱਚੇ ਧਮਾਕੇ ਲਈ ਗੰਨ ਪਾਊਡਰ ਦੀ ਵਰਤੋਂ ਕੀਤੀ ਜਾਂਦੀ ਹੈ, ਜੋ ਹਵਾ 'ਚ ਸਲਫਰ ਡਾਈਆਕਸਾਈਡ ਪੈਦਾ ਕਰਦਾ ਹੈ। ਇਹ ਗੈਸ ਸਾਹ ਦੀਆਂ ਬਿਮਾਰੀਆਂ ਵਿਚ ਵਾਧਾ ਕਰਨ 'ਚ ਆਪਣੀ ਭੂਮਿਕਾ ਨਿਭਾਉਂਦਾ ਹੈ ਤੇ ਸਾਹ ਦੇ ਰੋਗੀਆਂ ਨੂੰ ਸਾਹ ਲੈਣ ਵਿਚ ਪਰੇਸ਼ਾਨੀ ਹੁੰਦੀ ਹੈ। ਇਹ ਤੇਜ਼ਾਬੀ ਵਰਖਾ ਲਈ ਵੀ ਜ਼ਿੰਮੇਵਾਰ ਹੈ।

**Blood Donation** : ਮਾਨਵਤਾ ਦੀ ਭਲਾਈ ਲਈ ਖ਼ੂਨਦਾਨ ਮਹਾਦਾਨ

ਚਮੜੀ ਦੀਆਂ ਬਿਮਾਰੀਆਂ: ਪਟਾਕਿਆਂ ਦੇ ਨਿਰਮਾਣ ਲਈ ਵਰਤਿਆ ਜਾਂਦਾ ਰਸਾਇਣਕ ਪਦਾਰਥ ਐਲੂਮੀਨੀਅਮ ਚਮੜੀ ਲਈ ਬਹੁਤ ਖ਼ਤਰਨਾਕ ਹੈ। ਇਸ ਨਾਲ ਡਰਮੇਟਾਈਟਸ ਬਿਮਾਰੀ ਹੋ ਸਕਦੀ ਹੈ। ਇਹ ਅਲਜ਼ਾਈਮਰ ਨਾਂ ਦੀ ਬਿਮਾਰੀ ਦੇ ਕਾਰਨਾਂ ਵਿੱਚੋਂ ਇਕ ਹੈ।

ਗਰਭਵਤੀ ਔਰਤਾਂ ਤੇ ਨਵਜੰਮੇ ਬੱਚਿਆਂ ਲਈ ਖਤਰਾ: ਪਟਾਕਿਆਂ ਦੇ ਧੂੰਏਂ ਰਾਹੀ ਨਿਕਲਣ ਵਾਲੀ ਕਾਰਬਨ ਮੋਨੋਆਕਸਾਈਡ ਤੇ ਲੈੱਡ ਸਮੇਤ ਹੋਰ ਜ਼ਹਿਰੀਲੀਆਂ ਗੈਸਾਂ ਗਰਭਵਤੀ ਔਰਤਾਂ ਤੇ ਨਵਜੰਮੇ ਬੱਚਿਆਂ ਲਈ ਘਾਤਕ ਸਿੱਧ ਹੋ ਸਕਦੀਆਂ ਹਨ। ਗਰਭਵਤੀ ਔਰਤਾਂ ਵਿਚ ਜ਼ਹਿਰੀਆਂ ਗੈਸਾਂ ਨਾਲ ਗਰਭਪਾਤ ਦੀ ਸਮੱਸਿਆ ਵੀ ਆ ਸਕਦੀ ਹੈ। ਕਈ ਖ਼ਤਰਨਾਕ ਗੈਸਾਂ ਦੇ ਸੰਪਰਕ 'ਚ ਜੇ ਬੱਚਾ ਬਹੁਤੀ ਦੇਰ ਤਕ ਰਹਿੰਦਾ ਹੈ ਤਾਂ ਉਸ ਦੀ ਦਿਮਾਗ਼ੀ ਸਮਰੱਥਾ 'ਤੇ ਵੀ ਮਾੜਾ ਅਸਰ ਪੈ ਸਕਦਾ ਹੈ।

**ਅੱਖਾਂ ਦੀਆਂ ਸਮੱਸਿਆਵਾਂ**: ਪਟਾਕਿਆਂ ਦਾ ਜ਼ਹਿਰੀਲਾ ਧੂੰਆਂ ਅੱਖਾਂ 'ਤੇ ਵੀ ਮਾੜਾ ਅਸਰ ਪਾ ਸਕਦਾ ਹੈ। ਅੱਖਾਂ ਵਿਚ ਜਲਣ ਤੇ ਪਾਣੀ ਨਿਕਲਣ ਸਣੇ ਹੋਰ ਵੀ ਗੰਭੀਰ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ।

ਬਲੱਡ ਪ੍ਰੈਸ਼ਰ ਤੇ ਦਿਲ ਦੀਆਂ ਸਮੱਸਿਆਵਾਂ 'ਚ ਵਾਧਾ: ਪਟਾਕਿਆਂ 'ਚ ਮੌਜੂਦ ਮਰਕਰੀ ਅਤੇ ਹੋਰ ਗੈਸਾਂ ਨਾਲ ਬਲੱਡ ਪ੍ਰੈਸ਼ਰ ਤੇ ਦਿਲ ਦੀਆਂ ਬਿਮਾਰੀਆਂ ਨਾਲ ਪੀੜਤ ਮਰੀਜ਼ਾਂ ਦੀਆਂ ਮੁਸ਼ਕਲਾਂ 'ਚ ਵਾਧਾ ਹੋ ਸਕਦਾ ਹੈ।

**ਸੁਣਨ ਸ਼ਕਤੀ 'ਤੇ ਅਸਰ**: ਪਟਾਕੇ ਚਲਾਉਣ ਨਾਲ ਜ਼ਹਿਰੀਲੀਆਂ ਗੈਸਾਂ ਦੇ ਨਾਲ-ਨਾਲ 150 ਡੀਬੀ ਤੋਂ ਵਧੇਰੇ ਸ਼ੋਰ ਪੈਦਾ ਹੁੰਦਾ ਹੈ, ਜਦੋਂਕਿ 110 ਡੀਬੀ ਤੋਂ ਵਧੇਰੇ ਸ਼ੋਰ ਮਨੁੱਖ ਵਿਚ ਆਰਜ਼ੀ ਬੋਲਾਪਣ ਪੈਦਾ ਕਰ ਸਕਦਾ ਹੈ।

ਕੋਵਿਡ-19 ਤੇ ਪਟਾਕੇ: ਅਸੀਂ ਭਲੀਭਾਂਤ ਜਾਣੂ ਹਾਂ ਕਿ ਕੋਵਿਡ-19 ਦੀ ਬਿਮਾਰੀ ਮਨੁੱਖੀ ਫੇਫੜਿਆਂ ਨੂੰ ਸਭ ਤੋਂ ਵੱਧ ਪ੍ਰਭਾਵਿਤ ਕਰਦੀ ਹੈ। ਪਟਾਕਿਆਂ ਨੂੰ ਅੱਗ ਲਗਾਉਣ ਨਾਲ ਪੈਦਾ ਹੋਈਆਂ ਜ਼ਹਿਰੀਲੀਆਂ ਗੈਸਾਂ ਤੇ ਧੂੰਆਂ ਇਸ ਸਮੇਂ ਦੌਰਾਨ ਮਨੁੱਖੀ ਜੀਵਨ ਲਈ ਬਹੁਤ ਘਾਤਕ ਸਿੱਧ ਹੋ ਸਕਦਾ ਹੈ।

**ਘਟੀਆ ਮਠਿਆਈ ਤੋਂ ਰਹੋ ਸਾਵਧਾਨ**

ਤਿਉਹਾਰੀ ਸੀਜ਼ਨ 'ਚ ਰੰਗ-ਬਰੰਗੀਆਂ ਮਠਿਆਈਆਂ ਜ਼ਹਿਰ ਦੇ ਰੂਪ 'ਚ ਦੁਕਾਨਾਂ 'ਤੇ ਸਜ ਕੇ ਤੁਹਾਡਾ ਇੰਤਜ਼ਾਰ ਕਰ ਰਹੀਆਂ ਹੁੰਦੀਆਂ ਹਨ। ਇਸ ਮੌਕੇ ਅਜਿਹੇ ਅਨਸਰ ਵਧੇਰੇ ਸਰਗਰਮ ਹੋ ਜਾਂਦੇ ਹਨ, ਜੋ ਘਟੀਆ ਮਠਿਆਈ ਤਿਆਰ ਕਰਦੇ ਹਨ ਤੇ ਉਸ ਨੂੰ ਮਿਆਰੀ ਦੱਸ ਕੇ ਵੇਚਦੇ ਹਨ। ਲਗਪਗ 80 ਫ਼ੀਸਦੀ ਮਠਿਆਈਆਂ ਖੋਏ ਤੋਂ ਤਿਆਰ ਹੁੰਦੀਆਂ ਹਨ। ਮਾਹਿਰ ਦੱਸਦੇ ਹਨ ਕਿ ਇਹ ਨਕਲੀ (ਸਿੰਥੈਟਿਕ) ਖੋਆ ਯੂਰੀਆ ਮਿਲਾ ਕੇ ਤਿਆਰ ਕੀਤਾ ਜਾਂਦਾ ਹੈ। ਇਹ ਮਠਿਆਈਆਂ ਤਿਆਰ ਕਰਨ ਲਈ ਨਕਲੀ ਤੇਲ ਤੇ ਘਿਉ ਵਰਤੇ ਜਾਂਦੇ ਹਨ। ਅਜਿਹੀਆਂ ਮਠਿਆਈਆਂ 'ਚ ਵਰਤੇ ਜਾਣ ਵਾਲੇ ਰੰਗ ਵੀ ਹੱਦ ਦਰਜੇ ਦੇ ਮਾੜੇ ਹੁੰਦੇ ਹਨ। ਇਹ ਰੰਗ ਵਾਲੀਆਂ ਮਠਿਆਈਆਂ ਸਾਡੀ ਪਾਚਨ ਕਿਰਿਆ, ਦਿਲ, ਜਿਗਰ ਤੇ ਗੁਰਦਿਆਂ 'ਤੇ ਮਾੜਾ ਅਸਰ ਕਰਦੀਆਂ ਹਨ। ਕਈ ਥਾਈਂ ਮਠਿਆਈਆਂ ਨੂੰ ਤਰੋਤਾਜ਼ਾ ਤੇ ਇਨ੍ਹਾਂ ਦਾ ਸਵਾਦ ਬਰਕਰਾਰ ਰੱਖਣ ਲਈ ਇਨ੍ਹਾਂ 'ਤੇ ਖ਼ੁਸ਼ਬੂਆਂ ਦਾ ਜੋ ਛਿੜਕਾਅ ਕੀਤਾ ਜਾਂਦਾ ਹੈ, ਉਹ ਸਾਡੀ ਸਿਹਤ ਬੇਹੱਦ ਖ਼ਤਰਨਾਕ ਹੁੰਦੀਆਂ ਹਨ।

ਦੀਵਾਲੀ ਮੌਕੇ ਅਰਬਾਂ ਰੁਪਏ ਦੇ ਪਟਾਕਿਆਂ ਨੂੰ ਦੇਖਦਿਆਂ ਹੀ ਅੱਗ ਲਗਾ ਦਿੱਤੀ ਜਾਂਦੀ ਹੈ। ਹਰ ਸਾਲ ਤਕਰੀਬਨ 350 ਟਨ ਕਾਗਜ਼ ਸਾੜ ਦਿੱਤਾ ਜਾਂਦਾ ਹੈ, ਜੋ ਕਰੀਬ 20,000 ਦਰੱਖ਼ਤਾਂ ਨੂੰ ਕੱਟਣ ਤੋਂ ਬਾਅਦ ਪ੍ਰਾਪਤ ਹੁੰਦਾ ਹੈ। ਜੇ ਅਸੀਂ ਅਜੇ ਵੀ ਵਾਤਾਵਰਨ ਤੇ ਮਨੁੱਖੀ ਜੀਵਨ ਨੂੰ ਬਚਾਉਣ ਲਈ ਸੁਚੇਤ ਨਾ ਹੋਏ ਤਾਂ ਇਸ ਧਰਤੀ 'ਤੇ ਸਾਹ ਲੈਣਾ ਵੀ ਔਖਾ ਹੋ ਜਾਵੇਗਾ। ਆਓ! ਦੀਵਾਲੀ ਮੌਕੇ ਖ਼ੁਸ਼ੀਆਂ ਦੇ ਦੀਵੇ ਬਾਲੀਏ।

# ਗੁਰਮਤਿ ਵਿਚ ਕਿਰਤ ਦਾ ਸੰਕਲਪ

ਸਾਡਾ ਸਮੁੱਚਾ ਆਲਾ-ਦੁਆਲਾ ਵੱਡੇ-ਵੱਡੇ ਪਹਾੜ, ਨਦੀਆਂ, ਸਮੁੰਦਰ, ਜੰਗਲ, ਚਮਕਦੇ ਤਾਰੇ, ਮਹਕਿਦੀ ਹੋਈ ਬਨਸਪਤੀ, ਚਹਕਿਦੇ ਹੋਏ ਪੰਛੀ ਇੱਥੋ ਤੱਕ ਕਿ ਸਾਡੀ ਆਪਣੀ ਹੋਂਦ ਵੀ ਕਰਤੇ ਦੀ ਕਰਿਤ ਹੈ। ਕਰਿਤ ਦੇ ਦੁਆਰਾ ਹੀ ਸਮੁੱਚਾ ਪਸਾਰਾ ਹੋਂਦ ਵਚਿ ਆਉਂਦਾ ਹੈ।

***ਆਪੀਨੈ ਆਪੁ ਸਾਜਓਿ ਆਪੀਨੈ ਰਚਓਿ ਨਾਉ॥***
***ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਠਿੋ ਚਾਉ॥ (ਅੰਗ ੪੬੩)***

Officials said preference is being given to families headed by women, widows, and those separated or divorced. Families with special needs members and those below poverty line, who are not getting benefits of government’s free rice scheme, will also benefit from the Orunodoi scheme.

The money will be transferred into the bank accounts of women members of the beneficiary families to ensure that it is spent on the genuine needs.

“This is the biggest social welfare scheme of Assam ever. It is also the largest direct benefit scheme...,” said Assam minister Himanta Biswa Sarma.

In the first phase, around 1.8 million families would get the money. After elections to the Bodoland Territorial Council are over this month, the number of beneficiary families will increase to 2.2 million.

The scheme will cost the exchequer over Rs 200 crore monthly. Rs 2,800 crore has been earmarked for the scheme in this year’s budget. The government hopes to gradually increase the number of beneficiaries.

# ‘For her own safety’: Delhi Police on why Shaheen Bagh Dadi was stopped at Singhu border

Bilkis Bano, the 82-year-old who earned the moniker “Dadi of Shaheen Bagh” was detained by police on Tuesday as she joined farmers protesting against the recently enacted farm laws at the Singhu Border in Delhi. The police later in the day said that Bano is a senior citizen and stopped “for her own safety” amid the Covid-19 pandemic.



“Bilkis Bano is a senior citizen and due to Covid-19 pandemic, she was stopped at Singhu Border and escorted by police to her home in Delhi for her own safety,” news agency ANI quoted Gaurav Sharma, DCP as saying.

Bano, along with two other grandmothers emerged as the face of NRC-CAA protests earlier this year. Her husband died about 11 years ago and she currently lives in Shaheen Bagh with her daughters-in-law and grandchildren.

Thousands of farmers from Punjab and Haryana are protesting against the three farm laws passed by Parliament in September. They have been camping in and around Delhi demanding that the laws should be taken back by the Centre.

Also Read | ‘Will reach solution’, says Agri Minister as govt holds meeting with farmers

The Centre has invited representatives of farmer groups for the next round of talks today. The talks were initially scheduled for Thursday but they got preponed after Union agricultural minister Narendra Singh Tomar and Union home minister Amit Shah met twice on Monday to discuss the issues.

Farmers are protesting against the Farmers Produce Trade and Commerce (Promotion and Facilitation) Act, 2020, The Farmers (Empowerment and Protection) Agreement on Price Assurance and Farm Service Act, 2020, and The Essential Commodities (Amendment) Act, 2020.

# ਗੁਰੂ ਤੇਗ ਬਹਾਦਰ ਦੇ ਮੁਸਲਮਾਨ ਮੁਰੀਦ : ਰਹੀਮ ਬਖਸ਼ ਤੇ ਕਰੀਮ ਬਖਸ਼

666 ਈ. ਨੂੰ ਜਦ ਪਟਨਾ ਸਾਹਿਬ (ਬਿਹਾਰ) ਵਿੱਚ ਬਾਲ ਗੋਬਿੰਦ ਦਾ ਜਨਮ ਹੋਇਆ ਸੀ, ਤਾਂ ਉਸ ਵੇਲੇ ਗੁਰੂ ਤੇਗ ਬਹਾਦਰ ਜੀ ਹਿੰਦੋਸਤਾਨ ਦੇ ਪੂਰਬੀ ਇਲਾਕੇ ਅਸਾਮ ਵਿਚ ਸਨ। ਉਥੋਂ ਦੇ ਸਾਰੇ ਕਾਰਜ ਪੂਰਨ ਕਰ ਕੇ ਨੌਵੇਂ

**ਗੱਜਣਵਾਲਾ ਸੁਖਮਿੰਦਰ ਸਿੰਘ**

ਪਾਤਸ਼ਾਹ ਪੰਜਾਬ ਵੱਲ ਚੱਲੇ ਤਾਂ ਉਨ੍ਹਾਂ ਨੇ ਵਾਪਸੀ ਵੇਲੇ ਆਪਣੇ ਪੁੱਤਰ ਅਤੇ ਪਰਿਵਾਰ ਨੂੰ ਮਿਲਣ ਲਈ ਪਟਨਾ ਸਹਿਬ ਵੱਲ ਚਾਲੇ ਪਾਏ। ਆਪਣੇ ਸੰਗੀ ਸਿੱਖਾਂ ਸਮੇਤ ਗੁਰੂ ਸਾਹਿਬ ਨੇ ਪਟਨਾ ਨਗਰ ਦੇ ਬਾਹਰ ਵਾਰ ਸ਼ਹਿਰ ਤੋਂ ਚਾਰ ਕੁ ਕਿਲੋਮੀਟਰ ਦੀ ਦੂਰੀ 'ਤੇ ਪੂਰਬ ਵਾਲੇ ਪਾਸੇ ਇਕ ਬਾਗ਼ ਵਿਚ ਡੇਰਾ ਕਰ ਲਿਆ। ਇਤਿਹਾਸਕਾਰ ਡਾ. ਫੌਜਾ ਲਿੱਖਦੇ ਹਨ ਕਿ ਇਹ ਬਾਗ਼ ਨਵਾਬ ਰਹੀਮ ਬਖਸ਼ ਤੇ ਕਰੀਮ ਬਖਸ਼ ਦੋ ਭਰਾਵਾਂ ਦਾ ਸੀ। ਗੁਰੂ ਸਾਹਿਬ ਦੀ ਆਮਦ ਵੇਲੇ ਇਹ ਬਾਗ਼ ਬਹੁਤ ਹੀ ਵੀਰਾਨ, ਸੁੱਕ ਚੁੱਕਿਆ ਤੇ ਉਜੜਿਆ ਪਿਆ ਸੀ। ਉਥੇ ਇੱਕ ਇਮਲੀ ਦੇ ਦਰੱਖ਼ਤ ਹੇਠ ਗੁਰੂ ਜੀ ਬੈਠ ਗਏ। ਪ੍ਰਚੱਲਤ ਰਵਾਇਤ ਅਨੁਸਾਰ ਗੁਰੂ ਸਾਹਿਬ ਦੇ ਇਥੇ ਆਉਣ ਨਾਲ ਉਹ ਬਾਗ਼ ਹਰਿਆ-ਭਰਿਆ ਹੋ ਗਿਆ। ਬਾਗ ਦੇ ਫਿਰ ਟਹਿਕਣ ਦੀ ਗੱਲ ਸਾਰੇ ਸ਼ਹਿਰ ਵਿਚ ਫੈਲ ਗਈ। ਬਾਗ਼ ਦੇ ਮਾਲਕ ਨਵਾਬ ਨੂੰ ਲੋਕਾਂ ਤੋਂ ਪਤਾ ਲੱਗਾ ਕਿ ਕਿਸੇ ਮਹਾਂਪੁਰਖ ਦੇ ਚਰਨ ਪੈਣ ਸਦਕਾ ਬਾਗ਼ ਵਿਚ ਫਿਰ ਰੌਣਕ ਪਰਤ ਆਈ ਹੈ ਤੇ ਹਰਿਆ-ਭਰਿਆ ਦਿਸਣ ਲੱਗ ਪਿਆ ਹੈ। ਇਹ ਜਾਣ ਕੇ ਨਵਾਬ ਰਹੀਮ ਬਖਸ਼ ਤੇ ਉਸ ਦਾ ਭਰਾ ਕਰੀਮ ਬਖਸ਼ ਉਥੇ ਪਹੁੰਚ ਗਏ। ਡਾ. ਫੌਜਾ ਸਿੰਘ ਲਿੱਖਦੇ ਹਨ ਕਿ ਜਦ ਉਹ ਦੋਵੇਂ ਭਰਾ ਉਥੇ ਪਹੁੰਚੇ ਤਾਂ ਉਸ ਵੇਲੇ ਗੁਰੂ ਸਾਹਿਬ ਦਾਤਨ ਕਰ ਰਹੇ ਸਨ। ਗੁਰੂ ਸਾਹਿਬ ਨੇ ਨਵਾਬ ਰਹੀਮ ਬਖਸ਼ ਤੇ ਕਰੀਮ ਬਖਸ਼ ਨੂੰ ਮਿਲਣ ਤੋਂ ਪਹਿਲਾਂ ਉਹ ਦਾਤਨ ਧਰਤੀ ਵਿਚ ਗੱਡ ਦਿੱਤੀ। ਉਹ ਗੱਡੀ ਹੋਈ ਦਾਤਨ ਫੁੱਟ ਪਈ ਤੇ ਸਮਾਂ ਪਾ ਕੇ ਨਿੰਮ ਦਾ ਵੱਡਾ ਦਰੱਖ਼ਤ ਬਣ ਗਈ। ਗੁਰੂ ਸਾਹਿਬ ਨੇ ਉਸ ਨਿੰਮ ਦੀ ਦਾਤਨ ਨੂੰ ਗੱਡਣ ਵੇਲੇ ਉਸ ਵਿਚ ਇਕ ਲੋਹੇ ਦਾ ਕੜਾ ਪਾ ਦਿੱਤਾ ਸੀ। ਜਿਵੇਂ ਜਿਵੇਂ ਉਹ ਨਿੰਮ ਦਾ ਦਰੱਖਤ ਵਧਦਾ ਗਿਆ, ਕੜਾ ਉਸ ਵਿਚ ਲੁਕਦਾ ਗਿਆ। ਸੰਨ 1947 ਵਿਚ ਕੁਦਰਤੀ ਨਿੰਮ ਦਾ ਇਕ ਟਾਹਣ ਟੁੱਟ ਗਿਆ ਤੇ ਉਸ ਵਿਚੋਂ ਉਹ ਕੜਾ ਨਿਕਲ ਆਇਆ। ਉਹ ਕੜਾ ਅੱਜ ਵੀ ਗੁਰਦੁਆਰਾ ਸਾਹਿਬ ਵਿਚ ਮੌਜੂਦ ਹੈ, ਜਿਸ ਨੂੰ ਜੰਗਾਲ ਜਿਹੀ ਲੱਗੀ ਹੋਈ ਹੈ ਅਤੇ ਟਾਂਕੇ ਤੋਂ ਬਗੈਰ ਹੈ।



ਨਵਾਬ ਰਹੀਮ ਬਖਸ਼ ਤੇ ਕਰੀਮ ਬਖਸ਼ ਨੇ ਬਾਗ਼ ਵਿਚ ਆ ਕੇ ਜਦ ਗੁਰੂ ਤੇਗ ਬਹਾਦਰ ਦੇ ਚਰਨਾਂ ਵਿਚ ਮੱਥਾ ਟੇਕਿਆ ਤਾਂ ਗੁਰੂ ਸਾਹਿਬ ਨੇ ਉਨ੍ਹਾਂ ਤੋਂ ਪੁੱਛਿਆ, “ਇਹ ਬਾਗ਼ ਕਿਸ ਦਾ ਹੈ ?“ ਤਾਂ ਉਨ੍ਹਾਂ ਭਰਾਵਾਂ ਦਾ ਉੱਤਰ ਸੀ, “ਗੁਰੂ ਸਾਹਿਬ ਜੀ ! ਇਹ ਤੁਹਾਡਾ ਬਾਗ਼ ਹੈ।“ ਗੁਰੂ ਸਾਹਿਬ ਨੇ ਦੁਬਾਰਾ ਪੁੱਛਿਆ ਤਾਂ ਉਨ੍ਹਾਂ ਫਿਰ ਕਿਹਾ, “ਇਹ ਬਾਗ਼ ਤੁਹਾਡਾ ਹੈ।“ ਗੁਰੂ ਸਾਹਿਬ ਨੇ ਜਦ ਤੀਜੀ ਵਾਰ ਫਿਰ ਪੁੱਛਿਆ ਤਾਂ ਨਵਾਬ ਨੇ ਬੜੀ ਨਿਮਰਤਾ ਨਾਲ ਬੰਦਨਾ ਕਰਦੇ ਹੋਏ ਕਿਹਾ, “ਗੁਰੂ ਸਾਹਿਬ ਜੀ ! ਬਾਗ ਤਾਂ ਸਾਡਾ ਹੀ ਹੈ ਪਰ ਇਹ ਦੇਰ ਦਾ ਖੁਸ਼ਕ, ਵਿਰਾਨ ਹੋਇਆ ਪਿਆ ਸੀ। ਆਪ ਜੀ ਦੇ ਚਰਨ-ਕਮਲਾਂ ਦੀ ਛੋਹ ਪ੍ਰਾਪਤੀ ਸਦਕਾ ਇਹ ਫਿਰ ਤੋਂ ਹਰਿਆ-ਭਰਿਆ ਹੋ ਗਿਆ ਹੈ। ਇਸ ਲਈ ਪਾਤਸ਼ਾਹ ਜੀ ਅੱਜ ਤੋਂ ਇਹ ਬਾਗ਼ ਆਪ ਜੀ ਦਾ ਹੀ ਹੈ।“ ਫਿਰ ਨਵਾਬ ਨੇ ਉਸ ਬਾਗ਼ ਦੇ ਚਾਰੇ ਪਾਸੇ ਚਾਰ ਦੀਵਾਰੀ ਕਰ ਕੇ ਉਸ ਦੇ ਮੁੱਖ ਦਰਵਾਜ਼ੇ 'ਤੇ 'ਗੁਰੂ ਕਾ ਬਾਗ਼' ਨਾਂ ਦਾ ਬੋਰਡ ਲਗਵਾ ਦਿੱਤਾ। ਨਵਾਬ ਨੇ ਗੁਰੂ ਸਾਹਿਬ ਦੀ ਬਹੁਤ ਆਉ-ਭਗਤ ਕੀਤੀ। ਇਸ ਸਥਾਨ ਬਾਰੇ ਇਹ ਗੱਲ ਵੀ ਪ੍ਰਚੱਲਤ ਹੈ ਕਿ ਜਦ ਗੁਰੂ ਸਾਹਿਬ ਤੇ ਨਵਾਬ ਦਾ ਆਪਸੀ ਕੁਸ਼ਲ-ਮੰਗਲ ਪੁੱਛਦਿਆਂ ਵਿਚਾਰ ਵਿਟਾਂਦਰਾ ਹੋਇਆ ਤਾਂ ਨਵਾਬ ਨੇ ਗੁਰੂ ਸਾਹਿਬ ਨੂੰ ਦੱਸਿਆ ਕਿ ਉਸ ਦੀ ਬੇਗਮ ਇਕ ਦੀਰਘ ਰੋਗ ਤੋਂ ਪੀੜਤ ਹੈ। ਉਸ ਦੇ ਔਲਾਦ ਨਹੀਂ ਹੈ। ਉਸ ਨੂੰ ਕੁਸ਼ਟ-ਰੋਗ ਹੈ। ਫਿਰ ਇਕ ਦਿਨ ਉਹ ਨਵਾਬ ਗੁਰੂ ਜੀ ਦੇ ਦਰਸ਼ਨਾਂ ਲਈ ਆਪਣੀ ਬੇਗਮ ਨੂੰ ਨਾਲ ਲੈ ਕੇ ਉਥੇ ਆਇਆ। ਤਦ ਗੁਰੂ ਸਾਹਿਬ ਨੇ ਫਰਮਾਇਆ, “ਤੁਸੀਂ ਇਸ ਬਾਗ਼ ਵਿਚ ਇਕ ਫ਼ਲਦਾਰ ਬੂਟਾ ਲਗਾਉ ਅਤੇ ਇਸ ਵਿਚ ਬਣੇ ਖੂਹ ਦੇ ਪਾਣੀ ਨਾਲ ਇਸ਼ਨਾਨ ਕਰੋ; ਵਾਹਿਗੁਰੂ ਭਲੀ ਕਰੇਗਾ।“ ਬੇਗਮ ਨੇ ਗੁਰੂ ਸਾਹਿਬ ਦੀ ਆਗਿਆ ਦਾ ਪਾਲਣ ਕੀਤਾ। ਉਸ ਦਾ ਸਾਰਾ ਦੁੱਖ ਦੂਰ ਹੋ ਗਿਆ ਤੇ ਉਸ ਦੇ ਘਰ ਬਾਲਕ ਨੇ ਜਨਮ ਲਿਆ। ਗੁਰੂ ਸਾਹਿਬ ਜਿੰਨਾ ਚਿਰ ਪਟਨਾ ਸਾਹਿਬ ਉਸ ਬਾਗ਼ ਵਿਚ ਬਿਰਾਜਮਾਨ ਰਹੇ, ਨਵਾਬ ਰਹੀਮ ਬਖਸ਼ ਤੇ ਕਰੀਮ ਬਖਸ਼ ਦੋਨੋਂ ਰੋਜ਼ਾਨਾ ਆਪਣੇ ਆਪ ਨੂੰ ਗੁਰੂ ਸਾਹਿਬ ਦੇ ਮੁਰੀਦ ਜਾਣ ਕੇ ਉਨ੍ਹਾਂ ਦੇ ਦਰਸ਼ਨਾਂ ਲਈ ਆਉਂਦੇ ਤੇ ਖੂਬ ਸੇਵਾ ਕਰਦੇ ਰਹੇ। ਮੁਅੱਰਿਖ ਲਿਖਦਾ ਹੈ ਗੁਰੂ ਦੀ ਆਮਦ ਸਦਕਾ ਉਸ 'ਗੁਰੂ ਕੇ ਬਾਗ਼' ਦੀ ਹਰਿਆਵਲ ਤੇ ਮਹਿਕ ਦਾ ਕਤਰਾ ਕਤਰਾ ਉਨ੍ਹਾਂ ਮੁਸਲਮਾਨ ਭਰਾਵਾਂ ਦਾ ਈਮਾਨ ਬਣ ਗਿਆ ।

ਗੁਰੂ ਤੇਗ ਬਹਾਦਰ ਜਦ ਅਸਾਮ ਤੋਂ ਪਟਨਾ ਸਾਹਿਬ ਨਵਾਬ ਰਹੀਮ ਬਖਸ਼ ਤੇ ਕਰੀਮ ਬਖਸ਼ ਦੇ ਬਾਗ਼ ਵਿਚ ਆਏ ਸਨ ਤਾਂ ਬਾਲ ਗੋਬਿੰਦ ਰਾਇ ਉਦੋਂ ਤਕਰੀਬਨ ਅੱਠ ਕੁ ਮਹੀਨੇ ਦੇ ਸਨ। ਕੁਝ ਇਤਹਾਸਕਾਰ ਲਿਖਦੇ ਹਨ ਜਦ ਨੌਵੇਂ ਪਾਤਸ਼ਾਹ ਦੇ ਬਾਗ਼ ਵਿਚ ਉਤਾਰਾ ਕਰਨ ਦਾ ਪਤਾ ਲੱਗਾ ਸੀ ਤਾਂ ਅਗਲੀ ਸਵੇਰ ਗੁਰੂ ਸਾਹਿਬ ਦਾ ਸਮੁੱਚਾ ਪਰਿਵਾਰ ਜੋ ਪਟਨਾ ਸਾਹਿਬ ਰਹਿ ਰਿਹਾ ਸੀ, ਬਾਲ ਗੋਬਿੰਦ ਨੂੰ ਨਾਲ ਲੈ ਕੇ ਉਸ ਬਾਗ ਵਿੱਚ ਪਹੁੰਚੇ ਗਏ। ਕੁਝ ਲੇਖਕਾਂ ਨੇ ਲਿਖਿਆ ਹੈ ਕਿ ਗੁਰੂ ਤੇਗ ਬਹਾਦਰ ਆਪਣੇ ਪੁੱਤਰ ਦਾ ਪਹਿਲੀ ਵਾਰ ਮੁੱਖ ਵੇਖਣ ਲਈ ਉਸ ਬਾਗ਼ 'ਚੋਂ ਚੱਲ ਕੇ ਪਟਨਾ ਸਾਹਿਬ ਸ਼ਹਿਰ ਵਿੱਚ ਗਏ, ਜਿਥੇ ਸਮੁੱਚੇ ਪਰਿਵਾਰ ਦਾ ਨਿਵਾਸ ਸੀ।

ਨੌਵੇਂ ਪਾਤਸ਼ਾਹ ਫਿਰ ਕੁਝ ਚਿਰ ਪਟਨਾ ਸਾਹਿਬ ਰਹਿ ਕੇ ਅੱਗੇ ਪੰਜਾਬ ਵੱਲ ਆਨੰਦਪੁਰ ਸਾਹਿਬ ਵੱਲ ਚਲੇ ਗਏ ਸਨ। ਉਨ੍ਹਾਂ ਦਾ ਸਮੁੱਚਾ ਪਰਿਵਾਰ ਕੁਝ ਸਾਲ ਪਟਨਾ ਸਾਹਿਬ ਹੀ ਰਿਹਾ। ਜਦ ਨੌਵੇਂ ਗੁਰੂ ਦੇ ਆਦੇਸ਼ 'ਤੇ ਉਨ੍ਹਾਂ ਨੇ ਪਟਨਾ ਸਾਹਿਬ ਛੱਡਿਆ ਤਾਂ ਬਾਲ ਗੋਬਿੰਦ ਦੀ ਉਮਰ ਤਕਰੀਬਨ ਪੰਜ ਕੁ ਸਾਲ ਦੀ ਸੀ।

ਮੁਅੱਰਿਖ ਲਿਖਦਾ ਹੈ ਕਿ ਜਦ ਨੌਵੇਂ ਪਾਤਸ਼ਾਹ ਪੰਜਾਬ ਚਲੇ ਗਏ ਸਨ ਤਾਂ ਉਨ੍ਹਾਂ ਤੋਂ ਪਿਛੋਂ ਬਾਲ ਗੋਬਿੰਦ ਰਾਇ ਵੀ ਨਵਾਬ ਰਹੀਮ ਬਖਸ਼ ਤੇ ਕਰੀਮ ਬਖਸ਼ ਵੱਲੋਂ ਅਰਪਣ ਕੀਤੇ ਗਏ 'ਗੁਰੂ ਕੇ ਬਾਗ਼' ਵਿਚ ਆਪਣੇ ਸੰਗੀਆਂ ਨਾਲ ਖੇਲਦੇ ਹੋਏ ਚਲੇ ਜਾਂਦੇ। ਉਹ ਉਥੇ ਹਰੇ ਕਚੂਰ ਛਾਂਦਾਰ ਦਰੱਖ਼ਤ ਹੇਠ ਸੌਂ ਜਾਂਦੇ ਤੇ ਉਥੇ ਠੰਢੀ-ਠਾਰ ਤੇ ਤਾਜ਼ੀ ਵਗਦੀ ਹਵਾ ਦਾ ਆਨੰਦ ਮਾਣਦੇ। ਜਿੰਨਾ ਚਿਰ ਗੁਰੂ ਸਾਹਿਬ ਦਾ ਸਮੁੱਚਾ ਪਰਿਵਾਰ ਪਟਨਾ ਸਾਹਿਬ ਰਿਹਾ, ਨਵਾਬ ਰਹੀਮ ਬਖਸ਼ ਤੇ ਕਰੀਮ ਬਖਸ਼ ਬਾਲ ਗੋਬਿੰਦ ਰਾਇ ਦੇ ਦੀਦਾਰ ਕਰਨ ਆਉਂਦੇ ਰਹੇ। ਅੱਜ ਵੀ ਜੋ ਸ਼ਰਧਾਲੂ ਪਟਨਾ ਸਾਹਿਬ ਦੇ ਦਰਸ਼ਨਾਂ ਲਈ ਜਾਂਦੇ ਹਨ, ਉਹ ਅਕਸਰ ਨਵਾਬ ਰਹੀਮ ਬਖਸ਼ ਤੇ ਕਰੀਮ ਬਖਸ਼ ਦੁਆਰਾ ਅਰਪਣ ਕੀਤੇ ਉਸ ਬਾਗ਼ 'ਗੁਰੂ ਕਾ ਬਾਗ਼' ਨਾਮੀ ਗੁਰਦੁਆਰੇ ਦੇ ਦਰਸ਼ਨਾਂ ਲਈ ਜ਼ਰੂਰ ਜਾਂਦੇ ਹਨ।

# ਸਮਾਜਿਕ ਵਿਕਾਸ ਦਾ ਆਧਾਰ ਲੋਕ ਖੇਡਾਂ

ਮਿਲਣ ਜੁਲਣ ਦੀ ਭਾਵਨਾ ਦੇ ਨਾਲ ਨਾਲ ਟੀਮ ਦੀ ਭਾਵਨਾ ਅਤੇ ਆਪਸੀ ਮੁਕਾਬਲੇ ਦੀ ਭਾਵਨਾ ਵੀ ਉਤਪੰਨ ਹੁੰਦੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਲੜਾਈ ਝਗੜੇ ਵੀ ਉਤਪੰਨ ਹੁੰਦੇ ਹਨ, ਪਰ ਇਹ ਵੀ ਸਮਾਜੀਕਰਨ ਦੀ ਪ੍ਰਕਿਰਿਆ ਨੂੰ ਮਜ਼ਬੂਤੀ ਪ੍ਰਦਾਨ ਕਰਦੇ ਹਨ। ਲੜਨਾ ਝਗੜਨਾ ਥੋੜ੍ਹ ਚਿਰਾ ਹੁੰਦਾ ਹੈ, ਪਰ ਇਸ ਨਾਲ ਇਕਮਿਕਤਾ ਦੀ ਭਾਵਨਾ ਜ਼ਿਆਦਾ ਗਹਿਰੀ ਹੁੰਦੀ ਹੈ।

ਉਂਜ ਸਮਾਜਿਕ ਵਿਕਾਸ ਨਿਸ਼ਚਿਤ ਅਵਧੀ ਉਪਰੰਤ ਪ੍ਰਾਪਤ ਹੋਣ ਵਾਲੀ ਡਿਗਰੀ ਵਾਂਗ ਵੀ ਨਹੀਂ। ਇਹ ਉਮਰ ਭਰ ਭਾਵ ਝੂਲੇ ਤੋਂ ਕਬਰ ਤਕ ਚੱਲਣ ਵਾਲੀ ਪ੍ਰਕਿਰਿਆ ਹੈ। ਕਈ ਲੋਕ ਸਮਾਜ ਵਿਚ ਵਿਚਰਨ ਦੇ ਅਸੂਲਾਂ ਤੋਂ ਵਾਕਿਫ਼ ਨਹੀਂ ਹੁੰਦੇ। 'ਪਹਿਲਾਂ ਤੋਲੋ ਫਿਰ ਬੋਲੋ' ਜਿਹੇ ਸਮਾਜਿਕ ਗੁਣ ਉਨ੍ਹਾਂ ਅੰਦਰ ਨਹੀਂ ਆਉਂਦੇ। ਕਈ ਲੜਨ ਝਗੜਨ ਲਈ ਤਤਪਰ ਰਹਿੰਦੇ ਹਨ। ਕਈ ਲੋਕ ਕਿਸੇ ਇਕੱਠ ਜਾਂ ਸਮੂਹ ਵਿਚ ਬੈਠਣ ਤੋਂ ਅਸਮਰੱਥ ਹੁੰਦੇ ਹਨ ਜਾਂ ਹੋਰ ਲੋਕਾਂ ਨਾਲ ਗੱਲਬਾਤ ਕਰਨ ਵਿਚ ਔਖ ਮਹਿਸੂਸ ਕਰਦੇ ਹਨ। ਅਜਿਹੇ ਕਾਰਨਾਂ ਪਿੱਛੇ ਕਿਧਰੇ ਨਾ ਕਿਧਰੇ ਸਮਾਜਿਕ ਵਿਕਾਸ ਜਾਂ ਸਮਾਜੀਕਰਨ ਵਿਚ ਰਹਿ ਗਈ ਕਮੀ ਹੁੰਦੀ ਹੈ। ਦੇਸ਼ ਦੇ ਤੇਜ਼ ਸਰਵਪੱਖੀ ਵਿਕਾਸ ਕਾਰਨ ਮਨੋਰੰਜਨ ਦੇ ਸਾਧਨ ਪਰਿਵਰਤਿਤ ਹੋ ਚੁੱਕੇ ਹਨ। ਇਸ ਪਰਿਵਰਤਨ ਵਜੋਂ ਸਮਾਜੀਕਰਨ ਵਿਚ ਸਹਾਈ ਸਾਧਨਾਂ ਨੇ ਆਪਣਾ ਰੂਪ ਅਤੇ ਢੰਗ ਵੀ ਬਦਲ ਲਿਆ ਹੈ। ਇਸ ਬਦਲਾਅ ਨੇ ਬੱਚਿਆਂ ਦੇ ਬੌਧਿਕ-ਮਾਨਸਿਕ ਪੱਧਰ ਅਤੇ ਸਮਾਜਿਕ

**ਅੰਮ੍ਰਿਤ ਪਾਲ**

ਸੱਭਿਆਚਾਰਕ ਜੀਵਨ 'ਤੇ ਅਸਰ ਪਾਇਆ ਹੈ। ਜਿਸ ਪ੍ਰਕਿਰਿਆ ਤਹਿਤ ਪਹਿਲਾਂ ਸਮਾਜਿਕ ਵਿਕਾਸ ਹੁੰਦਾ ਸੀ, ਹੁਣ ਉਸ ਤਰੀਕੇ ਸਮਾਜਿਕ ਵਿਕਾਸ ਨਾ ਹੋਣ ਕਾਰਨ ਕਈ ਚੰਗੇ ਗੁਣ ਬੱਚਿਆਂ ਵਿਚ ਨਹੀਂ ਆਉਂਦੇ। ਭਾਵੇਂ ਹੁਣ ਬੱਚਾ ਟੀਵੀ, ਕੰਪਿਊਟਰ, ਮੋਬਾਈਲ ਆਦਿ ਬੇਜਾਨ, ਪਰ ਬੌਧਿਕ ਮਨੋਰੰਜਨ ਦੇ ਸਾਧਨਾਂ ਦਾ ਪ੍ਰਯੋਗ ਕਰਦਾ ਹੈ। ਜੇਕਰ ਧਿਆਨ ਨਾਲ ਦੇਖੀਏ ਤਾਂ ਇਹ ਬੇਜਾਨ ਸਾਧਨ ਵਿਅਕਤੀਗਤ ਜਾਂ ਇਕ ਦੋ ਦੋਸਤਾਂ ਨਾਲ ਸਬੰਧਿਤ ਹਨ, ਇਸ ਨਾਲ ਇਕ ਇਕੱਠ ਜਾਂ ਸਮੂਹ ਵਿਚ ਹੋਣ ਵਾਲਾ ਵਿਕਾਸ ਅਧੂਰਾ ਰਹਿ ਜਾਂਦਾ ਹੈ। ਇਸ ਲਈ ਬੱਚੇ ਦਾ ਸਮਾਜਿਕ ਵਿਕਾਸ ਸੀਮਤ ਹੈ, ਪਰ ਪੁਰਾਣੇ ਸਮੇਂ ਵਿਚ ਮਨੋਰੰਜਨ ਦਾ ਪ੍ਰਮੁੱਖ ਸਾਧਨ ਵੰਨ ਸੁਵੰਨੀਆਂ ਲੋਕ ਖੇਡਾਂ ਸਨ। ਇਨ੍ਹਾਂ ਖੇਡਾਂ ਵਿਚੋਂ ਭਾਈਚਾਰਕ ਸਾਂਝ, ਮਿਲਵਰਤਨ ਤੇ ਸਹਿਯੋਗ ਵਰਗੇ ਸਮਾਜਿਕ ਗੁਣ ਉਜਾਗਰ ਹੁੰਦੇ ਸਨ।

ਕਈ ਲੋਕ ਖੇਡਾਂ ਬੱਚਿਆਂ ਦੁਆਰਾ ਟੋਲੇ ਬਣਾ ਕੇ ਖੇਡੀਆਂ ਜਾਂਦੀਆਂ ਸਨ। ਇਨ੍ਹਾਂ ਟੋਲਿਆਂ ਵਿਚ ਬੱਚਿਆਂ ਦੇ ਸਰੀਰਿਕ, ਮਾਨਸਿਕ, ਬੌਧਿਕ ਵਿਕਾਸ ਦੇ ਨਾਲ-ਨਾਲ ਮੁੱਢਲਾ ਸਮਾਜਿਕ ਵਿਕਾਸ ਵੀ ਹੁੰਦਾ ਸੀ। ਇਸ ਸਮਾਜਿਕ ਵਿਕਾਸ ਪ੍ਰਕਿਰਿਆ ਦੌਰਾਨ ਬੱਚੇ ਸਦਭਾਵਨਾ, ਨੇਕ-ਨੀਅਤੀ, ਇਨਸਾਫ਼, ਭਾਈਵਾਲੀ, ਸਹਿਨਸ਼ੀਲਤਾ, ਭਾਵਨਾਤਮਕ ਵਿਕਾਸ, ਮੁਕਾਬਲੇ ਦੀ ਭਾਵਨਾ, ਸਵੈ ਕਾਬੂ, ਸਵੈ ਪ੍ਰਗਟਾਵਾ, ਆਦਰ ਸਤਿਕਾਰ, ਆਤਮ ਵਿਸ਼ਵਾਸ ਆਦਿ ਕਈ ਸਮਾਜਿਕ ਨੈਤਿਕ ਗੁਣ ਸਿੱਧੇ ਜਾਂ ਅਸਿੱਧੇ ਰੂਪ ਵਿਚ ਗ੍ਰਹਿਣ ਕਰਦੇ ਸਨ। ਬੱਚਿਆਂ ਦੇ ਸਮੂਹ ਵਿਅਕਤੀਗਤ ਵਿਵਹਾਰ ਦੇ ਨਾਂਹ ਪੱਖੀ ਪਹਿਲੂਆਂ ਨੂੰ ਦੂਰ ਕਰਨ ਵਿਚ ਸਹਾਈ ਸਨ। ਜੇਕਰ ਬੱਚੇ ਲੜਦੇ ਸਨ ਤਾਂ ਸਮੂਹ ਵਿਚ ਕੁਝ ਬੱਚੇ ਸੁਲ੍ਹਾ ਸਫਾਈ ਕਰਾਉਣ ਵਾਲੇ ਵੀ ਅੱਗੇ ਆਉਂਦੇ। ਹਾਰਨ ਅਤੇ ਸੱਟ ਚੋਟ ਲੱਗਣ ਉੱਤੇ ਹੌਸਲਾ ਦੇਣ ਵਾਲੇ ਬੱਚੇ ਵੀ ਸਮੂਹ ਵਿਚੋਂ ਹੀ ਹੁੰਦੇ ਸਨ। ਗ਼ਲਤ ਸ਼ਬਦਾਵਲੀ ਵਰਤਣ ਵਾਲੇ ਬੱਚਿਆਂ ਦਾ ਵਿਰੋਧ ਅਤੇ ਸੁਧਾਰ ਕਰਨ ਵਾਲੇ ਬੱਚੇ ਵੀ ਹੁੰਦੇ ਸਨ। ਕਿਸੇ ਜ਼ਮਾਨੇ ਵਿਚ ਲੋਕ ਖੇਡਾਂ



ਬੱਚਿਆਂ ਦੀ ਜ਼ਿੰਦਗੀ ਦਾ ਅਹਿਮ ਭਾਗ ਸਨ। ਪੁਰਾਤਨ ਸਮਿਆਂ ਵਿਚ ਇਹ ਖੇਡਾਂ ਆਂਢ ਗੁਆਂਢ ਦੇ ਬੱਚੇ ਇਕੱਠੇ ਹੋ ਕੇ ਗਰਮੀਆਂ ਦੀਆਂ ਦੁਪਹਿਰਾਂ, ਚਾਨਣੀਆਂ ਰਾਤਾਂ, ਗਲੀਆਂ, ਵਿਹੜਿਆਂ, ਰੁੱਖਾਂ ਦੇ ਹੇਠਾਂ ਖੇਡਿਆ ਕਰਦੇ ਸਨ। ਇਨ੍ਹਾਂ ਦੀ ਵੰਡ ਕੁੜੀਆਂ ਤੇ ਮੁੰਡਿਆਂ ਨੂੰ ਮੁੱਖ ਰੱਖ ਕੇ ਕੀਤੀ ਜਾਂਦੀ ਰਹੀ ਹੈ। ਕੁਝ ਖੇਡਾਂ ਕੁੜੀਆਂ ਨਾਲ ਸਬੰਧਿਤ ਹਨ ਅਤੇ ਕੁਝ ਖੇਡਾਂ ਮੁੰਡਿਆਂ ਨਾਲ ਸਬੰਧਿਤ ਹਨ। ਪਰ ਕੁੜੀਆਂ ਮੁੰਡੇ ਇਕੱਠੇ ਮਿਲ ਕੇ ਜਾਂ ਇਕ ਦੂਜੇ ਦੀਆਂ ਖੇਡਾਂ ਵੀ ਖੇਡ ਸਕਦੇ ਸਨ। ਬੱਚਿਆਂ ਦੀਆਂ ਪਸੰਦੀਦਾ ਖੇਡਾਂ ਛੂਹਣ ਵਾਲੀਆਂ ਖੇਡਾਂ ਸਨ, ਪਰ ਖੇਡਾਂ ਦੀ ਗਿਣਤੀ ਬਹੁਤੇਰੀ ਹੋਣ ਕਾਰਨ ਛੂਹਣ ਤੋਂ ਇਲਾਵਾ ਹੋਰ ਵੀ ਕਈ ਖੇਡਾਂ ਸਨ। ਇਹ ਖੇਡਾਂ ਨਿਯਮ ਰਹਿਤ ਹੋ ਕੇ ਵੀ ਕਈ ਸਮਾਜਿਕ ਗੁਣ ਅਤੇ ਨਿਯਮਾਂ ਦੇ ਪਾਠ ਪੜ੍ਹਾਉਂਦੀਆਂ ਸਨ। ਸਮਾਜਿਕ ਵਿਕਾਸ ਦੇ ਗੁਣ ਖੇਡ ਦੀ ਆਰੰਭਤਾ ਵਿਚ ਸ਼ੁਰੂ ਹੋ ਜਾਂਦੇ ਸਨ, ਜਦੋਂ ਬੱਚੇ ਬਿਨਾਂ ਉਚ ਨੀਚ, ਭੇਦ ਭਾਵ ਇਕ ਦੂਜੇ ਦਾ ਹੱਥ ਫੜ ਪੁੱਗਦੇ ਸਨ। ਕਈ ਖੇਡਾਂ ਲਈ ਆੜੀ ਮੜਿਕਣ ਸਮੇਂ ਦੋ ਸਮੂਹਾਂ ਦੀ ਅਗਵਾਈ ਕਰ ਰਹੇ ਬੱਚਿਆਂ ਵਿਚ ਲੀਡਰਸ਼ਿਪ ਦੀ ਭਾਵਨਾ ਦੇ ਵਿਕਾਸ ਨਾਲ ਬੱਚਿਆਂ ਅੰਦਰ ਸਮੂਹਿਕ ਭਾਵਨਾ ਦਾ ਵਿਕਾਸ ਹੁੰਦਾ ਸੀ। ਜੇਕਰ ਕੋਈ ਮੀਟੀ ਜਾਂ ਦਾਈ ਦੇਣੋ ਇਨਕਾਰੀ ਹੋਵੇ ਤਾਂ ਉਸ ਨੂੰ ਗੀਤ ਰਾਹੀਂ ਫਰਜ਼ ਨਿਭਾਉਣ ਲਈ ਪ੍ਰੇਰਿਤ ਕੀਤਾ ਜਾਂਦਾ ਸੀ।

ਲੜਕੀਆਂ ਦੀਆਂ ਖੇਡਾਂ ਗੁੱਡੀਆਂ ਪਟੋਲੇ, ਪੀਚੋ ਬੱਕਰੀ ਜਾਂ ਛਟਾਪੂ, ਗੀਟੇ, ਕੋਰੜਾ ਛੁਪਾਕੀ, ਬੁੱਢੀ ਮਾਈ, ਥਾਲ, ਈਂਗਣ ਮੀਂਗਣ, ਚੱਕੀ ਚੋਅ, ਤੋਤਿਆ ਮਨ ਮੋਤਿਆ, ਹਰਾ ਸਮੁੰਦਰ ਆਦਿ ਪ੍ਰਮੁੱਖ ਹਨ। ਇਨ੍ਹਾਂ ਖੇਡਾਂ ਨਾਲ ਮਿਲਵਰਤਨ, ਸਹਿਨਸ਼ੀਲਤਾ, ਆਪਸੀ ਸਾਂਝ ਆਦਿ ਕਈ ਗੁਣ ਗ੍ਰਹਿਣ ਕੀਤੇ ਜਾਂਦੇ ਸਨ। ਕੁੜੀਆਂ ਦੀਆਂ ਕਈ ਖੇਡਾਂ ਭਵਿੱਖ ਸਬੰਧੀ ਹੁੰਦੀਆਂ ਸਨ। ਇਨ੍ਹਾਂ ਪਿਛਲਾ ਮਨੋਵਿਗਿਆਨ ਭਵਿੱਖ ਲਈ ਤਿਆਰੀ ਦਾ ਆਧਾਰ ਬਣਦਾ ਸੀ। ਜੋ ਉਨ੍ਹਾਂ ਨੇ ਵੱਡੇ ਹੋ ਕੇ ਕਾਰਜ ਕਰਨੇ ਜਾਂ ਭੂਮਿਕਾਵਾਂ ਨਿਭਾਉਣੀਆਂ ਹੁੰਦੀਆਂ ਸਨ, ਉਹ ਭਾਵਨਾਤਮਕ ਰੂਪ ਵਿਚ ਪਹਿਲਾਂ ਹੀ ਉਨ੍ਹਾਂ ਵਿਚੋਂ ਲੰਘ ਚੁੱਕੀਆਂ ਹੁੰਦੀਆਂ ਸਨ। ਗੁੱਡੀਆਂ ਪਟੋਲੇ ਵਿਚ ਪਾਲਣ ਪੋਸ਼ਣ, ਦੇਖ-ਭਾਲ, ਕਾਰ ਵਿਹਾਰ, ਵਿਆਹ-ਸ਼ਾਦੀ ਨਾਲ ਸਬੰਧਿਤ ਭੂਮਿਕਾਵਾਂ, ਮਾਂ ਦੇ ਰੂਪ ਵਿਚ ਨਿਭਾ ਕੇ ਪੈਦਾ ਹੋਣ ਵਾਲੀਆਂ ਭਾਵਨਾਵਾਂ ਨੂੰ ਅਵਚੇਤਨ ਦਾ ਹਿੱਸਾ ਬਣਾ ਲੈਂਦੀਆਂ ਸਨ। ਘਰ-ਘਰ ਜਾਂ ਰਸੋਈ ਦੀਆਂ ਖੇਡਾਂ ਵੀ ਅਸਲ ਜੀਵਨ ਦੀ ਤਿਆਰੀ ਵੱਲ ਇਛਾਰਾ ਕਰਦੀਆਂ ਹਨ। ਇਹ ਖੇਡਾਂ ਲੜਕੀਆਂ ਦੇ ਸਮਾਜੀਕਰਨ ਨੂੰ ਹੋਰ ਖੇਡਾਂ ਤੋਂ ਵੱਧ ਮਜ਼ਬੂਤੀ ਪ੍ਰਦਾਨ ਕਰਦੀਆਂ ਸਨ। ਇਹ ਸਮਾਜਿਕ ਰਿਸ਼ਤਿਆਂ ਵਿਚ ਆਪਣੀ ਹੋਂਦ ਸਥਾਪਿਤ ਕਰਨ ਦਾ ਸਾਧਨ ਵੀ ਸਨ। ਜ਼ਿੰਦਗੀ ਭਰ ਕੰਮਾਂ ਕਾਰਾਂ ਦੇ ਬੋਝ ਹੇਠਾਂ ਜ਼ਿੰਦਗੀ ਬਸਰ ਕਰਨਾ ਔਰਤ ਦੀ ਵਿਥਿਆ ਹੈ। ਭੰਡਾ ਭੰਡਾਰੀਆ ਖੇਡ ਦੇ ਇਸ ਗੀਤ ਵਿਚ ਗੁੱਝੇ ਅਰਥ ਛੁਪੇ ਹਨ ਜੋ ਔਰਤ 'ਤੇ ਪੂਰੀ ਤਰ੍ਹਾਂ ਢੁਕਦੇ ਹਨ, 'ਭੰਡਾ ਭੰਡਾਰੀਆ ਕਿੰਨਾ ਕੁ ਭਾਰ ਇਕ ਮੁੱਠੀ ਚੁੱਕ ਲੈ ਦੂਜੀ ਤਿਆਰ'।

ਲੜਕਿਆਂ ਦੀਆਂ ਖੇਡਾਂ ਖਿੱਦੋ ਖੂੰਡੀ, ਗੁੱਲੀ ਡੰਡਾ, ਲੂਣ ਮਿਆਣੀ, ਸ਼ੱਕਰ ਭਿੱਜੀ, ਪੀਲ ਪਲਾਂਗੜਾ, ਡੰਡਾ ਡੁੱਕ, ਕੂਕਾ ਕਾਂਗੜੇ, ਲੁਕਣ ਮੀਟੀ /ਦਾਈ ਦੁਕੜੇ ਆਦਿ ਹਨ। ਲੜਕੀਆਂ ਦੀਆਂ ਖੇਡਾਂ ਵਾਂਗ ਇਨ੍ਹਾਂ ਵਿਚ ਸਹਿਨਸ਼ੀਲਤਾ, ਸੰਘਰਸ਼, ਮੁਕਾਬਲੇ ਦੀ ਭਾਵਨਾ ਦਾ ਵਿਕਾਸ ਹੁੰਦਾ ਸੀ। ਬਾਂਦਰ ਕਿੱਲਾ ਖੇਡ ਸੰਘਰਸ਼ ਅਤੇ ਸਹਿਨਸ਼ੀਲਤਾ ਦੀ ਬਹੁਤ ਮਹੱਤਵਪੂਰਨ ਉਦਾਹਰਨ ਹੈ। ਚੱਕਰ ਦੇ ਵਿਚਕਾਰ ਕੀਲਾ ਗੱਡ ਕੇ ਰੱਸੀ ਬੰਨ੍ਹੀ ਜਾਂਦੀ। ਬਾਰੀ ਦੇਣ ਵਾਲਾ ਰੱਸੀ ਦੀ ਲੰਬਾਈ ਅਨੁਸਾਰ ਚੱਕਰ ਵਿਚ ਰਹਿੰਦਾ ਸੀ। ਸਾਰੇ ਆਪਣੀਆਂ ਚੱਪਲਾਂ ਜੁੱਤੀਆਂ ਚੱਕਰ ਵਿਚ ਲਾਹ ਕੇ ਰੱਖ ਦਿੰਦੇ ਸਨ। ਵਾਰੀ ਦੇਣ ਵਾਲੇ ਦਾ ਮੁੱਖ ਕੰਮ ਰੱਸੀ ਫੜ ਕੇ ਚੱਕਰ ਵਿਚ ਘੁੰਮਣਾ ਅਤੇ ਜੁੱਤੀਆਂ ਦੀ ਰਾਖੀ ਕਰਨਾ ਹੁੰਦਾ ਸੀ। ਬਾਹਰ ਵਾਲੇ ਬੱਚੇ ਭੁਲੇਖਾ ਪਾ ਕੇ ਜੁੱਤੀਆਂ ਚੁੱਕਣ ਦੀ ਕੋਸ਼ਿਸ਼ ਕਰਦੇ ਸਨ। ਜੇਕਰ ਵਾਰੀ ਦੇਣ ਵਾਲਾ ਬਾਹਰਲੇ ਬੱਚੇ ਨੂੰ ਛੂਹ ਲਵੇ ਤਾਂ ਉਸ ਨੂੰ ਵਾਰੀ ਦੇਣੀ ਪੈਂਦੀ ਸੀ। ਮੰਨ ਲਓ ਜੇ ਸਾਰੀਆਂ ਜੁੱਤੀਆਂ ਬਾਹਰ ਕਰਨ ਵਿਚ ਬੱਚੇ ਸਫਲ ਹੋ ਜਾਣ ਤਾਂ ਚੱਕਰ ਵਾਲੇ ਵਿਅਕਤੀ ਨੂੰ ਇਕ ਵਾਰ ਫੇਰ ਬਾਰੀ ਦੇਣੀ ਪੈਂਦੀ ਸੀ ਅਤੇ ਸਜ਼ਾ ਦੇ ਤੌਰ 'ਤੇ ਉਸ ਨੂੰ ਨਿਸ਼ਚਿਤ ਜਗ੍ਹਾ 'ਤੇ ਭੱਜਣਾ ਪੈਂਦਾ ਸੀ, ਬਾਹਰ ਵਾਲੇ ਬੱਚੇ ਉਸ ਨੂੰ ਜੁੱਤੀਆਂ ਮਾਰਦੇ ਸਨ। ਇਸ ਖੇਡ ਪਿੱਛੇ ਗੂੜ੍ਹਾ ਸਮਾਜਿਕ ਵਿਕਾਸ ਛੁਪਿਆ ਹੈ। ਬੱਚਿਆਂ ਦੁਆਰਾ ਵਾਰੀ ਦੇਣ ਵਾਲੇ ਨੂੰ ਛੇੜਨਾ ਤੇ ਅਖੀਰ ਵਿਚ ਜੁੱਤੀਆਂ ਮਾਰਨਾ ਸਹਿਨਸ਼ੀਲਤਾ ਦੀ ਬਹੁਤ ਤਕੜੀ ਪ੍ਰੀਖਿਆ ਸੀ। ਜੋ ਇਕ ਜ਼ੋਰਦਾਰ ਸੱਟ ਖਾ ਕੇ ਵੀ ਉਸ ਨੂੰ ਸਹਿਨਸ਼ੀਲ ਅਤੇ ਸੰਘਰਸ਼ਮਈ ਬਣਾਉਂਦੀ ਸੀ। ਜ਼ਿੰਦਗੀ ਭਰ ਇਹ ਗੁਣ ਉਸ ਦੇ ਨਾਲ ਰਹਿੰਦੇ ਸਨ। ਇਸੇ ਤਰ੍ਹਾਂ ਪਿੱਠੂ ਗਰਮ ਵਿਚ ਠੀਕਰਾਂ ਨੂੰ ਚਿਣਦੇ ਠਾਹ ਪਿੱਠ 'ਤੇ ਆਣ ਗੇਂਦ ਲੱਗਦੀ ਤਾਂ ਦਿਨੇ ਤਾਰੇ ਦਿਖਣੇ ਸ਼ੁਰੂ ਹੋ ਜਾਂਦੇ। ਕੋਟਲਾ ਛਪਾਕੀ ਮੁੰਡੇ ਕੁੜੀਆਂ ਦੋਵਾਂ ਦੀ ਖੇਡ ਹੈ, ਇਸ ਵਿਚ 7 ਤੋਂ 15 ਕੁ ਬੱਚੇ ਹੁੰਦੇ ਸਨ। ਇਸ ਖੇਡ ਵਿਚ ਕੋਟਲੇ ਖਾਣੇ ਪੈਂਦੇ ਸਨ। ਬਾਕੀ ਬੱਚੇ ਹੱਸਦੇ, ਮਜ਼ਾਕ ਉਡਾਉਂਦੇ, ਅਜਿਹੇ ਮਾਹੌਲ ਵਿਚ ਵੀ ਸਹਿਨਸ਼ੀਲਤਾ, ਭਾਈਵਾਲੀ, ਸਵੈਕਾਬੂ, ਸਵੈ ਵਿਸ਼ਵਾਸ ਆਦਿ ਗੁਣਾਂ ਦਾ ਵਿਕਾਸ ਹੁੰਦਾ ਸੀ। ਖਿੱਦੋ ਖੂੰਡੀ ਇਕ ਤਰ੍ਹਾਂ ਹਾਕੀ ਦਾ ਹੀ ਪੁਰਾਤਨ ਰੂਪ ਹੈ। ਇਸ ਖੇਡ ਨਾਲ ਇਕੱਠੇ ਰਹਿਣ, ਵਧੀਆ ਬੋਲਚਾਲ, ਸਹਿਨਸ਼ੀਲਤਾ, ਹਾਰ ਜਿੱਤ ਦਾ ਸਾਹਮਣਾ ਕਰਨ ਜਿਹੇ ਗੁਣ ਸਮਾਜੀਕਰਨ ਦੀ ਪ੍ਰਕਿਰਿਆ ਦੁਆਰਾ ਬੱਚਾ ਆਤਮਸਾਤ ਕਰਦਾ ਸੀ। ਇਸੇ ਤਰ੍ਹਾਂ ਦੀ ਇਕ ਹੋਰ ਖੇਡ ਲੂਣ ਤੇਲ ਲੱਲੇ ਸੀ।

ਲੋਕ ਖੇਡਾਂ ਮਿਲ ਕੇ ਖੇਡਣ ਵਾਲੀਆਂ ਸਨ। ਇਹ ਜਾਤ-ਪਾਤ, ਉਚ ਨੀਚ, ਅਮੀਰੀ ਗ਼ਰੀਬੀ ਦੇ ਪਾੜੇ ਤੋਂ ਕੋਹਾਂ ਦੂਰ ਸਨ। ਇਹ ਖੇਡਾਂ ਭਾਈਚਾਰਕ ਸਾਂਝ ਦਾ ਵੀ ਆਧਾਰ ਬਣਦੀਆਂ ਸਨ। ਹੁਣ ਬੱਚੇ ਬਦਲ ਗਏ ਹਨ, ਉਹ ਵੱਡਿਆਂ ਵਾਲੀਆਂ ਗੱਲਾਂ ਕਰਦੇ ਹਨ। ਤਕਨੀਕ ਨੇ ਬਚਪਨ ਵਿਚੋਂ ਭੋਲੇਪਣ ਨੂੰ ਖ਼ਤਮ ਕਰ ਦਿੱਤਾ ਹੈ। ਇਹ ਖੇਡਾਂ ਸਮਾਜ ਵਿਚ ਰਹਿਣ ਦੀ ਕਲਾ ਵਿਕਸਤ ਕਰਦੀਆਂ ਸਨ। ਹੁਣ ਇਹ ਕਲਾ ਵਿਕਸਤ ਨਹੀਂ ਹੋ ਰਹੀ, ਸਹਿਨਸ਼ੀਲਤਾ ਘਟ ਰਹੀ ਹੈ, ਲੜਾਈ ਝਗੜੇ ਵਧ ਰਹੇ ਹਨ। ਸਮਾਜਿਕ ਵਿਕਾਸ ਨੂੰ ਮੁੱਖ ਰੱਖ ਕੇ ਜੇਕਰ ਸੰਭਵ ਹੋ ਸਕੇ ਤਾਂ ਕੁਝ ਖੇਡਾਂ ਨੂੰ ਮੁੜ ਤੋਂ ਸ਼ੁਰੂ ਕਰਨਾ ਚਾਹੀਦਾ ਹੈ।

# CARE ONE CARE ALL GROUP
# COCAG
## SERVING HUMANITY

# 4th FUNDRAISING DINNER 2020

DONATE TODAY FOR THEIR BETTER TOMORROW



SUPPORT COCAG CHARITY SAVE LIVES EDUCATE ORPHAN & POOR & SAVE TAX









COCAG HAS SUPPORTED PROJECTS WORTH $100000 SINCE 2014

**Date:** Sunday, 13th Dec 2020
**Time:** 6:00pm

ALCOHOL FREE EVENT

**Venue:**
The Madison Function Centre
632-Old Northern Road, Dural NSW - 2158

**Tickets** - $50 per person | **Table of 10** - $500 RSVP by 06/12/2020

## SNAPSHOT OF COCAG CHARITY ACTIVITIES

- Providing grocery hampers & other house hold items to homeless & people affected by drought, bush fires since 2017
- Provided Grocery hampers, medicine and medical supplies (O2 cylinders, masks, gloves) for the needy during Covid-19
- Helping orphan children in school fees & other needs
- Operating free medical Dispensary for the needy since 2017
- Organizing free health check & medical camp in slum & remote areas
- Free Ambulance Service to pickup abandoned and sick
- Providing 6 months free sewing training & sewing machines to needy girls
- Providing monthly Rashan to needy widows
- Funding salary of Doctors/nurses caring for destitute
- Supporting cancer and FoxG1 research
- Provided funds for education & specialty equipment for disabled.

SUPPORT THE EVENT AND HELP SAVE LIVES

COVID Restrictions Apply

## BANK DETAIL : BSB - 082 356 A/C # - 239 805 046

For further information, suggestions and support, please contact us on: Dr. Parmjit Singh 0416 983 334
Atul Sood 0473000003 | Baljinder Kaur 0404786848 | Deepak Sood 0433964466 | Gurvinder Malik 0425814029
Harbir Pannu 0468946072 | Pooja Kapoor 0404417315 | Suresh Sony 0432534370

## Our Proud Sponsors:

@cocag_

Like Us On Facebook

**Platinum**
Madison, Western Sydney, nanak, Basra Homes, JAG Truck Training, Belmont Homes

**Gold**
Shaktika Singh, Fine Works, BuildStar, United Homes, Kesabchi, Steel Frames & Trusses Pty Ltd — From Granny flats to high rise buildings, Waratah Estate Agents, Dhalia

**Silver**
Seven Hills, JMIT, Alaxia Group, Billu's, Xclusive Homes, starrpartners Bella Vista, LJ Hooker Seven Hills, Target Accountants, Singh Auto, S. GURMEJ SINGH, gomambo, HR Designs, JASH'N An Indian Fashion Label, AllRana, MINT Cellars

**Media Partners & Other**
ashdesigns, Friends, Haanji, ਪੰਜਾਬ ਟਾਈਮਜ਼ PUNJAB TIMES, ਪੰਜਾਬ ਹੇਰਲਡ, MIC Lawyers, SWR FM ਗੀਤਾਂ ਦਾ ਮੇਲਾ 99.9FM SUN 8-10 ਵਜੇ ਸਵੇਰ, The Pando's Photography

# ਸਮਾਜਿਕ ਰਿਸ਼ਤੇ ਤੇ ਇਮੀਊਨਿਟੀ

ਡਾ. ਸ਼ਿਆਮ ਸੁੰਦਰ ਦੀਪਤੀ

ਜਦੋਂ ਵੀ ਕਦੇ ਇਮੀਊਨਿਟੀ ਜਾਂ ਸਰੀਰ ਦੀ ਸੁਰੱਖਿਆ ਪ੍ਰਣਾਲੀ ਦੀ ਗੱਲ ਹੋਈ ਹੈ ਤੇ ਉਸ ਦੀ ਮਜ਼ਬੂਤੀ ਬਾਰੇ ਜ਼ਿਕਰ ਕੀਤਾ ਗਿਆ ਹੈ ਤਾਂ ਖੁਰਾਕ ਦੀ ਸੰਤੁਲਿਤ ਵਰਤੋਂ, ਜਿਸ ਵਿਚ ਕਾਰਬੋਜ, ਪ੍ਰੋਟੀਨ, ਵਿਟਾਮਿਨ, ਖਣਿਜ ਪਦਾਰਥ, ਤੇਲ, ਘਿਓ, ਕਰੀਮਾਂ ਆਦਿ ਦੀ ਗੱਲ ਹੋਈ ਹੈ। ਪਿਛਲੇ ਕੁਝ ਸਮੇਂ ਤੋਂ ਖਾਸ ਕਰ ਕਰੋਨਾ ਕਾਲ ਨੇ ਇਮੀਊਨਿਟੀ ਦੇ ਇਲਾਜ ਲਈ ਦੇਸੀ ਜੜ੍ਹੀ-ਬੂਟੀਆਂ ਜਿਵੇਂ ਇਲਾਈਚੀ, ਦਾਲਚੀਨੀ, ਮੁਲੱਠੀ ਆਦਿ ਦੀ ਭੂਮਿਕਾ ਨੂੰ ਕਾਫੀ ਉਭਾਰਿਆ ਹੈ।

ਇਸ ਵਿਸ਼ੇ ਨਾਲ ਸਬੰਧਤ ਕਈ ਲੇਖਾਂ ਵਿਚ ਇਮੀਊਨਿਟੀ ਨੂੰ ਲੈ ਕੇ ਸੰਤੁਲਨ, ਅਨੁਪਾਤ ਅਤੇ ਸਮਰਥਾ ਦੀ ਗੱਲ ਕੀਤੀ ਹੈ ਤਾਂ ਇਨ੍ਹਾਂ ਲਫ਼ਜ਼ਾਂ-ਭਾਵਾਂ ਦੀ ਵਿਆਖਿਆ ਸਬੰਧੀ ਕਈ ਸਵਾਲ ਖੜ੍ਹੇ ਹੋਏ। ਇਹ ਠੀਕ ਹੈ ਕਿ ਖੁਰਾਕ ਦੇ ਸੰਤੁਲਨ ਬਾਰੇ ਅਸੀਂ ਜਾਣਦੇ ਹਾਂ, ਪਰ ਸਰੀਰ ਖੁਰਾਕ ਤੋਂ ਇਲਾਵਾ ਹੋਰ ਵੀ ਕਈ ਮਹੱਤਵਪੂਰਨ ਪਹਿਲੂਆਂ ਤੋਂ ਪ੍ਰਭਾਵਿਤ ਹੁੰਦਾ ਹੈ। ਉਸ ਵਿਚ ਸਮਾਜ ਵਿਚ ਆਪਸੀ ਰਿਸ਼ਤਿਆਂ ਦਾ ਸਾਵਾਂ ਹੋਣਾ ਬਹੁਤ ਹੀ ਅਹਿਮ ਹੈ।

ਸਾਲ 1948 ਵਿਚ ਵਿਸ਼ਵ ਸਿਹਤ ਸੰਸਥਾ ਦੇ ਸੰਗਠਨ ਤੋਂ ਬਾਅਦ ਸਿਹਤ ਦੀ ਵਿਆਖਿਆ ਕਰਦਿਆਂ ਸਿਹਤ ਨੂੰ ਸਰੀਰਕ, ਮਾਨਸਿਕ ਅਤੇ ਸਮਾਜਿਕ ਧਰਾਤਲ 'ਤੇ ਨਰੋਆ ਹੋਣ ਦੀ ਗੱਲ ਕੀਤੀ ਗਈ। ਸਿਰਫ਼ ਬਿਮਾਰੀ ਨਾ ਹੋਣਾ ਹੀ ਤੰਦਰੁਸਤ ਸਿਹਤ ਨਹੀਂ ਹੈ। ਸਰੀਰਕ ਬਿਮਾਰੀ ਬਾਰੇ ਅਸੀਂ ਸਾਰੇ ਸੁਚੇਤ ਹਾਂ ਤੇ ਹੁਣ ਹੌਲੀ-ਹੌਲੀ ਮਨ ਦੀ ਪ੍ਰੇਸ਼ਾਨੀ, ਬੇਚੈਨੀ ਨੂੰ ਲੈ ਕੇ ਵੀ ਕੁਝ ਸੋਚ ਰਹੇ ਹਾਂ ਤੇ ਮਾਹਿਰ ਤੱਕ ਪਹੁੰਚ ਕਰਦੇ ਹਾਂ, ਪਰ ਸਮਾਜਿਕ ਸਿਹਤ ਦਾ ਸੰਕਲਪ ਅਜੇ ਵੀ ਸਾਡੇ ਮਨਾਂ ਵਿਚ ਸਪਸ਼ਟ ਨਹੀਂ ਹੈ।

ਸਮਾਜਿਕ ਸਿਹਤ ਤੋਂ ਸਾਧਾਰਨ ਜਿਹਾ ਮਤਲਬ ਹੈ, ਆਪਸੀ ਰਿਸ਼ਤਿਆਂ ਵਿਚ ਨਿੱਘ ਅਤੇ ਨੇੜਤਾ। ਅਜੋਕੇ ਸਮੇਂ ਵਿਚ ਸਮਾਜਿਕ ਰਿਸ਼ਤਿਆਂ ਨੂੰ ਲੈ ਕੇ ਜੋ ਤੋੜ-ਭੰਨ ਹੋ ਰਹੀ ਹੈ, ਜਿਸ ਤਰ੍ਹਾਂ ਰਿਸ਼ਤਿਆਂ 'ਚ ਬੇਵਿਸ਼ਵਾਸੀ ਦਾ ਮਾਹੌਲ ਬਣ ਰਿਹਾ ਹੈ, ਉਹ ਮਨ 'ਤੇ ਵੀ ਅਸਰ ਕਰਦਾ ਹੈ ਤੇ ਸਰੀਰ ਦੀ ਸੁਰੱਖਿਆ ਪ੍ਰਣਾਲੀ 'ਤੇ ਵੀ।



ਰਿਸ਼ਤਿਆਂ ਦਾ ਨਿੱਘ, ਰਲ-ਮਿਲ ਕੇ ਬੈਠਣ ਦਾ ਸਭ ਤੋਂ ਵੱਡਾ ਫ਼ਾਇਦਾ ਜੋ ਮਿਲਦਾ ਹੈ ਉਹ ਹੈ ਖ਼ੁਸ਼ੀ ਦਾ ਪੈਦਾ ਹੋਣਾ। ਖ਼ੁਸ਼ੀ ਭਾਵੇਂ ਕਹਿਣ ਨੂੰ ਮਨੁੱਖ ਦੇ ਨਿੱਜ ਨਾਲ ਜੋੜ ਕੇ ਪ੍ਰਚਾਰੀ ਜਾਂਦੀ ਹੈ। ਇਹ ਇਕ ਆਮ ਪ੍ਰਚਲਿਤ ਕਥਨ ਹੈ ਕਿ ਖ਼ੁਸ਼ੀ ਤੁਹਾਡੇ ਅੰਦਰ ਹੁੰਦੀ ਹੈ ਤੇ ਇਹ ਤੁਹਾਡੀ ਆਪਣੀ ਚੋਣ ਹੈ ਕਿ ਖੁਸ਼ ਰਹਿਣਾ ਹੈ ਜਾਂ ਨਹੀਂ, ਪਰ ਇਹ ਧਾਰਨਾ ਗਲਤ ਹੈ। ਖ਼ੁਸ਼ੀ ਦੇ ਸੋਮੇ ਬਾਹਰ ਹਨ, ਸਮਾਜ ਵਿਚ।

ਮਨੋਵਿਗਿਆਨ ਅਤੇ ਸਰੀਰਕ ਪ੍ਰਕਿਰਿਆ ਦੇ ਆਪਸੀ ਸਬੰਧਾਂ ਨੂੰ ਲੈ ਕੇ ਤਜ਼ਰਬੇ ਹੋਏ ਹਨ ਕਿ ਸਾਡੇ ਸਰੀਰ ਵਿਚ ਖ਼ੁਸ਼ੀ ਦੇ ਚਾਰ ਹਾਰਮੋਨਜ਼ ਹਨ। ਉਹ ਹਨ- ਸਿਰੋਟੋਨਿਨ, ਐਂਡੋਰਫਿਨ, ਡੋਪਾਮਾਈਨ ਅਤੇ ਔਕਸੀਟੋਸਿਨ (Serotnoin, Endorphin, Dopamine, Oxytocin) ਇਹ ਚਾਰੇ ਹਾਰਮੋਨਜ਼ ਸਾਡੇ ਸਮਾਜਿਕ ਰਿਸ਼ਤਿਆਂ ਨਾਲ ਜੁੜਦੇ ਹਨ। ਜਦੋਂ ਅਸੀਂ ਮਿਲਦੇ ਹਾਂ, ਕਿਸੇ ਦੀ ਮਦਦ ਕਰਦੇ ਹਾਂ, ਕਿਸੇ ਦਾ ਹੱਥ ਫੜ ਉਸ ਨੂੰ ਆਪਣੇਪਣ ਦਾ ਅਹਿਸਾਸ ਕਰਵਾਉਂਦੇ ਹਾਂ ਜਾਂ ਗਲਵੱਕੜੀ ਵਿਚ ਲੈਂਦੇ ਹਾਂ।

ਇਮੀਊਨ ਸਿਸਟਮ ਨੂੰ ਲੈ ਕੇ ਇਕ ਤਜਰਬੇ ਵਿਚ ਦੇਖਿਆ ਗਿਆ ਹੈ ਕਿ ਵਿਆਹੇ ਹੋਏ ਲੋਕਾਂ ਦਾ ਇਮੀਊਨ ਸਿਸਟਮ, ਅਣਵਿਆਹਿਆਂ ਤੋਂ ਜ਼ਿਆਦਾ ਵਧੀਆ ਹੁੰਦਾ ਹੈ। ਇਸ ਨੂੰ ਅੱਗੇ ਹੋਰ ਵੀ ਸਪਸ਼ਟ ਕੀਤਾ ਗਿਆ ਕਿ ਵਿਆਹੇ ਹੋਏ ਜੋੜੇ ਵਿਚ ਜੇਕਰ ਆਪਸੀ ਸਬੰਧ ਨਿੱਘੇ ਅਤੇ ਵਿਸ਼ਵਾਸ ਵਾਲੇ ਹੋਣ ਤਾਂ ਉੱਥੇ ਇਹ ਹੋਰ ਵੀ ਵਧੀਆ ਤੇ ਤਾਕਤਵਰ ਹੁੰਦਾ ਹੈ।

ਇਸ ਤੋਂ ਇਲਾਵਾ ਇਕ ਹੋਰ ਤਜਰਬੇ ਵਿਚ ਇਹ ਦੱਸਿਆ ਗਿਆ ਕਿ ਬਿਮਾਰ ਹੋਣ 'ਤੇ ਜੇ ਕਿਸੇ ਕੋਲ ਵੱਧ ਲੋਕ ਹਾਲ ਪੁੱਛਣ, ਉਸ ਦਾ ਦੁੱਖ ਵੰਡਾਉਣ ਅਤੇ ਹੌਂਸਲਾ ਦੇਣ ਆਉਂਦੇ ਹਨ ਤਾਂ ਉਸ ਦੇ ਠੀਕ ਹੋਣ ਦੀ ਰਫ਼ਤਾਰ ਬਾਕੀਆਂ ਨਾਲੋਂ ਵੱਧ ਹੁੰਦੀ ਹੈ।

ਆਪਾਂ ਇਮੀਊਨ ਸਿਸਟਮ ਨੂੰ ਸਮਝਣ ਵੇਲੇ ਇਨ੍ਹਾਂ ਨੂੰ ਬਿਮਾਰੀਆਂ ਨਾਲ ਲੜਨ ਵਾਲੀਆਂ ਫੌਜਾਂ ਦੇ ਬਰਾਬਰ ਰੱਖ ਕੇ ਜਾਣਿਆ। ਜਿਸ ਤਰ੍ਹਾਂ ਇਕ ਮੋਟਾ ਸਿਪਾਹੀ ਕਿਸੇ ਨੂੰ ਭੱਜ ਕੇ ਨਹੀਂ ਫੜ ਸਕਦਾ। ਉਸੇ ਤਰ੍ਹਾਂ ਹੀ ਕੋਈ ਬੇਚੈਨ, ਤਣਾਅ ਵਿਚ ਗ੍ਰਸਤ ਨਿਰਾਸ਼ ਸਿਪਾਹੀ ਵੀ ਹਮਲਾਵਰ ਉਪਰ ਹਮਲਾ ਕਰਨ ਦਾ ਹੌਸਲਾ ਨਹੀਂ ਜੁਟਾ ਪਾਉਂਦਾ।

ਹੁਣ ਜੇਕਰ ਇਸ ਤਰ੍ਹਾਂ ਦੇ ਸਮਾਜਿਕ ਮਾਹੌਲ ਸਬੰਧੀ ਅਜੋਕੇ ਸਮੇਂ ਵਿਚ ਗੱਲ ਕਰੀਏ ਤਾਂ ਘਰਾਂ ਵਿਚ ਪਤੀ-ਪਤਨੀ, ਮਾਂ-ਪਿਓ ਅਤੇ ਬੱਚੇ, ਘਰ ਦੇ ਅੰਦਰ ਰਹਿੰਦੇ ਬਜ਼ੁਰਗਾਂ ਦੀ ਹਾਲਤ ਨੂੰ ਲੈ ਕੇ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਹੋ ਰਹੇ ਹਨ ਤੇ ਅਸੀਂ ਉਸ ਦੇ ਨਤੀਜੇ ਵੀ ਦੇਖ ਰਹੇ ਹਾਂ। ਅਜਿਹੇ ਹੀ ਰਿਸ਼ਤੇ ਸਕੂਲ ਅਤੇ ਕੰਮ ਦੀ ਥਾਂ 'ਤੇ ਵੀ ਦੇਖੇ ਜਾ ਸਕਦੇ ਹਨ, ਜਿੱਥੇ ਹੌਲੀ-ਹੌਲੀ ਬੇਗਾਨਗੀ ਦਾ ਮਾਹੌਲ ਵੱਧ ਤੀਬਰ ਹੈ।

ਇਸ ਸਥਿਤੀ ਨੂੰ ਅਸੀਂ ਦੇਸ਼ ਦੇ ਪੱਧਰ 'ਤੇ ਵੀ ਮਹਿਸੂਸ ਕਰ ਸਕਦੇ ਹਾਂ, ਜਿੱਥੇ ਇਕ ਬੇਭਰੋਸਗੀ ਦਾ ਵਾਤਾਵਰਨ ਹੈ। ਸਾਡੇ ਮੁਲਕ ਵਿਚ ਵੱਡੇ ਪੱਧਰ 'ਤੇ ਧਰਮ-ਜਾਤ ਦਾ ਮਸਲਾ ਅਜਿਹਾ ਹੈ ਕਿ ਸਾਡੇ ਸਕੂਲ ਵੱਖਰੇ ਹਨ, ਮੁਹੱਲੇ ਵੱਖਰੇ ਹਨ, ਧਾਰਮਿਕ ਥਾਵਾਂ ਤਾਂ ਹਨ ਹੀ ਵੱਖਰੀਆਂ।

ਇਸ ਤੋਂ ਅੱਗੇ ਦੇਸ਼ ਦੀ ਰਾਜਨੀਤੀ ਦੇ ਪੱਖ ਤੋਂ ਬਣਾਈਆਂ ਤੇ ਅਪਣਾਈਆਂ ਜਾ ਰਹੀਆਂ ਨੀਤੀਆਂ, ਜੋ ਕਿ ਪੂੰਜੀਵਾਦ ਦੇ ਹੱਕ ਵਿਚ ਭੁਗਤਦੀਆਂ ਹਨ, ਵੀ ਸਾਨੂੰ ਇਕ ਦੂਸਰੇ ਤੋਂ ਦੂਰ ਕਰਨ ਦੀ ਭੂਮਿਕਾ ਵੱਧ ਨਿਭਾਅ ਰਹੀਆਂ ਹਨ। ਸਾਨੂੰ ਨਿੱਜ ਦੇ ਖੋਲ ਵਿਚ ਬੰਦ ਕੀਤਾ ਜਾ ਰਿਹਾ ਹੈ। 'ਮੇਰਾ-ਮੇਰਾ' ਦਾ ਅਹਿਸਾਸ ਭਾਰੂ ਹੋ ਰਿਹਾ ਹੈ। ਇਸ ਦਾ ਸਭ ਤੋਂ ਵੱਧ ਨੁਕਸਾਨ ਹੁੰਦਾ ਹੈ ਕਿ ਅਸੀਂ ਕਿਸੇ ਦੀ ਮਦਦ ਲੈਣ ਜਾਂ ਮਦਦ ਕਰਨ ਤੋਂ ਗੁਰੇਜ਼ ਕਰਦੇ ਹਾਂ।

ਮਨੁੱਖ ਸਮਾਜਿਕ ਪ੍ਰਾਣੀ ਹੈ। ਮਿਲ ਕੇ ਰਹਿਣਾ ਤੇ ਮਦਦ ਕਰਨਾ ਸਾਡੀ ਵਿਕਾਸ ਲੜੀ ਦੌਰਾਨ ਵਿਕਸਿਤ ਹੋਏ, ਸਾਡੇ ਸਰੀਰ ਦਾ ਹਿੱਸਾ ਹਨ। ਤੁਸੀਂ ਖੁਦ ਮਹਿਸੂਸ ਕੀਤਾ ਹੋਵੇਗਾ ਕਿ ਕਿਸੇ ਵੀ ਬਿਪਤਾ ਵੇਲੇ, ਦੂਰ-ਦਰਾਜ ਇਲਾਕੇ ਵਿਚ ਆਏ ਹੜ੍ਹ ਜਾਂ ਭੁਚਾਲ ਵੇਲੇ ਅਸੀਂ ਖੁਦ ਆਪ ਮੁਹਾਰੇ ਅੱਗੇ ਆ ਕੇ ਮਦਦ ਲਈ ਤਿਆਰ ਹੁੰਦੇ ਹਾਂ, ਪਰ ਹੌਲੀ-ਹੌਲੀ ਸਾਨੂੰ ਇਸ ਤਰ੍ਹਾਂ ਦੇ ਜਜ਼ਬਾਤ ਤੋਂ ਦੂਰ ਕੀਤਾ ਜਾ ਰਿਹਾ ਹੈ।

ਹੁਣ ਇਸ ਪਿਛੋਕੜ ਦੇ ਮੱਦੇਨਜ਼ਰ ਵਿਚਾਰ ਕੇ ਦੇਖੋ ਕਿ ਤੁਸੀਂ ਖਾ-ਪੀ ਵਧੀਆ ਰਹੇ ਹੋ, ਹੋਰ ਜੋ ਵੀ ਸਰੀਰ ਨੂੰ ਲੋੜੀਂਦਾ ਹੈ, ਉਹ ਕਰ ਰਹੇ ਹੋ, ਪਰ ਤੁਸੀਂ ਆਪਸੀ ਰਿਸ਼ਤਿਆਂ ਨੂੰ ਲੈ ਕੇ ਪ੍ਰੇਸ਼ਾਨ, ਬੇਚੈਨ ਹੋ ਤਾਂ ਕੀ ਤੁਹਾਡਾ ਖਾਧਾ ਤੁਹਾਡੇ ਸਰੀਰ 'ਤੇ ਅਸਰ ਕਰੇਗਾ? ਕੀ ਇਸ ਤਰ੍ਹਾਂ ਅਸੀਂ ਆਪਣੀ ਸਰੀਰਕ ਸੁਰੱਖਿਆ ਨੂੰ ਮਜ਼ਬੂਤ ਰੱਖ ਪਾਵਾਂਗੇ? ਇਹ ਹੈ ਸਾਰੇ ਪੱਖਾਂ ਦਾ ਸੰਤੁਲਨ ਅਤੇ ਸਮਗਰਤਾ ਦਾ ਭਾਵ, ਜੋ ਸਾਡੀ ਇਮੀਊਨਿਟੀ ਨੂੰ ਅਸਰ ਅੰਦਾਜ਼ ਕਰਦੇ ਹਨ।

A BEAUTIFUL FUTURE AWAITS

# ENCLAVE

NORTH KELLYVILLE

## LAND NOW SELLING

ENQUIRE NOW
www.enclavenorthkellyville.com.au

LAURA COLEMAN
8834 3200 | 0415 032 367







OPES PROPERTY PARTNERS

# ਬਾਕੀ ਗੱਲਾਂ ਸ਼ਾਮ ਨੂੰ ਸਹੀ

*(ਮੇਰੀ 1988 ਦੀ ਡਾਇਰੀ ਚੋਂ)*

ਪ੍ਰਸ਼ੋਤਮ ਨੇ ਡਿਊਟੀ ਜਾਣ ਲਈ ਬੱਸ ਫੜੀ। ਕਾਂਤਾ ਇਸ ਬੱਸ ਵਿਚ ਪਿੱਛਿਓਂ ਹੀ ਆ ਰਹੀ ਸੀ। ਕੁਦਰਤੀ ਤੌਰ ਤੇ ਸੀ ਵੀ ਬੱਸ ਖਾਲੀ ਖਾਲੀ। ਬੱਸ ਅੰਦਰ ਜਾਂਦੇ ਸਾਰ ਜਦ ਪ੍ਰਸ਼ੋਤਮ ਨੇ ਕਾਂਤਾ ਨੂੰ ਦੇਖਿਆ ਤਾਂ ਉਸਨੇ ਉਸਨੂੰ 'ਨਮਸਕਾਰ' ਕਹੀ। ਕਾਂਤਾ ਨੇ ਆਪਣੇ ਨਾਲ ਦੀ ਸੀਟ ਉਸਨੂੰ ਆਫਰ ਕਰ ਦਿੱਤੀ।

"ਮੈਡਮ ਕਈ ਦਿਨਾਂ ਬਾਦ ਆਏ ਹੋ ?"

"ਹਾਂ, ਕਾਲਜ ਵਿਚ ਸੈਮੀਨਾਰ ਸੀ। ਮੈਂ ਉਸ ਵਿਚ ਕਾਫੀ ਬਿਜ਼ੀ ਰਹੀ । ਮੇਰੀ ਜਗ੍ਹਾ ਤੁਸੀਂ ਵੀ ਇਕ ਡਿਊਟੀ ਦਿੱਤੀ ਸੀ। ਕਿਵੇਂ ਚੱਲ੍ਹ ਰਿਹਾ ਹੈ ਸੈਂਟਰ ?"

"ਤੁਹਾਨੂੰ ਪਤਾ ਨਹੀਂ ਲੱਗਾ ? ਸੁਪਰਡੰਟ ਤਾਂ ਬਦਲ ਗਿਆ ਏ।"

"ਉਹ ਕਿਉਂ ?"

"ਤੁਹਾਨੂੰ ਪਤਾ ਹੀ ਨਹੀਂ ?"

"ਬਿਲਕੁਲ ਵੀ ਨਹੀਂ।"

"ਉਜਾਗਰ ਮੱਲ ਤਾਂ ਹਸਪਤਾਲ ਪਿਆ ਏ। ਉਸਨੂੰ ਤਾਂ ਦਿਲ ਦਾ ਦੌਰਾ ਪੈ ਗਿਆ ਸੀ।"

"ਰੀਅਲੀ ? ਇਹ ਕਿਵੇਂ ਹੋ ਗਿਆ ?"

"ਵਿਚਾਰਾ ਘਬਰਾ ਗਿਆ।"

"ਕਿਸ ਗੱਲ ਕਰਕੇ ?"

"ਇਕ ਖਾੜਕੂ ਜੇਲ੍ਹ ਚੋਂ ਪਰਚਾ ਦੇਣ ਆਇਆ ਸੀ। ਉਸਦੇ ਨਾਲ ਪੁਲਸ ਦੀ ਗਾਰਦ ਸੀ। ਜਾਂਦਾ ਹੋਇਆ ਸੁਪਰਡੰਟ ਨੂੰ ਧਮਕੀ ਦੇ ਗਿਐ। ਕਹਿੰਦਾ ਨਕਲ ਬੰਦ ਹੋਣੀ ਚਾਹੀਦੀ ਏ।"

"ਫਿਰ ਨਕਲ ਬੰਦ ਹੋ ਗਈ ?"

"ਬਿਲਕੁਲ ਬੰਦ ਹੋ ਗਈ। ਨਵਾਂ ਸੁਪਰਡੰਟ ਡਾ. ਪਤਵੰਤ ਸਿੰਘ ਨੂੰ ਬਣਾ ਦਿੱਤਾ ਗਿਆ ਏ। ਉਸਨੇ ਪੂਰੀ ਸਖਤੀ ਕਰ ਦਿੱਤੀ।"




ਅਵਤਾਰ ਐੱਸ. ਸੰਘਾ
Avtar S Sangha
0437641033


"ਫਿਰ ਆਪਣੇ ਤਾਂ ਮਜ਼ੇ ਹੀ ਮਜ਼ੇ।"

"ਉਹ ਕਿਵੇਂ ?"

"ਅਗਰ ਜਿੰਮੇਵਾਰੀ ਆਪਣੇ ਸਿਰ ਲਏ ਬਗੈਰ ਹੀ ਕੋਈ ਕੰਮ ਹੋਈ ਜਾਵੇ ਤਾਂ ਹੋਰ ਕੀ ਚਾਹੀਦਾ ਏ ? ਸੁਪਰਡੰਟ ਨੇ ਸਖਤ ਸਟੈਂਡ ਲੈ ਲਿਆ। ਖਤਰਾ ਹੋਊ ਤਾਂ ਉਹਨੂੰ ਹੋਊ। ਆਪਾਂ ਤਾਂ ਜਿੱਦਾਂਪਹਿਲਾਂ ਡੰਗ ਟਪਾ ਕੇ ਆ ਜਾਈਦਾ ਸੀ ਉਵੇਂ ਹੀ ਹੁਣ ਡੰਗ ਟਪਾ ਕੇ ਆ ਜਾਇਆ ਕਰਾਂਗੇ।

"ਬੜੀ ਸੋਹਣੀ ਹਿੰਦੂਆ ਵਾਲੀ ਪਾਲਸੀ ਏ। ਇਤਹਾਸ ਵਿਚ ਵੀ ਹਿੰਦੂ ਅਕਸਰ ਇਵੇਂ ਹੀ ਕਰਦੇ ਰਹੇ ਨੇ। ਕੰਮ ਵੀ ਹੋ ਜਾਵੇ, ਸਿਰ ਵੀ ਨਾ ਆਵੇ। ਸਾਡੇ ਮੁਹੱਲੇ ਪਿੱਛੇ ਜਹੇ ਇਕ ਲੜਾਈ ਹੋ ਪਈ। ਲਾਲਿਆ ਨੇ ਇਕ ਦੋ ਸਿੱਖਾਂ ਨੂੰ ਤੁਲ ਦੇ ਕੇ ਅੱਗੇ ਕਰ ਦਿੱਤਾ, ਆਪ ਪਿੱਛੇ ਹਟ ਗਏ। ਨੁਕਸਾਨ ਸਿੱਖਾਂ ਦਾ ਹੋ ਗਿਆ, ਲਾਲੇ ਕੱਛਾਂ ਵਜਾਂਦੇ ਫਿਰਨ।"

"ਸਿੱਖ ਮੂਹਰੇ ਨਾ ਆਉਂਦੇ, ਉਹ ਮੂਰਖ ਨਾ ਬਣਦੇ ?"

"ਸਿੱਖਾਂ ਦੇ ਮਨ ਵਿਚ ਮਜ਼ਲੂਮ ਦੀ ਰੱਖਿਆ ਕਰਨ ਦਾ ਵਿਚਾਰ ਆ ਹੀ ਜਾਂਦਾ ਏ। ਸਿੱਖ ਧਰਮ ਹੀ ਇਸ ਸਿਧਾਂਤ ਤੇ ਅਧਾਰਤ ਏ। ਨਾਵੀਂ ਪਾਤਸ਼ਾਹੀ ਸ਼੍ਰੀ ਗੁਰੂ ਤੇਗ ਬਹਾਦਰ ਜੀ ਨੇ ਤਾਂ ਇਸ ਸਿਧਾਂਤ ਦੀ ਖਾਤਰ ਆਪਣਾ ਸੀਸ ਦੇ ਦਿੱਤਾ ਸੀ। ਅਗਰ ਸਿੱਖ ਇੰਜ ਨਾ ਕਰਦੇ ਹੁੰਦੇ ਤਾਂ ਸ਼ਾਇਦ ਹੁਣ ਤੱਕ ਅਸੀਂ ਸਭ ਮੁਸਲਮਾਨ ਹੁੰਦੇ। ਅਗਰ ਨਾ ਹੋਤੇ ਗੋਬਿੰਦ ਸਿੰਘ ਤੋ ਸੁੰਨਤ ਹੋਤੀ ਸਭ ਕੀ ! ਚਲੋਛੱਡੋ ਇਹਨਾਂ ਗੱਲਾਂ ਨੂੰ। ਤੁਸੀਂ ਇਹ ਦੱਸੋ ਕਿ ਸੈਮੀਨਾਰ ਕਿਵੇਂ ਰਿਹਾ ? ਕਿੰਨੇ ਕੁ ਬੁੱਧੀਜੀਵੀਆਂ ਨੇ ਹਿੱਸਾ ਲਿਆ ?"

"ਬਹੁਤ ਵਧੀਆ ਰਿਹਾ। ਅੱਠ ਲੋਕਾਂ ਨੇ ਆਪਣੇ ਪਰਚੇ ਪੜ੍ਹੇ"

"ਕੋਈ ਲਾਲੇ ਖਿਲਾਫ ਤਾਂ ਨਹੀਂ ਜ਼ਿਆਦਾ ਬੋਲਿਆ ?"

"ਇਕ ਵਕਤਾ ਸੀ ਡਾ. ਬੋਪਾਰਾਏ। ਉਹਨੇ ਲਾਲੇ ਦੇ ਖਿਲਾਫ ਕਈ ਕੁੱਝ ਬੋਲਿਆ।"

"ਪਿੱਛੇ ਜਿਹੇ ਬੜਾ ਕੁੱਝ ਛਪਿਆ ਸੀ ਕਿ ਲਾਲੇ ਦੀ ਮੌਤ ਲਾਠੀਆਂ ਨਾਲ ਨਹੀ ਹੋਈ ਸੀ।"

"ਤੁਸੀਂ ਇਸ ਵਿਸ਼ੇ ਪਿੱਛੇ ਹੀ ਐਨੇ ਜ਼ਿਆਦਾ ਕਿਉਂ ਪਏ ਹੋਏ ਹੋ ? ਅਗਰ ਲਾਲੇ ਦੀ ਮੌਤ ਲਾਠੀਆਂ ਨਾਲ ਨਾ ਵੀ ਹੋਈ ਹੋਵੇ ਤਾਂ ਕਿਹੜਾਂ ਉਸਦੀ ਆਜ਼ਾਦੀ ਦੇ ਸੰਗਰਾਮ ਵਿਚ ਸਰਗਰਮੀ ਨੇ ਬਹੁਤ ਨੀਵਾਂ ਹੋ ਜਾਣਾ ਏ। ਸਾਈਮਨ ਕਮਿਸ਼ਨ ਦੀ ਵਿਰੋਧਤਾ ਵਿਚ ਉਸਨੇ ਵਧ ਚੜ੍ਹ ਕੇ ਹਿੱਸਾ ਲਿਆ ਹੀ ਸੀ। ਅਲੋਚਕ ਕਈ ਵਾਰ ਐਵੇਂ ਨਿੱਕੀਆਂ 2 ਗੱਲਾਂ ਨੂੰ ਉਲਾਰਨ ਲੱਗ ਜਾਂਦੇ ਹਨ ਐਵੇਂ ਵਾਲ ਦੀ ਖੱਲ ਨਾ ਉਤਾਰਿਆ ਕਰੋ। ਇਸ ਤਰ੍ਹਾਂ ਦੀ ਵਾਲ ਦੀ ਖੱਲਬੋਪਾਰਾਏ ਆਪਣੇ ਪਰਚੇ ਵਿਚ ਉਤਾਰਦਾ ਰਿਹਾ।"



"ਤੁਸੀਂ ਗਦਰ ਲਹਿਰ ਤੇ ਨਾਮਧਾਰੀ ਲਹਿਰ ਦਾ ਵੀ ਪੂਰਾ ਜ਼ਿਕਰ ਕੀਤਾ ਹੋਵੇਗਾ ?"

"ਇਹ ਤਾ ਕਰਨਾ ਹੀ ਸੀ। ਲੈ ਦੇ ਕੇ ਮੇਰੀ ਪ੍ਰਫੌਰਮੈਂਸ ਚੰਗੀ ਹੀ ਰਹੀ।"

"ਇਸ ਪ੍ਰਕਾਰ ਦਾ ਹੀ ਕੋਈ ਟੌਪਿਕ ਲੈ ਕੇ ਹੁਣ ਪੀ.ਐਚ.ਡੀ ਵੀ ਕਰ ਲਵੋ। ਡਾ. ਕਾਂਤਾ ਬਣ ਜਾਵੋਗੇ।"

"ਤੁਹਾਨੂੰ ਮੇਰਾ ਬੜਾ ਫਿਕਰ ਏ। ਆਪਣੀ ਘਰਵਾਲੀ ਨੂੰ ਪੀ.ਐਚ.ਡੀ. ਕਰਵਾ ਲਿਓ।"

"ਕੀ ਪਤਾ ਘਰਵਾਲੀ ਕਿਹੋ ਜਿਹੀ ਹੋਵੇਗੀ ?"

"ਜਿਹੋ ਜਿਹੀ ਲੱਭੋਗੇ ਮਿਲ ਜਾਵੇਗੀ। ਕਹੋ ਤਾਂ ਮੈਂ ਲੱਭ ਦਿਆਂ ? ਕਿਹੋਜਿਹੀ ਪਸੰਦ ਕਰਦੇ ਹੋ ? ਮੇਰੇ ਕਾਲਜ ਵਿਚ ਵੀ ਕਈ ਮੈਡਮਾਂ ਕੰਵਾਰੀਆਂ ਹਨ।"

"ਤੁਸੀਂ ਵੀ ਤਾਂ ਕੰਵਾਰੇ ਹੀ ਹੋ ?"

"ਅੱਛਾ ਤਾਂ ਇਹ ਗਲ ਏ ਮੈਂ ਤਾਂ ਅਜੇ ਦੋ ਕੁ ਸਾਲ ਸੋਚ ਕੇ ਵਿਆਹ ਕਰਵਾਵਾਂਗੀ।"

"ਕਿਓ ? ਸਿਰ ਤੇ ਕੋਈ ਖਾਸ ਜ਼ੁੰਮੇਵਾਰੀ ਏ ?"

"ਹਾਂ, ਪਹਿਲਾ ਮੈਂ ਅਜੇ ਆਪਣੀ ਵੱਡੀ ਭੈਣ ਦਾ ਵਿਆਹ ਦੇਖਣਾ ਏ। ਉਹ ਜ਼ਿਆਦਾ ਨਹੀਂ ਪੜ੍ਹੀ। ਉਸਦੀ ਜ਼ੁੰਮੇਵਾਰੀ ਮੇਰੇ ਸਿਰ ਤੇ ਹੀ ਏ।"

"ਕੀ ਤੁਹਾਡੇ ਮਾਂ ਬਾਪ ਇਹ ਜ਼ੁੰਮੇਵਾਰੀ ਪੂਰੀ ਨਹੀਂ ਕਰਨਗੇ ?"

"ਮੇਰੇ ਪਿਤਾ ਜੀ ਪੂਰੇ ਹੋ ਚੁੱਕੇ ਹਨ। ਮਾਤਾ ਜੀ ਦੀ ਉਮਰ ਵੀ ਕਾਫੀ ਹੋ ਚੁੱਕੀ ਏ। ਉਹ ਵੱਡੀ ਭੈਣ ਲਈ ਫਿਕਰਮੰਦ ਵੀ ਕਾਫੀ ਰਹਿੰਦੀ ਏ।"

"ਪਿਤਾ ਜੀ ਦੀ ਮੌਤ ਕਿਵੇਂ ਹੋਈ ?"

"ਕੁੱਝ ਜ਼ਿਆਦਾ ਹੀ ਸ਼ਰਾਬ ਪੀਂਦੇ ਸਨ। ਬਸ ਲਿਵਰ ਖਰਾਬ ਹੋ ਗਿਆ ਸੀ। ਉਦੋ ਤੋਂ ਮਾਤਾ ਜੀ ਸ਼ਰਾਬੀ ਲੋਕਾਂ ਨਾਲ ਬੜੀ ਘਿਰਣਾ ਕਰਨ ਲੱਗ ਪਏ ਸਨ। ਸਾਨੂੰ ਸਭ ਨੂੰ ਸ਼ਰਾਬ ਨਾਲ ਬੜੀ ਨਫਰਤ ਹੋ ਗਈ ਸੀ।"

"ਇਸਦਾ ਮਤਲਬ ਇਹ ਕਿ ਤੁਸੀਂ ਟੀਟੋਟਲਰ ਪਤੀ ਲੱਭੋਗੇ ?"

"ਹਾਂ, ਲਗਦਾ ਤਾਂ ਇਸ ਤਰ੍ਹਾਂ ਹੀ ਏ।"

"ਫਿਰ ਤਾਂ ਕਿਸਮਤ ਫੁੱਟ ਗਈ," ਪ੍ਰਸ਼ੋਤਮ ਨੇ ਬਿਨਾ ਬੋਲੇ ਦਿਲ ਹੀ ਦਿਲ ਵਿਚ ਹਾਉਕਾ ਲਿਆ।

"ਤੁਸੀਂ ਸੁਨਿਆਰੇ ਹੋ ਕੇ ਵੀ ਸਿੱਖਾਂ ਦਾ ਬੜਾ ਪੱਖ ਪੂਰਦੇ ਹੋ। ਲਗਦਾ ਏ ਤੁਸੀਂ ਸਰਦਾਰ ਸੁਨਿਆਰੇ ਹੋ ?"

"ਮੈਂ ਤੁਹਾਨੂੰ ਦੇਖਣ ਨੂੰ ਸਿੱਖ ਲਗਦਾ ਹਾਂ ?"

"ਬਥੇਰੇ ਮੋਨੇ ਵੀ ਸਿੱਖ ਹਨ। ਜੱਟ ਬਥੇਰੇ ਮੋਨੇ ਹਨ ਫਿਰ ਵੀ ਸਿੱਖ ਧਰਮ ਨੂੰ ਮੰਨਦੇ ਹਨ। ਸਵਾਲ ਮੋਨੇ ਜਾਂ ਕੇਸਧਾਰੀ ਦਾ ਨਹੀਂ ਹੁੰਦਾ ਏ। ਦੇਖਣਾ ਇਹ ਹੁੰਦਾ ਏ ਕਿ ਕੋਈ ਕਿਸ ਧਰਮ ਅਸਥਾਨ ਤੇ ਜਾਂਦਾ ਏ। ਪੰਜਾਬ ਵਿਚ ਹੋਰ ਜਾਂਤਾਂ ਦੇ ਸਿੱਖ ਬਥੇਰੇ ਮੋਨੇ ਵੀ ਹਨ ਤੇ ਕੇਸਧਾਰੀ ਵੀ। ਰਾਜਪੂਤ ਖੱਤਰੀ ਤੇ ਸੈਣੀ ਮੋਨੇ ਵੀ ਹਨ ਤੇ ਕੇਸਧਾਰੀ ਵੀ।"

"ਗੱਲ ਤਾਂ ਤੁਹਾਡੀ ਠੀਕ ਏ। ਬੰਦਾ ਬਹਾਦਰ ਵੀ ਤਾਂ ਪਿਛੋਕੜ ਤੋਂ ਰਾਜਪੂਤ ਹੀ ਸੀ। ਤੁਸੀਂ ਜਾਣਦੇ ਹੀ ਹੋ ਕਿ ਉਸਦਾ ਸਿੱਖ ਇਤਹਾਸ ਵਿਚ ਕਿੰਨਾ ਯੋਗਦਾਨ ਏ। ਉਸਦਾ ਪਹਿਲਾ ਨਾ ਮਾਧੋਦਾਸ ਸੀ। ਉਹ ਗੁਰੂ ਗੋਬਿੰਦ ਸਿੰਘ ਦਾ ਐਸਾ ਪੈਰੋਕਾਰ ਬਣਿਆ ਕਿ ਮੌਕੇ ਦੇ ਜਾਲਮ ਨੀਜ਼ਾਮ ਨੂੰ ਚਣੇ ਚਬਾ ਦਿੱਤੇ। ਬਹਾਦਰ ਸ਼ਾਹ ਜਫਰ, ਜਹਾਂਦਾਰ ਸ਼ਾਹ ਤੇ ਫਰਖੁਸ਼ੀਅਰ ਤਿੰਨੇ ਮੁਗਲ ਬਾਦਸ਼ਾਹ ਚੱਕਰਾਂ ਵਿਚ ਪਾ ਛੱਡੇ। ਨੌਵੀ ਪਾਤਸ਼ਾਹੀ ਦੀ ਸ਼ਹੀਦੀ ਤੇ ਦਸਵੀਂ ਪਾਤਸ਼ਾਹੀ ਤੇ ਮੁਗਲਾਂ ਵਲੋਂ ਕੀਤੇ ਗਏ ਜ਼ੁਲਮ ਦਾ ਐਸਾ ਬਦਲਾ ਲਿਆ ਕਿ ਸਿੱਖਾਂ ਦਾ ਇਤਹਾਸ ਸੁਨਹਿਰੀ ਅੱਖਰਾਂ ਵਿਚ ਲਿਖਿਆ ਗਿਆ।"

"ਤੁਸੀਂ ਮੁੜ ਘਿੜ ਕੇ ਸੀਰੀਅਸ ਗੱਲਾਂ ਕਰਨ ਲੱਗ ਪੈਂਦੇ ਹੋ। ਹਰ ਸਮੇਂ ਕਿਤਾਬੀ ਗੱਲਾਂ ਹੀ ਨਹੀਂ ਕਰੀ ਜਾਣੀਆਂ ਚਾਹੀਦੀਆਂ। ਕਦੀ ਹਲਕੀਆਂ ਫੁਲਕੀਆਂ ਗੱਲਾਂ ਵੀ ਕਰ ਲਿਆ ਕਰੋ।"

"ਤੁਸੀਂ ਕਰ ਲਓ ਜਿਹੜੀਆਂ ਹਲਕੀਆਂ ਗੱਲਾਂ ਕਰਨੀਆਂ। ਮੈਂ ਤੁਹਾਡੇ ਸੈਮੀਨਾਰ ਦੇ ਵਿਸ਼ੇ ਬਾਰੇ ਸੋਚਦਾ ਸੋਚਦਾ ਉਸ ਵਿਸ਼ੇ ਦੀ ਪਿਛੋਕੜ ਤੇ ਪਹੁੰਚ ਗਿਆ। ਤੁਹਾਨੂੰ ਪਤਾ ਹੀ ਏ ਪੰਜਾਬ ਦੀ ਪ੍ਰੀਖਿਆ ਤਾਂ ਗੁਰੂਆਂ ਦੇ ਸਮੇਂ ਤੋਂ ਹੀ ਚਲਦੀ ਆ ਰਹੀ ਏ। ਅਜੇ ਹੋਰ ਪਤਾ ਨਹੀਂ ਕਿੰਨਾ ਚਿਰ ਚਲਦੀ ਰਹੇਗੀ। ਅੱਜ ਦੇ ਮਾਹੌਲ ਦੀ ਪਿੱਠਭੂਮੀ ਵੀ ਪੰਜਾਬ ਦਾ ਪਿਛਲਾ ਇਤਹਾਸ ਹੀ ਏ।"

"ਅੱਜ ਦੇ ਮਹੌਲ ਦੀ ਪਿੱਠਭੂਮੀ ਪੰਜਾਬ ਦਾ ਬਹੁਤ ਜ਼ਿਆਦਾ ਪਿਛਲਾ ਇਤਹਾਸ ਨਹੀਂ। ਅਜ ਦੀ ਸਾਰੀ ਮਾਰ ਕਾਟ ਦਾ ਮਾਹੌਲ ਤਾਂ ਸੰਨ 78 ਤੋਂ ਬਾਦ ਬਣਿਆ ਏ। ਪਹਿਲਾ ਤਾਂ ਬੜੀ ਸੋਹਣੀ ਸ਼ਾਂਤੀ ਹੁੰਦੀ ਸੀ।"

"ਇਤਹਾਸ ਵਿਚ 50-100 ਸਾਲ ਦਾ ਸਮਾਂ ਕੋਈ ਬਹੁਤਾ ਲੰਬਾ ਸਮਾਂ ਨਹੀਂ ਹੁੰਦਾ। ਤੁਹਾਨੂੰ ਇਹ ਵੀ ਪਤਾ ਹੈ ਕਿ ਇਤਹਾਸ ਹਮੇਸ਼ਾ ਆਪਣੇ ਆਪਨੂੰ ਦੁਹਰਾਂਦਾ ਆਇਆ ਏ। ਜੋ ਪਿੱਛੇ ਵਾਪਰਦਾ ਰਿਹਾ ਏ ਉਸਦਾ ਪ੍ਰਤੀਕਰਮ ਹੀ ਅੱਜ ਹੋ ਰਿਹਾ ਏ। ਜੋ ਅੱਜ ਵਾਪਰ ਰਿਹਾ ਏ ਇਹ ਆਣ ਵਾਲੇ ਸਮਿਆਂ ਵਿਚ ਵੀ ਦੁਹਰਾ ਹੋ ਸਕਦਾ ਏ। ਤੁਹਾਡਾ ਕੀ ਖਿਆਲ ਏ ਕਿ ਸਿੱਖ ਸਾਕਾ ਨੀਲਾ ਤਾਰਾ ਤੇ 84 ਦੇ ਦੰਗੇ ਭੁੱਲ ਜਾਣਗੇ ?ਬਿਲਕੁਲ ਵੀ ਨਹੀ।"

"ਸਰਕਾਰਾਂ ਸਖਤੀ ਕਰਕੇ ਸਭ ਕੁੱਝ ਕੁਚਲਦੀਆਂ ਰਹੀਆਂ ਹਨ। ਅਗਰ ਰਿਬੇਰੋ ਕਾਮਯਾਬ ਨਹੀ ਹੋਇਆ ਕੋਈ ਨਾ ਕੋਈ ਹੋਰ ਆ ਜਾਊ ਜੋ ਇਸ ਸਭ ਕਾਸੇ ਨੂੰ ਕੁਚਲ ਕੇ ਰੱਖ ਦੇਊ। ਇਕ ਦਿਨ ਸ਼ਾਂਤੀ ਤਾਂ ਕਾਇਮ ਹੋਵੇਗੀ ਹੀ।"

"ਜਿਸ ਸ਼ਾਂਤੀ ਦੀ ਤੁਸੀ ਗੱਲ ਕਰ ਰਹੇ ਹੋ ਇਹ ਸ਼ਾਂਤੀ ਤੂਫਾਨ ਆਉਣ ਤੋਂ ਪਹਿਲਾਂ ਜਿਹੀ ਸ਼ਾਂਤੀ ਹੁੰਦੀ ਏ। ਤੁਸੀਂ ਇਤਹਾਸ ਪੜ੍ਹਾਉਂਦੇ ਹੋਏ ਵੀ ਇਹ ਗੱਲ ਨਹੀਂ ਮਹਿਸੂਸ ਕਰ ਰਹੇ, ਬੜੀ ਅਜੀਬ ਗੱਲ ਏ।"

"ਤੁਸੀਂ ਫਿਰ ਸੀਰੀਅਸ ਗੱਲਾਂ ਕਰਨ ਲੱਗ ਪੈਂਦੇ ਹੋ। ਮੈਂ ਤੁਹਾਨੂੰ ਕਿਹਾ ਹੈ ਕਿ ਸਧਾਰਨ ਗੱਲਾਂ ਕਰੋ। ਗੋਲੀ ਮਾਰੋ ਇਤਹਾਸ ਨੂੰ। ਜਮਾਤਾਂ ਵਿਚ ਵੀ ਇਹੋ ਕੁਝ ਪੜ੍ਹਾਉਂਦੇ ਰਹੀਦਾ ਏ ਤੇ ਏਥੇ ਬੱਸ ਵਿਚ ਵੀ ਇਹੀ ਕੁਝ ਸ਼ੁਰੂ ਕਰ ਲਿਆ। ਆਪਣਾ ਕਾਲਜ ਆਉਣ ਵਾਲਾ ਏ। ਹੋਰ ਕੋਈ ਸੈਂਟਰ ਦੀ ਗੱਲ ਸੁਣਾਓ।"

"ਆਪਣੇ ਬਾਰੇ ਕੁੱਝ ਨਾ ਸੁਣਾਵਾ ?

"ਆਪਣੇ ਬਾਰੇ ਦੱਸ ਦਿਓ। ਕੀ ਸ਼ੌਕ ਰੱਖਦੇ ਹੋ ?"

"ਮੇਰੀ ਫੈਮਲੀ ਬਾਰੇ ਜਾਨਣ ਦੀ ਤੁਹਾਡੀ ਕੋਈ ਦਿਲਚਸਪੀ ਨਹੀਂ ?"

"ਫੈਮਲੀ ਬਾਰੇ ਦੱਸ ਦਿਓ ? ਕਿੰਨੇ ਭੈਣ ਭਰਾ ਹੋ ? ਮਾਂ ਬਾਪ ਕੀ ਕਰਦੇ ਨੇ ? ਕਾਫੀ ਅਮੀਰ ਲੱਗਦੇ ਹੋ ?"

"ਜੇ ਅਮੀਰ ਹੁੰਦਾ ਤਾਂ ਬੱਸ ਤੇ ਸਫਰ ਕਰਦਾ ? ਫਿਰ ਤਾਂ ਹੇਠ ਕਾਰ ਹੋਣੀ ਸੀ। ਅਗਰ ਕੋਈ ਚੰਗੀ ਨੌਕਰੀ ਕਰਦੀ ਸਾਥਣ ਮਿਲ ਜਾਵੇ ਤਾਂ ਅਮੀਰ ਵੀ ਬਣ ਸਕਦਾ ਹਾਂ।"

"ਸਾਥਣਾ ਵੀ ਅੱਜ ਕੱਲ ਬੰਦੇ ਦੀ ਪਰਖ ਕਰਕੇ ਹੀ ਬਣਦੀਆਂ ਹਨ। ਸੁਣਿਐ, ਬਾਹਰਲੇ ਦੇਸਾਂ ਵਿਚ ਤਾਂ ਇਹ ਪਰਖ ਕਈ ਕਈ ਸਾਲ ਚਲਦੀ ਰਹਿੰਦੀ ਏ।"

"ਬਾਹਰਲੇ ਮੁਲਕਾਂ ਵਿਚ ਤਾਂ ਹੋਰ ਵੀ ਬਥੇਰਾ ਕੁੱਝ ਹੋ ਰਿਹਾ ਏ।"

"ਕੀ ਮਤਲਬ ?"

"ਗਰਲਫਰੈਂਡ, ਬੁਆਏਫਰੈਂਡ ਕਲਚਰ ਪੂਰੇ ਜੋਰਾਂ ਤੇ ਹੈ। ਹੁਣ ਤਾ ਸਾਡੇ ਬੂਹਿਆਂ ਤੇ ਵੀ ਇਹ ਕਲਚਰ ਦਸਤਕ ਦੈਣ ਲੱਗ ਪਿਆ ਏ।"

" ਤੁਸੀਂ ਹੁਣ ਦੀ ਗੱਲ ਕਰਦੇ ਹੋ, ਪਹਿਲਾਂ ਵੀ ਤਾਂ ਇਹ ਸਭ ਕੁੱਝ ਚਲਦਾ ਰਿਹਾ ਏ। ਫਰਕ ਇੰਨਾ ਹੈ ਕਿ ਪਹਿਲਾਂ ਇਹ ਸਭ ਕੁੱਝ ਕਈ ਵਾਰ ਮਜ਼ਬੂਰੀ ਵਿਚ ਜਾਂ ਜਾਇਦਾਦ ਨੂੰ ਵੰਡ ਹੋਣ ਤੋਂ ਬਚਾਉਣ ਲਈ ਹੁੰਦਾ ਸੀ। ਅੱਜ ਇਹ ਸ਼ੁਗਲ ਤੇ ਫੈਸ਼ਨ ਬਣ ਗਿਆ ਏ। ਪਿੰਡਾਂ ਦੇ ਜੱਟਾਂ ਵਿਚ ਤਾਂ ਇਕ ਭਰਾ ਵਿਆਹਿਆ ਹੋਇਆ ਹੁੰਦਾ ਸੀ ਤੇ ਬਾਕੀ ਦੋ ਕੁਆਰੇ ਹੀ ਹੋਇਆ ਕਰਦੇ ਸਨ।"

" ਸ਼ਹਿਰ 'ਚ ਰਹਿੰਦੇ ਹੋਏ ਪਿੰਡਾਂ ਬਾਰੇ ਵੀ ਚੰਗੀ ਜਾਣਕਾਰੀ ਰੱਖਦੇ ਹੋ ?

"ਪਿਛੋਕੜ ਤਾਂ ਸਾਡੀ ਵੀ ਪਿੰਡ ਹੀ ਏ। ਬੀਜੀ ਦੱਸਦੇ ਹੁੰਦੇ ਹਨ ਕਿ ਸਾਡੇ ਪਿਛਲੇ ਪਿੰਡ ਵਿਚ ਅਸਾਂ ਖੱਤਰੀਆਂ ਦੇ ਸਿਰਫ ਦਸ ਕੁ ਘਰ ਹੀ ਹੋਇਆ ਕਰਦੇ ਸਾਂ। ਬਾਕੀ ਸਾਰਾ ਪਿੰਡ ਜੱਟਾਂ ਦਾ ਹੀ ਹੋਇਆ ਕਰਦਾ ਸੀ। ਮਾਂ ਦੱਸਦੀ ਹੁੰਦੀ ਸੀ ਕਿ ਪਿੰਡ ਵਿਚ ਇਕ ਬੋਤੀਆਲਿਆਂ ਦਾ ਟੱਬਰ ਹੁੰਦਾ ਸੀ। ਉਹਨਾ ਦੀ ਤੀਵੀਂ ਸੰਤੀ ਪਹਿਲਾਂ ਬਲਿਹਾਰ ਨਾਲ ਰਹੀ। ਫਿਰ ਪ੍ਰੀਤੂ ਦੇ ਘਰ ਆ ਵੜੀ। ਕਹਿੰਦੀ ਹੁੰਦੀ ਸੀ,ਕੁੜੀਮਾਰਾਂ ਦਾ ਕੈਲੂ ਫੌਜ ਵਿਚ ਭਰਤੀ ਹੋ ਗਿਆ ਸੀ। ਕਦੀ ਕਦੀ ਛੁੱਟੀ ਆਉਂਦਾ ਸੀ। ਉਸਦੀ ਘਰਵਾਲੀ ਸਿਮਰੋ ਭਾਨੀਮਾਰਾ ਦੇ ਦਲਬਾਰੇ ਨਾਲ ਹੀ ਰਹਿੰਦੀ ਸੀ। ਸਿਮਰੋ ਦਾ ਮੁੰਡਾ ਘੁੱਗਾ ਦਲਬਾਰੇ ਦੀ ਔਲਾਦ ਹੀ ਸਮਝਿਆ ਜਾਂਦਾ ਸੀ।"

"ਮੈਡਮ, ਤੁਸੀਂ ਤਾਂ ਪਿੰਡਾਂ ਦੇ ਕਲਚਰ ਦੀ ਪੂਰੀ ਨੌਲੇਜ ਰੱਖਦੇ ਹੋ। ਤੁਹਾਡੇ ਪਾਈਓ ਸਾੜ੍ਹੀ ਦੇਖ ਕੇ ਕੋਈ ਵੀ ਇਹ ਅੰਦਾਜ਼ਾ ਨਹੀਂ ਲਗਾ ਸਕਦਾ ਕਿ ਤੁਸੀਂ ਪੈਡੂ ਨਾਵਾਂ ਦੇ ਵਾਕਫ ਵੀ ਹੋਵੋਗੇ। ਤੁਸੀਂ ਤਾਂ ਪੂਰੇ ਸ਼ਹਿਰੀ ਲਗਦੇ ਹੋ।"

**"ਅਸੀ ਸ਼ਹਿਰੀ ਸਭ ਕੁੱਝ ਜਾਣਦੇ ਹੁੰਦੇ ਹਾਂ ਪਰ ਬਹੁਤਾ ਜ਼ਾਹਰ ਨਹੀਂ ਕਰਦੇ। ਦੁਕਾਨਦਾਰ ਲਾਲਿਆਂ ਨੂੰ ਪਿੰਡਾਂ ਦੇ ਬਹੁਤੇ ਟੱਬਰਾਂ ਦਾ ਪਤਾ ਹੁੰਦਾ ਏ। ਬਹੁਤ ਸਾਰੇ ਜੱਟ ਜ਼ਿਮੀਦਾਰ ਤਾਂ ਦੁਕਾਨ ਤੇ ਸੌਦਾ ਲੈਣ ਆਏ ਹੋਏ ਆਪ ਹੀ ਬਹੁਤ ਕੁੱਝ ਬੋਲ ਜਾਂਦੇ ਹਨ। ਦੁਕਾਨਦਾਰ ਸੁਣਦਾ ਸਭ ਕੁੱਝ ਰਹਿੰਦਾ ਏ। ਬੋਲਦਾ ਘੱਟ ਏ। ਘੱਟ ਬੋਲਣਾ ਹੀ ਦੁਕਾਨਦਾਰ ਦੀ ਕਾਮਯਾਬੀ ਦਾ ਰਾਜ਼ ਏ। ਵੱਧ ਬੋਲੀ ਜਾਣਾ ਜੱਟ ਦੀ ਅਸਫਲਤਾ ਦੀ ਨਿਸ਼ਾਨੀ ਏ।"**

"ਇਸਦਾ ਮਤਲਬ ਇਹ ਹੋਇਆ ਕਿ ਪਿੰਡਾਂ ਦੇ ਜੱਟਾਂ ਵਿਚ ਸਿਸਟਮ ਦੀ ਘਾਟ ਏ।"

"ਇਕੱਲੇ ਸਿਸਟਮ ਦੀ ਘਾਟ ਹੀ ਨਹੀਂ ਉਹਨਾਂ ਨੂੰ ਬਚਾਉਣਾ ਵੀ ਘੱਟ ਆਉਂਦਾ ਏ। ਸਾਡੇ ਪੜੌਸ ਵਿਚ ਇਕ ਬੜਾ ਗਰੀਬ ਲਾਲਾ ਹੋਇਆ ਕਰਦਾ ਸੀ। ਉਸ ਸਮੇਂ ਅਸੀਂ ਛੋਟੇ ਛੋਟੇ ਹੋਇਆ ਕਰਦੇ ਸਾਂ। ਉਸਨੇ ਇਕ ਛੋਟੀ ਜਿਹੀ ਦੁਕਾਨ ਖੋਲ੍ਹੀ। ਦੁਕਾਨ ਦੇ ਪਿੱਛੇ ਰੇਲਵੇ ਲਾਈਨ ਦੇ ਨਾਲ ਉਸਦੀ ਪੰਜ ਕੁ ਸੌ ਵਰਗ ਮੀਟਰ ਥਾਂ ਹੋਇਆ ਕਰਦੀ ਸੀ। ਉਸਨੇ ਮਿਹਨਤ ਕਰਕੇ ਉਹ ਆਬਾਦ ਕਰ ਲਈ । ਵਿਚ ਪਾਣੀ ਦਾ ਪ੍ਰਬੰਧ ਕਰ ਲਿਆ। ਸਬਜ਼ੀਆਂ ਦੀਆਂ ਪਨੀਰੀਆਂ ਬੀਜਣੀਆਂ ਸ਼ੁਰੂ ਕਰ ਦਿੱਤੀਆਂ। ਪਿਆਜਾਂ ਦੀ ਪਨੀਰੀ, ਟਮਾਟਰਾਂ ਦੀ ਪਨੀਰੀ, ਮਿਰਚਾਂ ਦੀ ਪਨੀਰੀ, ਬੈਂਗਣਾਂ ਦੀ ਪਨੀਰੀ ਅਤੇ ਬਾਕੀ ਸਭ ਕਿਸਮ ਦੇ ਬੀਜ ਦੁਕਾਨ ਤੇ ਰੱਖਣੇ ਸ਼ੁਰੂ ਕਰ ਦਿੱਤੇ। ਪਹਿਲੇ ਪਹਿਲ ਉਹ ਨਲਕੇ ਦਾ ਪਾਣੀ ਹੱਥ ਨਾਲ ਗੇੜ ਕੇ ਇਹ ਪਨੀਰੀ ਉਗਾਇਆ ਕਰਦਾ ਸੀ। ਫਿਰ ਨਲਕੇ ਤੇ ਬਿਜ਼ਲੀ ਦੀ ਮੋਟਰ ਲਗਾ ਲਈ। ਪਨੀਰੀ ਕਾਫੀ ਵੱਧ ਮਾਤਰਾ ਵਿਚ ਉੱਗਣੀ ਸ਼ੁਰੂ ਹੋ ਗਈ। ਵਿਕਰੀ ਵਧਣ ਲੱਗ ਪਈ। ਨਾਲ ਦੀ ਨਾਲ ਦੁਕਾਨ ਤੇ ਵੇਚਣ ਲਈ ਖਾਦਾ ਵੀ ਰੱਖਣੀਆਂ ਸ਼ੁਰੂ ਕਰ ਦਿੱਤੀਆਂ। ਫਿਰ ਖਾਦ ਦੀ ਏਜੰਸੀ ਹੀ ਲੈ ਲਈ। ਰੰਬੇ, ਦਾਤੀਆਂ, ਕਹੀਆਂ, ਹਥੌੜੇ ਆਦਿ ਵੀ ਵੇਚਣ ਲਈ ਰੱਖ ਲਏ। ਇਸ ਕਦਰ ਤਰੱਕੀ ਕਰਦਾ ਗਿਆ ਕਿ ਅੱਜ ਉਹ ਸ਼ਹਿਰ ਦਾ ਮਸ਼ਹੂਰ ਲਾਲਾ ਏ। ਪਿਛਲੀ ਚੋਣ ਵਿਚ ਉਹ ਸ਼ਹਿਰ ਦੀ ਨਗਰਪਾਲਕਾ ਦਾ ਪ੍ਰਧਾਨ ਵੀ ਰਿਹਾ ਏ । ਸੁਣਿਐ, ਥੋੜੇ ਦਿਨ ਪਹਿਲਾ ਉਸਨੂੰ ਧਮਕੀ ਭਰੀਆਂ ਚਿੱਠੀਆਂ ਵੀ ਮਿਲੀਆਂ ਹਨ। ਸ਼ਹਿਰ ਵਿਚ ਆਮ ਅਫਵਾਹ ਇਹ ਵੀ ਫੈਲੀ ਸੀ ਕਿ ਲੁਟੇਰੇ ਉਸ ਪਾਸੋਂ ਪੱਚੀ ਕੁ ਹਜ਼ਾਰ ਰੁਪਿਆ ਵੀ ਲੈ ਗਏ ਹਨ। ਹੋਰ ਪੈਸੇ ਦੀ ਮੰਗ ਵੀ ਕਰ ਰਹੇ ਹਨ। ਅੱਜ ਕੱਲ ਉਸਦੀ ਦੁਕਾਨ ਮੂਹਰੇ ਪੁਲਿਸ ਦਾ ਪਹਿਰਾ ਬੈਠਾ ਰਹਿੰਦਾ ਏ।"

"ਕਿਤੇ ਪੁਲਿਸ ਆਲੇ ਤਾਂ ਨਹੀਂ ਸ਼ਰਾਰਤ ਕਰੀ ਜਾਂਦੇ ? ਸਾਡੇ ਪਿੰਡ ਪਿੱਛੇ ਜਿਹੇ ਪੁਲਿਸ ਆਲੇ ਹੀ ਕਿਸੇ ਦੇ ਘਰ ਜਾ ਵੜੇ। ਬਾਅਦ ਵਿਚ ਹਰਾਮਜ਼ਾਦੇ ਫੜੇ ਵੀ ਗਏ। ਡੀ.ਆਈ.ਜੀ ਖੁਦ ਥਾਣੇ ਪਹੁੰਚਿਆ ਸੀ।ਤਪਤੀਸ਼ਦੀਆਂ ਸਖਤ ਹਦਾਇਤਾਂ ਜਾਰੀ ਕਰ ਦਿੱਤੀਆਂ। ਇਕ ਸਿਪਾਹੀ ਫੜਿਆ ਗਿਆ। ਉਸਨੇ ਬਾਕੀ ਦੇ ਹੋਰਾਂ ਦੇ ਨਾਮ ਵੀ ਲੈ ਦਿੱਤੇ। ਜਦ ਹਾਲਾਤ ਖਰਾਬ ਹੋਣ ਤਾਂ ਕੁੱਝ ਵੀ ਹੋ ਸਕਦਾ ਹੁੰਦਾ ਏ। ਅੱਜ ਦੇ ਹਲਾਤ ਵਿਚ ਪੁਲਸ ਆਲਿਆਂ ਨੇ ਤਾਂ ਕੋਠੀਆਂ ਪਾ ਲਈਆਂ । ਪੁਲਿਸ ਲਈ ਤਾਂ ਅੱਤਵਾਦ ਵਰਦਾਨ ਏ। ਉਹ ਤਾਂ ਇਹ ਚਾਹੁੰਦੇ ਹਨ ਕਿ ਅੱਤਵਾਦ ਬੰਦ ਹੋਵੇ ਹੀ ਨਾ। ਵਗਦੀ ਗੰਗਾ ਵਿਚ ਹਰ ਕੋਈ ਹੱਥ ਧੋ ਲੈਂਦਾ ਏ।"

"ਅਸੀਂ ਫਿਰ ਸੀਰੀਅਸ ਗੱਲਾਂ ਕਰਨ ਲੱਗ ਪਏ।"

"ਸੀਰੀਅਸ ਗੱਲਾਂ ਤਾਂ ਇਤਹਾਸ ਨਾਲ ਸੰਬੰਧਤ ਸਨ। ਹੁਣ ਤਾਂ ਅਸੀਂ ਅੱਜ ਦੇ ਹਾਲਾਤਾਂ ਬਾਰੇ ਗੱਲ ਕਰ ਰਹੇ ਹਾਂ।"

"ਮੈਂ ਤੁਹਾਡੇ ਪਰਿਵਾਰ ਬਾਰੇ ਪੁੱਛਿਆ ਸੀ । ਕਾਲਜ ਆਉਣ ਹੀ ਵਾਲਾ ਏ। ਤੁਸੀਂ ਕੁੱਝ ਦੱਸਿਆ ਹੀ ਨਹੀਂ ?"

"ਮੇਰੇ ਪਿਤਾ ਐਲ.ਆਈ.ਸੀ ਵਿਚ ਡਿਵੇਲਪਮੈਂਟ ਅਫਸਰ ਸਨ। ਹੁਣ ਰੀਟਾਇਰ ਹੋ ਗਏ ਹਨ। ਮਾਤਾ ਜੀ ਤਾਂ ਘਰੈਲੂ ਔਰਤ ਹੀ ਹਨ। ਅਸੀਂ ਦੋ ਭਰਾ ਦੋ ਭੈਣਾਂ ਹਾਂ। ਦੂਜਾ ਭਰਾ ਮੈਥੋ ਛੋਟਾ ਏ। ਭੈਣਾਂ ਦੋਨੋ ਮੈਥੋ ਵੱਡੀਆਂ ਹਨ। ਇਕ ਵਿਆਹ ਦਿੱਤੀ ਏ। ਉਸਦਾ ਘਰਵਾਲਾ ਬੈਂਕ ਵਿਚ ਕਲਕਰ ਏ। ਦੂਜੀ ਅਨਮੈਰਿਡ ਏ।"

"ਛੋਟਾ ਭਰਾ ਕੀ ਕਰਦਾ ਏ ?"

"ਉਹ ਵੀ ਕਾਲਜ ਵਿਚ ਹੀ ਪੜ੍ਹਦਾ ਏ ਮੇਰੇ ਪਾਸ ਹੀ।"

"ਉਹਨੂੰ ਵੀ ਹਿਸਟਰੀ ਵੱਲ ਨੂੰ ਹੀ ਲਾਇਆ ਹੋਇਆ ਹੈ ਜਾਂ ਕੋਈ ਚੰਗੀ ਪੜ੍ਹਾਈ ਕਰ ਰਿਹਾ ਏ ?"

"ਉਹ ਤਾਂ ਵੈਸੇ ਕਾਮਰਸ ਪੜ੍ਹਦਾ ਏ। ਤੁਸੀਂ ਹਿਸਟਰੀ ਨੂੰ ਐਂਵੇ ਹੀ ਨਿੰਦੀ ਜਾਂਦੇ ਹੋ। ਮੇਰਾ ਇਕ ਦੋਸਤ ਇੰਗਲੈਂਡ ਵਿਚ ਰਹਿੰਦਾ ਏ। ਉਹ ਕਹਿੰਦਾ ਸੀ ਕਿ ਗੋਰੇ ਹਿਸਟਰੀ ਨੂੰ ਬਹੁਤ ਵਧੀਆ ਮਜਮੂਨ ਸਮਝਦੇ ਹਨ। ਸਾਡੇ ਏਥੇ ਐਵੇਂ ਹੀ ਕਹੀ ਜਾਣਗੇ ਕਿ ਹਿਸਰਟੀ ਐਵੇਂ ਦੱਬੇ ਮੁਰਦੇ ਪੁੱਟਣਾ ਹੁੰਦੀ ਏ। ਅਗਰ ਅਸੀਂ ਆਪਣੇ ਅਤੀਤ ਨੂੰ ਨਹੀਂ ਜਾਣਦੇ ਤਾਂ ਆਪਣੇ ਭਵਿੱਖ ਨੂੰ ਚੰਗਾ ਕਿਵੇਂ ਬਣਾਵਾਂਗੇ ?"

"ਅਤੀਤ ਨੂੰ ਜਾਣਕੇ ਅਸੀਂ ਆਪਣੇ ਵਰਤਮਾਨ ਨੂੰ ਕਿੰਨਾ ਕੁ ਚੰਗਾ ਬਣਾ ਲਿਆ ਏ ? ਜਿਉਂ ਜਿਉਂ ਮਨੁੱਖ ਨੇ ਜ਼ਿਆਦਾ ਤਰੱਕੀ ਕੀਤੀ ਏ ਉਹ ਵੱਧ ਤਬਾਹੀ ਵੱਲ ਵਧਿਆ ਏ। ਇਤਹਾਸ ਵਿਚਲੀਆਂ ਲੜਾਈਆਂ ਪੜ੍ਹ ਪੜ੍ਹ ਕੇ ਅਸੀਂ ਕਿੰਨੇ ਕੁ ਸ਼ਾਂਤਮਈ ਬਣੇ ਹਾਂ ? ਮੈਨੂੰ ਤਾਂ ਇੰਜ ਲਗਦਾ ਏ ਮਨੁੱਖ ਸਮਾ ਬੀਤਣ ਨਾਲ ਵੱਧ ਜਾਨਵਰ ਬਣਿਆ ਏ। ਪੁਰਾਣੇ ਜ਼ਮਾਨਿਆ ਵਿਚ ਵੱਧ ਸਬਰ ਸੰਤੋਖ ਹੰਦਾ ਸੀ । ਅੱਜ ਕਲ ਤਾਂ ਮਨੁੱਖ ਭੁੱਖੇ ਸ਼ੇਰ ਵਾਂਗ ਹਰ ਇਕ ਨੂੰ ਖਾਣ ਨੂੰ ਫਿਰਦਾ ਏ ਦੇਸ ਭਗਤਾਂ ਨੇ ਆਜ਼ਾਦੀ ਲੈ ਕੇ ਦਿੱਤੀ ਲੀਡਰਾਂ ਨੇ ਉਸ ਆਜ਼ਾਦੀ ਦੀ ਖੇਹ ਉਡਾ ਕੇ ਰੱਖ ਦਿੱਤੀ। ਲੀਡਰ ਲੋਕ ਦੇਸ਼ ਭਗਤਾਂ ਦੀਆਂ ਸਮਾਧੀਆਂ ਤੇ ਜਾ ਕੇ ਬਸ ਸਿਆਸੀ ਰੋਟੀਆਂ ਹੀ ਸੇਕਦੇ ਹਨ। ਹਿਸਟਰੀ ਪੜ੍ਹਨ ਦਾ ਤਾਂ ਫਾਇਦਾ ਏ ਜੇ ਅਸੀਂ ਇਸਤੋਂ ਕੁੱਝ ਸਬਕ ਸਿੱਖੀਏ। ਹੁਣ ਬਥੇਰੀਆਂ ਗੱਲਾਂ ਹੋ ਗਈਆਂ ਹਨ। ਅਗਰ ਤੁਸੀਂ ਚਾਹੋ ਤਾਂ ਸ਼ਾਮ ਨੂੰ ਫਿਰ ਬਸ ਵਿਚ ਇਕੱਠੇ ਹੀ ਚਲੇ ਜਾਵਾਂਗੇ। ਬਾਕੀ ਗੱਲਾਂ ਸ਼ਾਮ ਨੂੰ ਸਹੀ। ਆਓ ਹੁਣ ਉਤਰੀਏ, ਕਾਲਜ ਆ ਗਿਆ ਏ।"

"ਓ.ਕੇ ਸਰ।"

# ਪੌਣਾਂ 'ਚੋਂ ਜ਼ਹਿਰ ਪੀ ਰਿਹਾ ਹਾਂ...



*ਏਹੋ ਹੈ ਮੇਰੀ ਮੈਅਕਸ਼ੀ, ਏਸੇ 'ਚ ਮਸਤ ਹਾਂ।*

*ਪੌਣਾਂ 'ਚੋਂ ਜ਼ਹਿਰ ਪੀ ਰਿਹਾ ਹਾਂ, ਮੈਂ ਦਰਖ਼ਤ ਹਾਂ।*

ਡਾ. ਸੁਰਜੀਤ ਪਾਤਰ ਦੀਆਂ ਲਿਖੀਆਂ ਉਪਰੋਕਤ ਸਤਰਾਂ ਮੈਨੂੰ ਇਹ ਸੋਚਣ ਲਈ ਮਜਬੂਰ ਕਰਦੀਆਂ ਹਨ ਕਿ ਜਿਹੜੀਆਂ ਪੌਣਾਂ ਭਾਵ ਹਵਾ ਸਾਨੂੰ ਜ਼ਿੰਦਾ ਰਹਿਣ ਲਈ ਸਭ ਤੋਂ ਮੁੱਢਲੇ ਰੂਪ ਵਿਚ ਲੋੜੀਂਦੀਆਂ ਹਨ, ਜਿਨ੍ਹਾਂ ਬਿਨਾਂ ਜੀਵਨ ਦੀ ਹੋਂਦ ਇਕ ਪਲ ਵੀ ਸੰਭਵ ਨਹੀਂ, ਉਹ ਆਖ਼ਿਰ ਸ਼ੁੱਧ ਕਰਕੇ ਸਾਨੂੰ ਕੌਣ, ਕਿਵੇਂ ਅਤੇ ਕਿਉਂ ਦੇ ਰਿਹਾ? ਜਵਾਬ ਬਿਲਕੁਲ ਸਾਫ਼ ਹੈ- ਰੁੱਖ-ਪੌਦੇ। ਰੁੱਖ ਅਤੇ ਮਨੁੱਖ ਦੀ ਸਾਂਝ ਮਨੁੱਖੀ ਹੋਂਦ ਜਿੰਨੀ ਪੁਰਾਣੀ ਹੈ। ਮਨੁੱਖ ਜਾਂ ਹਰ ਜਿਉਂਦੀ-ਜਾਗਦੀ ਜਿੰਦ ਲਈ ਜੰਮਣ ਤੋਂ ਮਰਨ ਤਕ ਦੀ ਹਰ ਲੋੜ ਦੀ ਪੂਰਤੀ ਲਈ ਸਿੱਧੇ ਜਾਂ ਅਸਿੱਧੇ ਰੂਪ ਵਿਚ ਰੁੱਖ ਹੀ ਹਨ, ਜੋ ਪੈਰ-ਪੈਰ 'ਤੇ ਆਪਣਾ ਯੋਗਦਾਨ ਪਾਉਂਦੇ ਹਨ, ਪਰ ਸੋਚਣ ਵਾਲੀ ਗੱਲ ਇਹ ਹੈ ਕਿ ਮਨੁੱਖ, ਰੁੱਖ ਨੂੰ ਪੇਸ਼ ਕਿਵੇਂ ਆ ਰਿਹਾ ਹੈ? ਰੁੱਖਾਂ ਦੁਆਰਾ ਛੱਡੀਆਂ-ਸਿਰਜੀਆਂ ਪੌਣਾਂ ਨੂੰ ਮਨੁੱਖ ਕਿਵੇਂ ਪਲੀਤ ਕਰ ਰਿਹਾ ਹੈ? ਅੱਜ ਲਗਪਗ ਪੂਰਾ ਵਿਸ਼ਵ ਪ੍ਰਦੂਸ਼ਿਤ ਵਾਤਾਵਰਨ ਦੇ ਦਬਾਅ ਹੇਠ ਆ ਚੁੱਕਿਆ ਹੈ। ਅਨੇਕਾਂ ਵਿਕਸਤ ਅਤੇ ਵਿਕਾਸਸ਼ੀਲ ਦੇਸ਼ਾਂ ਦੇ ਅਨੇਕਾਂ ਸ਼ਹਿਰ ਅਜਿਹੀ ਸੂਚੀ ਵਿਚ ਆ ਚੁੱਕੇ ਹਨ, ਜਿੱਥੇ ਜ਼ਹਿਰੀਲੀਆਂ ਗੈਸਾਂ ਦੀ ਮਾਤਰਾ ਆਪਣੇ ਪ੍ਰਮਾਣਿਕ ਪੱਧਰ ਤੋਂ ਕਿਤੇ ਜ਼ਿਆਦਾ ਹੈ ਤੇ ਮਨੁੱਖ ਉੱਥੇ ਆਪਣਾ ਰਹਿਣ-ਬਸੇਰਾ ਕਰ ਰਿਹਾ ਹੈ। ਜੇ ਭਾਰਤ ਜਾਂ ਫਿਰ ਪੰਜਾਬ ਦੀ ਗੱਲ ਕਰੀਏ ਤਾਂ ਅਨੇਕਾਂ ਸ਼ਹਿਰ ਪ੍ਰਦੂਸ਼ਿਤ ਸ਼ਹਿਰਾਂ ਦੀ ਸੂਚੀ ਵਿਚ ਆਪਣਾ ਨਾਮ ਦਰਜ ਕਰਵਾ ਚੁੱਕੇ ਹਨ। ਰੰਗਲੇ ਪੰਜਾਬ ਦੇ ਮੱਥੇ 'ਤੇ ਕਲੰਕ ਦਾ ਕਾਲਾ ਟਿੱਕਾ ਨਜ਼ਰੀਂ ਆਉਂਦਾ ਹੈ।

*ਜੇ ਹਵਾ ਇਹ ਰਹੀ ਕਬਰ ਉੱਤੇ ਤਾਂ ਕੀ*

*ਸਭ ਘਰਾਂ 'ਚ ਵੀ ਦੀਵੇ ਬੁਝੇ ਰਹਿਣਗੇ।*

ਪ੍ਰਦੂਸ਼ਿਤ ਹਵਾ ਦੇ ਸਿੱਟਿਆਂ ਵਜੋਂ ਧਰਤ ਉੱਪਰ ਹੁੰਦੇ ਨੁਕਸਾਨ ਨੂੰ ਵੇਖਦਿਆਂ ਮੈਨੂੰ ਪਾਤਰ ਹੋਰਾਂ ਦਾ ਇਹ ਸ਼ੇਅਰ ਵਾਤਾਵਰਨ ਵਾਲੇ ਪੱਖ ਨਾਲ ਖ਼ੂਬ ਜੁੜਦਾ ਨਜ਼ਰ ਆਉਂਦਾ ਹੈ। ਹਰ ਸਾਲ ਪ੍ਰਦੂਸ਼ਿਤ ਹਵਾ ਸਦਕਾ ਪੂਰੇ ਵਿਸ਼ਵ ਵਿਚ ਲੱਖਾਂ ਲੋਕ ਸਮੇਂ ਤੋਂ ਪਹਿਲਾਂ ਮੌਤ ਦਾ ਸ਼ਿਕਾਰ ਹੋ ਜਾਂਦੇ ਹਨ। ਲੱਖਾਂ ਲੋਕ ਆਪਣੀ ਤਮਾਮ ਉਮਰ ਬਿਮਾਰੀਆਂ ਨਾਲ ਲੜਦੇ ਗੁਜ਼ਾਰਦੇ ਹਨ। ਨਵ-ਜੰਮੇ ਬੱਚੇ ਜਾਂ ਫਿਰ ਕੁੱਖ ਵਿਚ ਸਾਹ ਲੈ ਰਹੇ ਬੱਚੇ ਵੀ ਬਿਮਾਰੀਆਂ ਤੋਂ ਬਚ ਨਹੀਂ ਪਾ ਰਹੇ। 'ਵਿਸ਼ਵ ਸਿਹਤ ਸੰਸਥਾ' ਦੇ ਅੰਕੜੇ ਹੈਰਾਨੀ ਨਾਲ ਲੂੰ ਕੰਡੇ ਖੜ੍ਹੇ ਕਰਦੇ ਹਨ ਕਿ ਮਰਨ ਵਾਲੇ ਲੱਖਾਂ ਲੋਕਾਂ ਵਿਚੋਂ ਜ਼ਿਆਦਾਤਰ ਦੀ ਗਿਣਤੀ ਭਾਰਤ ਵਿਚ ਹੈ।

ਜਦ ਪ੍ਰਦੂਸ਼ਣ ਦੇ ਕਾਰਨਾਂ ਦੀ ਗੱਲ ਚੱਲਦੀ ਹੈ ਤਾਂ ਖ਼ਾਸ ਕਰ ਹਵਾ ਦੇ ਪ੍ਰਦੂਸ਼ਣ ਦੇ ਸਬੰਧ ਵਿਚ ਸਭ ਤੋਂ ਪਹਿਲਾਂ ਉਂਗਲ ਪੰਜਾਬ ਦੀ ਕਿਸਾਨੀ ਵੱਲ ਚੁੱਕੀ ਜਾਂਦੀ ਹੈ ਕਿ ਉਹ ਹਾੜ੍ਹੀ-ਸਾਉਣੀ ਪਰਾਲੀ ਨੂੰ ਅੱਗ ਲਾ ਕੇ ਹਵਾ ਨੂੰ ਪ੍ਰਦੂਸ਼ਿਤ ਕਰਨ ਵਿਚ ਸਭ ਤੋਂ ਮੋਹਰੀ ਹਨ ਜਾਂ ਫਿਰ ਫੈਕਟਰੀਆਂ-ਕਾਰਖਾਨਿਆਂ ਵਾਲਿਆਂ ਦਾ ਨਾਮ ਲਿਆ ਜਾਂਦਾ ਹੈ, ਪਰ ਕੁਝ ਲੋਕ ਇਹ ਗੱਲ ਭੁੱਲ ਜਾਂਦੇ ਹਨ ਕਿ ਹਵਾ ਪ੍ਰਦੂਸ਼ਣ ਫੈਲਾਉਣ ਵਿਚ ਸਾਡੇ ਟਰਾਂਸਪੋਰਟ ਸੈਕਟਰ ਅਤੇ ਵਾਹਨ ਪ੍ਰਦੂਸ਼ਣ ਦਾ ਸਭ ਤੋਂ ਵੱਡਾ ਯੋਗਦਾਨ ਹੈ। ਲੱਖਾਂ ਦੀ ਗਿਣਤੀ ਵਿਚ ਸੜਕਾਂ ਉੱਪਰ ਦਿਨ-ਰਾਤ ਦੌੜ ਰਹੇ ਵਾਹਨਾਂ ਦਾ ਧੂੰਆਂ ਮਨੁੱਖੀ ਜ਼ਿੰਦਗੀ ਲਈ ਬੇਹੱਦ ਘਾਤਕ ਹੈ।

ਘਰਾਂ ਤੋਂ ਬਾਹਰ ਸਾਡੇ ਆਸ-ਪਾਸ ਰੁਮਕਦੀਆਂ ਪਲੀਤ ਹੋਈਆਂ ਪੌਣਾਂ ਸਾਡੀ ਜ਼ਿੰਦਗੀ ਦਾ ਅਹਿਮ ਹਿੱਸਾ ਬਣ ਚੁੱਕੀਆਂ ਹਨ। ਬਾਹਰੀ ਪ੍ਰਦੂਸ਼ਣ ਤਾਂ ਹਰ ਰੋਜ਼ ਅਖ਼ਬਾਰਾਂ, ਟੀ.ਵੀ. ਅਤੇ ਸੋਸ਼ਲ ਮੀਡੀਆ ਦੀਆਂ ਸੁਰਖੀਆਂ ਵਿਚ ਰਹਿੰਦਾ ਹੈ, ਪਰ ਇਨਡੋਰ ਭਾਵ ਘਰਾਂ ਜਾਂ ਇਮਾਰਤਾਂ ਦੇ ਅੰਦਰਲਾ ਪ੍ਰਦੂਸ਼ਣ ਬੇਹੱਦ ਘਾਤਕ ਹੈ, ਜਿਸ ਦੀ ਚਰਚਾ ਹੀ ਬਹੁਤ ਘੱਟ ਛਿੜਦੀ ਹੈ। ਸਾਡੀ ਜ਼ਿੰਦਗੀ ਦੇ ਅਹਿਮ ਹਿੱਸੇ ਬਣ ਚੁੱਕੇ ਅਨੇਕਾਂ ਯੰਤਰ-ਉਪਕਰਣ ਸਾਡੀ ਸੁਖ-ਸੁਵਿਧਾ ਦੀ ਬਜਾਏ ਮੌਤ ਦਾ ਰਾਹ ਪੱਧਰਾ ਕਰ ਰਹੇ ਹਨ। ਹਰ ਘਰ ਜਾਂ ਇਮਾਰਤਾਂ ਅੰਦਰ ਦਿਨ-ਰਾਤ ਚੱਲਦੇ ਫਰਿਜ, ਏ.ਸੀ., ਖਾਣਾ ਪਕਾਉਣ ਦੇ ਅਨੇਕਾਂ ਯੰਤਰ ਜ਼ਹਿਰੀਲੀਆਂ ਗੈਸਾਂ ਛੱਡਦੇ ਹਨ। ਘਰਾਂ ਵਿਚ ਸਫ਼ਾਈ ਲਈ ਵਰਤੇ ਜਾਂਦੇ ਅਨੇਕਾਂ ਰਸਾਇਣਕ ਪਦਾਰਥ, ਖ਼ੂਬਸੂਰਤੀ ਵਧਾਉਣ ਲਈ ਵਰਤੇ ਜਾਂਦੇ ਅਨੇਕਾਂ ਤਰ੍ਹਾਂ ਦੇ ਡੀਓ, ਸਪਰੇਅ, ਏਅਰ ਫਰੈੱਸ਼ਨਰ ਤੇ ਘਰਾਂ ਅੰਦਰਲੀ ਲੱਕੜ 'ਤੇ ਵਰਤੇ ਜਾਂਦੇ ਪੇਂਟ, ਪਾਲਿਸ਼, ਥਿਨਰ ਆਦਿ ਸਭ ਅੰਦਰੂਨੀ ਹਵਾ ਨੂੰ ਬੇਹੱਦ ਖ਼ਰਾਬ ਕਰਦੇ ਹਨ, ਉਪਰੋਂ ਅੱਜ-ਕੱਲ੍ਹ ਘਰਾਂ ਵਿਚ ਸ਼ੀਸ਼ੇ ਆਦਿ ਦੀ ਲੋੜ ਤੋਂ ਜ਼ਿਆਦਾ ਵਰਤੋਂ ਕਰਨ ਸਦਕਾ ਘਰ ਘੱਟ ਡੱਬੇ ਜ਼ਿਆਦਾ ਬਣਾ ਰਹੇ ਹਾਂ, ਜਿਨ੍ਹਾਂ ਵਿਚੋਂ ਹਵਾ ਦਾ ਅਦਾਨ-ਪ੍ਰਦਾਨ ਘੱਟ ਹੋਣ ਨਾਲ ਅਸੀਂ ਗੰਭੀਰ ਬਿਮਾਰੀਆਂ ਦੀ ਪਕੜ ਵਿਚ ਆ ਰਹੇ ਹਾਂ।

ਦਰਅਸਲ, ਤਰੱਕੀ ਦੇ ਨਾਮ ਹੇਠ ਮਨੁੱਖ ਕੁਦਰਤ ਤੋਂ ਦੂਰ ਹੁੰਦਾ ਜਾ ਰਿਹਾ ਹੈ। ਲੋੜੋਂ ਵੱਧ ਮਸ਼ੀਨੀਕਰਨ ਨੇ ਮਨੁੱਖ ਦੀ ਜੀਵਨ-ਜਾਚ ਤਾਂ ਬਦਲੀ ਹੀ ਹੈ, ਇਸ ਦੇ ਨਾਲ-ਨਾਲ ਮਾਨਸਿਕ ਤੇ ਸਰੀਰਿਕ ਬਦਲਾਅ ਬਹੁਤ ਜ਼ਿਆਦਾ ਕੀਤੇ, ਜੋ ਲਾਭਕਾਰੀ ਨਹੀਂ ਹਨ। ਮਨੁੱਖੀ ਕਾਰਜਾਂ ਸਦਕਾ ਸਾਡੇ ਆਸ-ਪਾਸ ਬੇਹੱਦ ਜ਼ਿਆਦਾ ਗਰੀਨ ਹਾਊਸ ਗੈਸਾਂ ਵਿਚ ਵਾਧਾ ਹੋਇਆ, ਜਿਸ ਦੇ ਸਿੱਟੇ ਵਜੋਂ ਵਿਸ਼ਵ ਪੱਧਰ 'ਤੇ ਤਬਦੀਲੀਆਂ ਆਉਣੀਆਂ ਸ਼ੁਰੂ ਹੋ ਗਈਆਂ ਹਨ, ਜਿਨ੍ਹਾਂ ਵਿਚੋਂ ਸਭ ਤੋਂ ਵੱਡੀ ਤਬਦੀਲੀ ਤਾਪਮਾਨ ਦਾ ਵਧਣਾ ਹੈ, ਜੋ ਮਨੁੱਖਤਾ ਦੀ ਹੋਂਦ ਲਈ ਖ਼ਤਰਾ ਬਣ ਕੇ ਖੜ੍ਹਾ ਹੋ ਰਿਹਾ ਹੈ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਮੁਸ਼ਕਿਲਾਂ ਦੀ ਚਰਚਾ ਤਾਂ ਅਸੀਂ ਅਕਸਰ ਆਪਣੀ ਰੋਜ਼ਮਰਾ ਜ਼ਿੰਦਗੀ ਵਿਚ ਕਰਦੇ ਰਹਿੰਦੇ ਹਾਂ, ਪਰ ਹੱਲ ਕੀ ਹੈ? ਬੰਦੇ ਦੁਆਰਾ ਸਹੇੜੇ ਦੁੱਖਾਂ ਦੀ ਦਾਰੂ ਕੀ ਹੈ?

*ਰੁੱਖ ਬੋਲ ਨਾ ਸਕਦੇ ਭਾਵੇਂ*

*ਬੰਦਿਆਂ ਦਾ ਦੁੱਖ ਜਾਣਦੇ।*

ਇਸ ਵਿਚ ਕੋਈ ਸ਼ੱਕ ਨਹੀਂ ਕਿ ਰੁੱਖ ਭਾਵੇਂ ਬੋਲ ਤਾਂ ਨਹੀਂ ਸਕਦੇ, ਪਰ ਸਾਡੇ ਹਰ ਸਵਾਲ ਦਾ ਜਵਾਬ ਜ਼ਰੂਰ ਹਨ, ਸਾਡੇ ਹਰ ਦੁੱਖ ਦਾ ਦਾਰੂ ਹਨ। ਕੁਝ ਲੋਕਾਂ ਦਾ ਤੱਥ ਤਾਂ ਇਹ ਵੀ ਹੈ ਕਿ ਮਨੁੱਖ ਦੀ ਉਤਪਤੀ ਵਿਚ ਰੁੱਖਾਂ-ਪੌਦਿਆਂ ਦਾ ਹੱਥ ਹੀ ਨਹੀਂ, ਬਲਕਿ ਮਨੁੱਖ ਦੇ ਵਿਕਾਸ ਦੀ ਯਾਤਰਾ ਦਾ ਆਰੰਭ ਹੋਇਆ ਹੀ ਰੁੱਖ ਤੋਂ ਹੈ। ਸੁਣਨ ਵਿਚ ਆਉਂਦਾ ਹੈ ਕਿ ਜਦੋਂ ਤਕਰੀਬਨ 65 ਮਿਲੀਅਨ ਸਾਲ (650 ਲੱਖ ਸਾਲ) ਪਹਿਲਾਂ ਡਾਇਨਾਸੋਰ ਖ਼ਤਮ ਹੋਏ ਤਾਂ ਇਹ ਚੂਹੇ ਵਰਗੇ ਜੀਵ ਨੇ, ਜਿਸ ਨੂੰ ਅਸੀਂ ਹੁਣ 'ਪਰੋਸਿਮਿਅਨ' ਕਹਿੰਦੇ ਹਾਂ ਧਰਤੀ ਛੱਡ ਕੇ ਰੁੱਖ ਉੱਪਰ ਰਹਿਣਾ ਸ਼ੁਰੂ ਕਰ ਦਿੱਤਾ। ਲੱਖਾਂ ਸਾਲਾਂ ਬਾਅਦ ਉਹ ਪਰੋਸਿਮਿਅਨ ਤੋਂ ਸਿਮਿਅਨ ਦੇ ਰੂਪ ਵਿਚ ਮਨੁੱਖ ਦਾ ਪਿੱਤਰ ਬਣਿਆ। ਉਨ੍ਹਾਂ ਲੱਖਾਂ ਸਾਲਾਂ ਵਿਚ ਉਸ ਚੂਹੇ ਰੂਪੀ ਜੀਵ ਦੀਆਂ ਸਰੀਰਿਕ ਅਤੇ ਮਾਨਸਿਕ ਤਬਦੀਲੀਆਂ ਜਿਵੇਂ ਕਿ ਸਰੀਰ ਦਾ ਬਣਨਾ, ਹੱਥਾਂ-ਪੈਰਾਂ ਆਦਿ ਦੀ ਬਣਤਰ, ਉਸ ਰੁੱਖ ਦੇ ਪ੍ਰਭਾਵ ਹੇਠ ਹੋਈ। ਉਸ ਦੇ ਨਾਲ-ਨਾਲ ਮੁੱਢਲੀਆਂ ਲੋੜਾਂ ਸਾਹ ਲੈਣ ਲਈ ਸ਼ੁੱਧ ਹਵਾ, ਪੀਣ ਲਈ ਪਾਣੀ ਅਤੇ ਭੋਜਨ ਆਦਿ ਸਭ ਮਨੁੱਖੀ ਹੋਂਦ ਤੋਂ ਅੱਜ ਤਕ ਸਿੱਧੇ ਜਾਂ ਅਸਿੱਧੇ ਤੌਰ 'ਤੇ ਰੁੱਖ-ਪੌਦਿਆਂ ਤੋਂ ਹੀ ਪ੍ਰਾਪਤ ਹੁੰਦੀਆਂ ਹਨ। ਮਨੁੱਖੀ ਜੀਵਨ ਦੀ ਹੋਂਦ ਰੁੱਖਾਂ ਦੀ ਹੋਂਦ ਨਾਲ ਸਿੱਧੇ ਅਤੇ ਸਪੱਸ਼ਟ ਰੂਪ ਵਿਚ ਜੁੜੀ ਹੋਈ ਹੈ।

ਅਫ਼ਸੋਸ ਐਨੇ ਕੁਝ ਤੋਂ ਜਾਣੂੰ ਹੋਣ ਦੇ ਬਾਵਜੂਦ ਮਨੁੱਖ ਰੁੱਖ-ਪੌਦਿਆਂ ਦੀ ਅਹਿਮੀਅਤ ਬਰਕਰਾਰ ਨਾ ਰੱਖਦੇ ਹੋਏ ਕੁਦਰਤ ਤੋਂ ਦੂਰ ਹੋ ਰਿਹਾ ਹੈ। ਰੁੱਖ-ਪੌਦਿਆਂ ਦੀ ਹੋਂਦ ਸਿਰਫ਼ ਮਨੁੱਖੀ ਹੋਂਦ ਲਈ ਹੀ ਜ਼ਰੂਰੀ ਨਹੀਂ, ਬਲਕਿ ਬ੍ਰਹਿਮੰਡ ਵਿਚ ਵਸਦੀਆਂ ਚੁਰਾਸੀ ਲੱਖ ਜੂਨਾਂ ਦਾ ਜੀਵਨ ਵੀ ਕੁਦਰਤੀ ਨਿਆਮਤਾਂ ਉੱਪਰ ਹੀ ਨਿਰਭਰ ਹੈ, ਪਰ ਮਨੁੱਖ ਨੇ ਆਪਣੀਆਂ ਸੁਖ-ਸਹੂਲਤਾਂ ਵਧਾਉਣ ਲਈ ਕੁਦਰਤ ਨਾਲ ਖਿਲਵਾੜ ਕਰਦਿਆਂ ਬਾਕੀ ਸਭ ਜੂਨਾਂ ਨੂੰ ਵੀ ਸੂਲੀ ਟੰਗ ਰੱਖਿਆ ਹੈ। ਵਿਸ਼ਵ ਪੱਧਰ 'ਤੇ ਜੈਵਿਕ ਵਿਭਿੰਨਤਾ ਖ਼ਤਰੇ ਹੇਠ ਹੈ। ਕੁਦਰਤੀ ਜੰਗਲਾਂ ਨੂੰ ਖ਼ਤਮ ਕਰ ਕੇ ਕੰਕਰੀਟ ਦੇ ਜੰਗਲਾਂ ਵਿਚ ਸੁਖਾਲੇ ਜੀਵਨ ਦੀ ਕਲਪਨਾ ਕਰਨਾ ਕੋਈ ਵੱਡੀ ਸਿਆਣਪ ਵਾਲੀ ਗੱਲ ਨਹੀਂ ਹੈ।

ਸ਼ੁੱਧ ਤੇ ਤਾਜ਼ੀ ਹਵਾ ਦੀ ਪ੍ਰਾਪਤੀ ਲਈ ਵੰਨ-ਸੁਵੰਨੇ ਰੁੱਖ ਪੌਦੇ ਲਾਉਣੇ ਲਾਜ਼ਮੀ ਹਨ, ਪਰ ਇਸ ਦੇ ਨਾਲ-ਨਾਲ ਉਨ੍ਹਾਂ ਦੀ ਸਾਂਭ-ਸੰਭਾਲ ਉਸ ਤੋਂ ਵੀ ਜ਼ਰੂਰੀ ਹੈ। ਰੁੱਖ ਪੌਦੇ ਲਾਉਣ ਤੋਂ ਪਹਿਲਾਂ ਉਨ੍ਹਾਂ ਬਾਰੇ ਜਾਣਕਾਰੀ ਹੋਣੀ ਲਾਜ਼ਮੀ ਹੈ, ਜਿਸ ਉਪਰੰਤ ਧਰਤੀ ਉੱਪਰ ਲਾਉਣ ਤੋਂ ਪਹਿਲਾਂ ਵਿਉਂਤਬੰਦੀ ਕਰਨੀ ਵੀ ਬੇਹੱਦ ਲਾਜ਼ਮੀ ਹੈ।

**ਡਾ. ਬਲਵਿੰਦਰ ਸਿੰਘ ਲੱਖੇਵਾਲੀ**

ਘਰਾਂ ਦੇ ਅੰਦਰੂਨੀ ਮਾਹੌਲ ਨੂੰ ਸਾਫ਼ ਤੇ ਸ਼ੁੱਧ ਰੱਖਣ ਲਈ ਪੌਦਿਆਂ ਨੂੰ ਗਮਲਿਆਂ ਵਿਚ ਲਾ ਕੇ ਰੱਖਿਆ ਜਾ ਸਕਦਾ ਹੈ। ਜ਼ਹਿਰੀਲੀਆਂ ਗੈਸਾਂ ਦੇ ਪ੍ਰਭਾਵ ਨੂੰ ਘੱਟ ਕਰਨ ਲਈ ਕਈ ਕਿਸਮਾਂ ਦੇ ਪੌਦੇ ਘਰਾਂ ਅੰਦਰ ਰੱਖੇ ਜਾ ਸਕਦੇ ਹਨ। ਅਨੇਕਾਂ ਕਿਸਮਾਂ ਵਿਚੋਂ ਅਰੀਕਾ ਪਾਮ, ਮਨੀ ਪਲਾਂਟ, ਪੀਸ ਲਿੱਲੀ, ਸਨੇਕ ਪਲਾਂਟ, ਫਰਨ, ਡਰਾਈਸੀਨਾ, ਰਬੜ ਪਲਾਂਟ, ਫਾਈਕਸ ਆਦਿ ਮੁੱਖ ਰੂਪ ਵਿਚ ਹਨ, ਜੋ ਘਰਾਂ ਅੰਦਰ ਛਾਂ ਵਾਲੇ ਸਥਾਨਾਂ 'ਤੇ ਰੱਖੇ ਜਾ ਸਕਦੇ ਹਨ।

ਘਰਾਂ ਤੋਂ ਬਾਹਰ ਖੁੱਲ੍ਹੇ ਸਥਾਨਾਂ 'ਤੇ ਲਾਉਣ ਲਈ ਸਾਡੇ ਕੋਲ ਅਨੇਕਾਂ ਵੰਨਗੀਆਂ ਦੇ ਰੁੱਖ ਹਨ, ਜੋ ਅਨੇਕਾਂ ਤਰ੍ਹਾਂ ਨਾਲ ਸਾਡੇ ਲਈ ਸਹਾਈ ਹੋ ਨਿਬੜਦੇ ਹੈ। ਜਿਵੇਂ ਨਿੰਮ, ਪਿੱਪਲ, ਅੰਬ, ਇਮਲੀ, ਅਸ਼ੋਕਾ, ਸੁਖਚੈਨ, ਮੌਲਸਰੀ, ਅਮਲਤਾਸ, ਸੱਤਪਰੀਆ, ਟਾਹਲੀ ਆਦਿ ਹਵਾ ਪ੍ਰਦੂਸ਼ਣ ਦੇ ਸੰਦਰਭ ਵਿਚ ਸਹਾਈ ਹੁੰਦੇ ਹਨ। ਧਰਤੀ ਦੀ ਕੁੱਖੋਂ ਉਪਜਿਆ ਹਰ ਰੁੱਖ ਪੌਦਾ ਮਨੁੱਖ ਅਤੇ ਹੋਰਨਾਂ ਜੀਵਾਂ ਲਈ ਅਨੇਕਾਂ ਪੱਖਾਂ ਤੋਂ ਸਹਾਈ ਹੋ ਨਿਬੜਦਾ ਹੈ। ਉਦਾਹਰਣ ਵਜੋਂ ਅੰਬ ਦਾ ਰੁੱਖ ਫ਼ਲ, ਛਾਂ, ਦਵਾਈਆਂ ਦੇਣ ਦੇ ਨਾਲ-ਨਾਲ ਪੰਛੀਆਂ ਲਈ ਰਹਿਣ- ਬਸੇਰੇ ਅਤੇ ਸ਼ੁੱਧ ਹਵਾ ਦੀ ਪ੍ਰਾਪਤੀ ਵਿਚ ਆਪਣਾ ਖ਼ੂਬ ਯੋਗਦਾਨ ਪਾਉਂਦਾ ਹੈ।

ਕੁੱਲ ਮਿਲਾ ਕੇ ਗੱਲ ਬਿਲਕੁਲ ਸਾਫ਼ ਹੈ ਕਿ ਜੇਕਰ ਰੁੱਖ ਹੈ ਤਾਂ ਮਨੁੱਖ ਹਨ। ਦਿਨ-ਬ-ਦਿਨ ਵਧ ਰਹੇ ਪ੍ਰਦੂਸ਼ਿਤ ਮਾਹੌਲ ਵਿਚ ਰੁੱਖ-ਪੌਦਿਆਂ ਨਾਲ ਨੇੜਤਾ ਹੋਣੀ ਹੋਰ ਵੀ ਲਾਜ਼ਮੀ ਹੋ ਜਾਂਦੀ ਹੈ। ਸਾਨੂੰ ਇਹ ਗੱਲ ਸਮਝਣੀ ਚਾਹੀਦੀ ਹੈ ਕਿ ਧਰਤ 'ਤੇ ਸਿਰਫ਼ ਮਨੁੱਖ ਦਾ ਕਬਜ਼ਾ ਨਹੀਂ ਹੈ। ਇਹ ਧਰਤ ਸਮੁੱਚੇ ਜੀਵ-ਜੰਤੂਆਂ ਦੀ ਸਾਂਝੀ ਹੈ। ਇਸ ਦੀ ਖ਼ੂਬਸੂਰਤੀ ਤੇ ਸਭ ਜੀਵ-ਜੰਤੂਆਂ ਦੀ ਭਲਾਈ ਰੁੱਖਾਂ-ਪੌਦਿਆਂ ਨਾਲ ਹੀ ਸੰਭਵ ਹੈ। ਜੇਕਰ ਅਸੀਂ ਰੱਬ ਨੂੰ ਮੰਨਦੇ ਹਾਂ ਤਾਂ ਰੱਬ ਇਨ੍ਹਾਂ ਬਿਰਖਾਂ-ਬੂਟਿਆਂ ਵਿਚ ਵਸਦਾ ਹੈ ਤੇ ਇਨ੍ਹਾਂ ਦੀ ਸਾਂਭ-ਸੰਭਾਲ ਕਰਨੀ ਸਾਡਾ ਮੁੱਢਲਾ ਫਰਜ਼ ਹੋਣਾ ਚਾਹੀਦਾ ਹੈ ਤਾਂ ਜੋ ਬ੍ਰਹਿਮੰਡ ਵਿਚ ਵਸਦੇ ਸਭ ਜੀਵ-ਜੰਤੂ ਆਪਣਾ ਜੀਵਨ ਸੁਖਮਈ ਬਤੀਤ ਕਰ ਸਕਣ।

Waratah
Estate Agents

# NOW IN AUSTRALIA'S 'COOL CAPITAL'!



## YES! WE NOW HAVE AN OFFICE IN

# CANBERRA

**AND WE ARE EXCITED TO EXTEND OUR SALES AND PROPERTY MANAGEMENT SERVICES TO ACT.**

---

It's a proud moment for us as we expand our presence in Australia's national capital to provide services to our investors both in Sydney and Canberra.

Located at G13/35 Fuzer Street, Phillip, ACT

G13/35 Fuzer Street, Phillip ACT 2606
4 Tulloch Street, Blacktown NSW 2148
235 Elara Boulevard, Marsden Park NSW 2765

02 9131 2030
waratahestateagents.com.au
canberra@waratahestateagents.com.au

AGENCY OF THE YEAR
2018 & 2019 SCHOFIELDS
2018 & 2020 MARSDEN PARK